ਮੁੱਖ ਸੰਪਾਦਕ
ਡਾ. ਭਾਈ ਪਰਮਜੀਤ ਸਿੰਘ

ਸੰਪਾਦਕ
ਸੁਰਿੰਦਰ ਸਿੰਘ

Email: garjdisaver@rediffmail.com

ਪੰਦਰਵਾੜਾ

# ਗਰਜਦੀ ਸਵੇਰ

स्वयमेव मृगेन्द्रता

FORTNIGHTYLY GARJDI SAVER,PATIALA

ਪਟਿਆਲਾ

ਡਾ. ਹੈਡਗੇਵਾਰ ਕਲੀਨਿਕ ਅਤੇ ਆਯੁਰਵੈਦਿਕ ਮੈਡੀਸਨ ਸੈਂਟਰ
ਚਮੜੀ ਰੋਗਾਂ ਦੇ ਮਾਹਿਰ
ਡਾ. ਭਾਈ ਪਰਮਜੀਤ ਸਿੰਘ
ਬੀ.ਏ.ਐਮ.ਐਸ.
ਅਨਾਰਦਾਨਾ ਚੌਂਕ,
ਪਟਿਆਲਾ-147001
ਫੋਨ: 0175-2216759,
ਫੈਕਸ: 0175-2301152
ਮੋਬਾਇਲ: 9317767647

ਆਰ.ਐਨ.ਆਈ. ਨੰ: 042481/86 | ਅੰਕ : 01 | ਸਾਲ : 37 | 01 ਜਨਵਰੀ 2022 | ਦਿਨ : ਸਨਿੱਚਰਵਾਰ | ਮੁੱਲ: 2:00 ਰੁਪਏ | Regd. PTA/0091/2021-2023

## ਵਿਰੋਧੀਆਂ ਦੇ ਖੋਖਲੇ ਵਾਅਦੇ ਪੰਜਾਬ ਨੂੰ ਖੁਸ਼ਹਾਲ ਸੂਬਾ ਨਹੀਂ ਬਣਾ ਸਕਦੇ : ਨਵਜੋਤ ਸਿੱਧੂ



ਅਮਲੋਹ , (ਪੱਤਰ ਪ੍ਰੇਰਕ)- ਅਮਲੋਹ ਵਿਖੇ ਇਕ ਸਮਾਗਮ 'ਚ ਬੋਲਦਿਆਂ ਪੰਜਾਬ ਪ੍ਰਦੇਸ ਕਾਂਗਰਸ ਪ੍ਰਧਾਨ ਸ. ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਮਾਡਲ ਦਾ ਉਦੇਸ ਲੋਕਾਂ ਦੀ ਭਲਾਈ ਹੈ। ਇਹ ਮਾਡਲ ਸੂਬੇ ਦੇ ਸਰੋਤਾਂ ਦੀ ਸਹਾਇਤਾ 'ਤੇ ਆਧਾਰਿਤ ਹੈ। ਉਨ੍ਹਾਂ ਟਿੱਪਣੀ ਕੀਤੀ ਕਿ ਸਹੀ ਮਾਇਨਿਆਂ ਵਿਚ ਲੋਕਾਂ ਦੀ ਭਲਾਈ ਰਾਜ ਦੇ ਸਰੋਤਾਂ ਦੁਆਰਾ ਕੀਤੀ ਜਾਂਦੀ ਹੈ, ਇਹ ਭਾਰਤ ਵਰਗੇ ਸੰਵਿਧਾਨਕ ਲੋਕਤੰਤਰ ਦੀ ਸਮਾਜਿਕ ਵਚਨਬੱਧਤਾ ਵੀ ਹੈ। ਸੂਬੇ ਦੇ ਟੀਚਿਆਂ ਨੂੰ ਸਹੀ ਨੀਤੀ ਅਤੇ ਰੋਡਮੈਪ ਰਾਹੀਂ ਪੂਰਾ ਕੀਤਾ ਜਾਣਾ ਚਾਹੀਦਾ ਹੈ, ਜੋ 'ਪੰਜਾਬ ਮਾਡਲ' ਹੈ। ਵਿਰੋਧੀਆਂ ਦੇ ਖੋਖਲੇ ਵਾਅਦੇ ਪੰਜਾਬ ਨੂੰ ਖੁਸਹਾਲ ਸੂਬਾ ਨਹੀਂ ਬਣਾ ਸਕਦੇ।ਕਿਸਾਨਾਂ ਦੇ ਮੁੱਦੇ 'ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੇ ਸੰਕਟ ਦਾ ਹੱਲ ਕਿਸਾਨਾਂ ਦੀ ਆਮਦਨ ਹੈ ਅਤੇ ਘੱਟੋ-ਘੱਟ ਸਮਰਥਨ ਮੁੱਲ 'ਤੇ ਖੇਤੀ ਉਤਪਾਦਾਂ ਦੀ ਖਰੀਦ ਕਿਸਾਨਾਂ ਦਾ ਅਧਿਕਾਰ ਹੈ। ਉਨ੍ਹਾਂ ਦਾ 'ਪੰਜਾਬ ਮਾਡਲ' ਇਸ ਮਾਮਲੇ ਵਿਚ ਕਿਸਾਨਾਂ ਦੇ ਨਾਲ ਖੜ੍ਹਾ ਹੈ। ਇਸ ਤੋਂ ਇਲਾਵਾ ਉਨ੍ਹਾਂ ਫ਼ਸਲੀ ਵਿਭਿੰਨਤਾ ਨੀਤੀ ਬਾਰੇ ਗੱਲ ਕਰਦਿਆਂ ਕਿਹਾ ਕਿ ਦੇਸ ਅਜੇ ਵੀ ਪ੍ਰਤੀ ਸਾਲ 80,000 ਕਰੋੜ ਰੁਪਏ ਦੀਆਂ ਦਾਲਾਂ ਅਤੇ ਤੇਲ ਬੀਜ ਦਰਾਮਦ ਕਰ ਰਿਹਾ ਹੈ, ਇਸ ਖੱਪੇ ਨੂੰ ਪੰਜਾਬ ਦੇ ਕਿਸਾਨਾਂ ਰਾਹੀਂ ਪੂਰਾ ਕੀਤਾ ਜਾਣਾ ਚਾਹੀਦਾ ਹੈ।

## ਦਿੱਲੀ ਸੰਘਰਸ 'ਚ ਯੋਗਦਾਨ ਪਾਉਣ ਵਾਲੇ ਕਿਸਾਨ ਆਗੂਆਂ ਦਾ ਸਨਮਾਨ

ਖਮਾਣੋਂ, (ਪੱਤਰ ਪ੍ਰੇਰਕ)-ਮਾਰਕੀਟ ਕਮੇਟੀ ਖਮਾਣੋਂ ਦੇ ਸਾਬਕਾ ਚੇਅਰਮੈਨ ਗੁਰਦੀਪ ਸਿੰਘ ਘੁਮਾਣ ਸਾਬਕਾ ਪ੍ਰਧਾਨ ਸ੍ਰੋਮਣੀ ਅਕਾਲੀ ਦਲ ਕਿਸਾਨ ਵਿੰਗ ਵਲੋਂ ਦਿੱਲੀ ਸੰਘਰਸ 'ਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਕਸਮੀਰਾ ਸਿੰਘ ਜਟਾਣਾ ਉੱਚਾ, ਗੁਰਦੀਪ ਸਿੰਘ ਜਟਾਣਾ ਉੱਚਾ ਅਤੇ ਮੇਜਰ ਸਿੰਘ ਬਰਵਾਲੀ ਨੂੰ ਵਿਸੇਸ ਤੌਰ ਉੱਤੇ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ . ਜਥੇ. ਘੁਮਾਣ ਤੇ ਹੋਰਨਾਂ ਆਗੂਆਂ ਨੇ ਕਿਸਾਨ ਸੰਘਰਸ 'ਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਉਕਤ ਆਗੂਆਂ ਦੀ ਸਲਾਘਾ ਕਰਦਿਆਂ ਕਿਹਾ ਕਿ ਉਕਤ ਆਗੂ ਪਿਛਲੇ ਸਾਲ ਤੋਂ ਹੀ ਕਿਸਾਨ ਸੰਘਰਸ 'ਚ ਪੂਰੀ ਤਰ੍ਹਾਂ ਨਾਲ ਡਟੇ ਹੋਏ ਹਨ

# ਕੈਪਟਨ 'ਤੇ ਬਾਦਲਾਂ 'ਤੇ ਵਰ੍ਹੇ ਮੁੱਖ ਮੰਤਰੀ ਚੰਨੀ, ਕਿਹਾ - ਰਲ਼ ਕੇ ਚੱਲਦੇ ਸੀ ਚਾਚਾ-ਭਤੀਜਾ

ਘਨੌਰ , (ਪੱਤਰ ਪ੍ਰੇਰਕ)- ਕੈਪਟਨ ਅਮਰਿੰਦਰ ਸਿੰਘ ਬਾਦਲਾਂ ਨਾਲ ਹੀ ਰਿਸ਼ਤੇ ਨਿਭਾਉਂਦੇ ਰਹੇ ਹਨ। ਜਿੰਨਾ ਚਿਰ ਅਕਾਲੀ ਦਲ 'ਚ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਵਰਗੇ ਆਗੂ ਹਨ, ਉਨੀ ਦੇਰ ਅਕਾਲੀ ਦਲ ਦੁਬਾਰਾ ਸੱਤਾ 'ਚ ਨਹੀਂ ਆ ਸਕਦਾ। ਇਹ ਪ੍ਰਗਟਾਵਾ ਘਨੌਰ ਵਿਖੇ ਰੈਲੀ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕੀਤਾ। ਮੁੱਖ ਮੰਤਰੀ ਨੇ ਬਿਕਰਮ ਸਿੰਘ ਮਜੀਠੀਆ ਨੂੰ ਨਸ਼ਿਆਂ ਦਾ ਬਰਾਂਡ ਗਰਦਾਨਦਿਆਂ ਕਿਹਾ ਕਿ ਮਜੀਠੀਆ ਇੰਨੇ ਸਾਲ ਇਸ ਲਈ ਬਚਿਆ ਰਿਹਾ ਹੈ ਕਿਉਂਕਿ (ਕੈਪਟਨ ਅਮਰਿੰਦਰ ਸਿੰਘ) ਚਾਚਾ-ਭਤੀਜਾ ਰਲਕੇ ਚੱਲ ਰਹੇ ਸਨ ਤੇ ਕੈਪਟਨ ਨੇ ਮਜੀਠੀਆ 'ਤੇ ਪਰਚਾ ਦਰਜ਼ ਨਹੀਂ ਹੋਣ ਦਿੱਤਾ। ਮੁੱਖ ਮੰਤਰੀ ਨੇ ਮਰਹੂਮ ਆਗੂਆਂ ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਮਾਸਟਰ ਤਾਰਾ ਸਿੰਘ ਆਦਿ ਨੂੰ ਯਾਦ ਕਰਦਿਆਂ ਕਿਹਾ ਕਿ ਸੁਖਬੀਰ-ਮਜੀਠੀਆ ਦੀ ਜੋੜੀ ਨੇ ਅਜਿਹੇ ਮਹਾਨ ਆਗੂਆਂ ਦੇ ਅਕਾਲੀ ਦਲ ਨੂੰ ਤਬਾਹ ਕਰ ਕੇ ਰੱਖ ਦਿੱਤਾ ਹੈ।ਆਮ ਆਦਮੀ ਪਾਰਟੀ ਨੂੰ ਲੰਮੇਂ ਹੱਥੀਂ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਨਸ਼ਿਆਂ ਦੇ ਮਾਮਲੇ 'ਚ ਕੇਜਰੀਵਾਲ ਨੇ ਮਜੀਠੀਆ ਅੱਗੇ ਗੋਡੇ ਟੇਕ ਦਿੱਤੇ ਜਿਸ ਕਰ ਕੇ ਇਸ ਦੇ 10 ਵਿਧਾਇਕ ਤੇ 3 ਸੰਸਦ ਮੈਂਬਰ ਇਸ ਤੋਂ ਕਿਨਾਰਾ ਕਰ ਗਏ।ਚੰਨੀ ਨੇ ਘਨੌਰ ਨੂੰ ਸਬ ਡਵੀਜਨ ਬਣਾਉਣ ਦਾ ਐਲਾਨ ਕੀਤਾ ਹੈ। ਕਰੀਬ ਪੌਣੇ 269 ਕਰੋੜ ਰੁਪਏ ਦੇ ਵਿਕਾਸ ਕੰਮਾਂ ਦਾ ਮੁੱਖ ਮੰਤਰੀ



ਨੇ ਉਦਘਾਟਨ ਅਤੇ ਨੀਂਹ ਪੱਥਰ ਵੀ ਰੱਖਿਆ ਜਿਸ 'ਚ 137 ਕਰੋੜ ਰੁਪਏ ਦੇ ਕੰਮਾਂ ਦਾ ਨੀਂਹ ਪੱਥਰ ਰੱਖਿਆ ਗਿਆ, ਜਿਸ 'ਚ 105 ਕਰੋੜ ਰੁਪਏ ਨਾਲ ਘਨੌਰ ਹਲਕੇ 'ਚ ਬਣਨ ਵਾਲੀਆਂ ਸੜਕਾਂ ਅਤੇ 32 ਕਰੋੜ ਰੁਪਏ ਨਾਲ ਹਲਕੇ ਦੇ ਲੋਕਾਂ ਨੂੰ ਮਿਲਣ ਵਾਲੇ ਪੀਣ ਵਾਲੇ ਸਾਫ਼ ਪਾਣੀ ਅਤੇ ਸੀਵਰੇਜ ਦੇ ਕੰਮਾਂ ਦੀ ਸ਼ੁਰੂਆਤ ਕੀਤੀ ਗਈ। ਘਨੌਰ ਵਿਖੇ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਮੰਤਰੀ ਮੰਡਲ ਦੀ ਅਗਲੀ ਬੈਠਕ 'ਚ ਘਨੌਰ ਨੂੰ ਸਬ-ਡਵੀਜ਼ਨ ਬਣਾਉਣ ਦੀ ਰਸਮੀ ਪ੍ਰਵਾਨਗੀ ਦੇ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਘਨੌਰ ਹਲਕੇ ਲਈ 28 ਕਰੋੜ ਰੁਪਏ ਦਾ ਹੋਰ ਵੱਡਾ ਤੋਹਫ਼ਾ ਦੇਣ ਦਾ ਵੀ ਐਲਾਨ ਕੀਤਾ।

## ਪੰਜਾਬ ਦੇ ਲੋਕਾਂ 'ਚ ਡਰ ਅਤੇ ਨਫਰਤ ਲਈ ਕੋਈ ਜਗ੍ਹਾ ਨਹੀਂ : ਭਗਵੰਤ ਮਾਨ

ਚੰਡੀਗੜ੍ਹ , (ਪੱਤਰ ਪ੍ਰੇਰਕ)- ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਆਉਣ ਵਾਲੀ 31 ਦਸੰਬਰ ਨੂੰ ਪਟਿਆਲਾ ਵਿਖੇ ਇਕ 'ਸ਼ਾਂਤੀ ਮਾਰਚ' ਕੱਢਿਆ ਜਾਵੇਗਾ। 'ਆਪ' ਪੰਜਾਬ ਦੇ ਸੂਬਾ ਪ੍ਰਧਾਨ ਅਤੇ



ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਇਹ ਸ਼ਾਂਤੀ ਮਾਰਚ ਪੰਜਾਬ ਦੀ ਸ਼ਾਂਤੀ ਅਤੇ ਖ਼ੁਸ਼ਹਾਲੀ ਨੂੰ ਸਮਰਪਿਤ ਹੋਵੇਗਾ। ਜਾਰੀ ਇਕ ਬਿਆਨ 'ਚ ਸੰਸਦ ਮੈਂਬਰ ਮਾਨ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਇਕ ਸਾਜਿਸ਼ ਅਧੀਨ ਪੰਜਾਬ ਦੇ ਸ਼ਾਂਤਮਈ ਮਾਹੌਲ ਅਤੇ ਭਾਈਚਾਰਕ ਸਾਂਝ ਨੂੰ ਭੰਗ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਬੇਅਦਬੀ ਦੀ ਘਟਨਾ ਜਾਂ ਲੁਧਿਆਣਾ ਦੀ ਅਦਾਲਤ 'ਚ ਧਮਾਕਾ ਪੰਜਾਬ ਵਿੱਚ ਅਮਨ ਅਤੇ ਸ਼ਾਂਤੀ ਨੂੰ ਭੰਗ ਕਰਨ ਦੀ ਹੀ ਇਕ ਕੋਸ਼ਿਸ਼ ਹੈ ਪਰ ਪੰਜਾਬ ਆਪਣੇ ਸਮਾਜਿਕ ਅਤੇ ਭਾਈਚਾਰਕ ਸਾਂਝ ਲਈ ਜਾਣਿਆ ਜਾਂਦਾ ਹੈ। ਪੰਜਾਬ ਦੇ ਲੋਕ ਭਾਵੇਂ ਉਹ ਕਿਸੇ ਵੀ ਧਰਮ ਜਾਂ ਜਾਤ ਦੇ ਹੋਣ, ਉਨ੍ਹਾਂ ਦੇ ਦਿਲਾਂ 'ਚ ਨਫ਼ਰਤ ਜਾਂ ਡਰ ਲਈ ਕੋਈ ਥਾਂ ਨਹੀਂ ਹੈ।

ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਵਾਰ-ਵਾਰ ਸਾਹਮਣੇ ਆ ਰਹੀਆਂ ਅਜਿਹੀਆਂ ਸਮਾਜ ਵਿਰੋਧੀ ਘਟਨਾਵਾਂ ਨੂੰ ਲੈ ਕੇ ਸਵਾਲ ਚੁੱਕਦੇ ਹੋਏ ਮਾਨ ਨੇ ਕਿਹਾ ਕਿ ਇਹ ਗੰਦੀ ਅਤੇ ਘਟੀਆ ਰਾਜਨੀਤੀ ਦਾ ਨਤੀਜਾ ਹੈ, ਜਿਸ ਰਾਹੀਂ ਕੁਝ ਲੋਕ ਆਮ ਜਨਜੀਵਨ ਨੂੰ ਠੇਸ ਪਹੁੰਚਾ ਕੇ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਆਪਣੇ ਚੋਣ ਏਜੰਡੇ ਅਤੇ ਮਨਸੂਬਿਆਂ ਨੂੰ ਪੂਰਾ ਕਰਨਾ ਦੇਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਇਹ ਮਾਰਚ ਸਾਡੇ ਦਿਲਾਂ 'ਚ, ਪੰਜਾਬ 'ਚ ਸ਼ਾਂਤੀ ਅਤੇ ਖ਼ੁਸ਼ਹਾਲੀ ਕਾਇਮ ਕਰਨ ਲਈ ਇਕ ਆਸ ਅਤੇ ਅਰਦਾਸ ਵਜੋਂ ਆਯੋਜਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਲੋਕਾਂ ਨੂੰ ਵੱਧ ਤੋਂ ਵੱਧ ਗਿਣਤੀ 'ਚ ਇਸ ਸ਼ਾਂਤੀ ਮਾਰਚ 'ਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਤਾਂ ਜੋ ਸਾਰੇ ਸਮਾਜ ਵਿਰੋਧੀ ਅਨਸਰਾਂ ਨੂੰ ਸਪੱਸ਼ਟ ਸੁਨੇਹਾ ਮਿਲ ਸਕੇ ਕਿ ਪੰਜਾਬ ਅਜਿਹੇ ਲੋਕ ਵਿਰੋਧੀ ਯਤਨਾਂ ਨੂੰ ਕਦੇ ਵੀ ਕਾਮਯਾਬ ਨਹੀਂ ਹੋਣ ਦੇਵੇਗਾ।

ਉਨ੍ਹਾਂ ਕਿਹਾ ਕਿ ਸਾਡੀ ਏਕਤਾ ਅਤੇ ਬਿਹਤਰ ਤਾਲਮੇਲ ਨੇ ਕਈ ਵਾਰ ਅਜਿਹੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ ਹੈ ਅਤੇ ਹਮੇਸ਼ਾ ਜਿੱਤ ਪ੍ਰਾਪਤ ਕੀਤੀ ਹੈ ਤੇ ਅੱਗੇ ਵੀ ਅਸੀਂ ਅਜਿਹੀਆਂ ਚੁਣੌਤੀਆਂ ਦੇ ਖਲਿਾਫ਼ ਇਕਜੁਟ ਰਹਾਂਗੇ।

## ਨਵਜੋਤ ਸਿੱਧੂ ਖਿਲਾਫ ਐੱਫ. ਆਈ. ਦਰਜ ਕਰਵਾਏਗੀ ਸ਼ਿਵ ਸੈਨਾ ਹਿੰਦ

ਖਰੜ , (ਪੱਤਰ ਪ੍ਰੇਰਕ)- ਪੰਜਾਬ ਦੀ ਰਾਜਨੀਤੀ ਬਹੁਤ ਦਿਲਚਸਪ ਹੁੰਦੀ ਜਾ ਰਹੀ ਹੈ ਪਰ ਕਈ ਨੇਤਾ ਜੋਸ਼ ਵਿਚ ਕੁਝ ਹੋਰ ਸ਼ਬਦਾਂ ਦੀ ਵਰਤੋਂ ਕਰ ਰਹੇ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਅੱਜਕੱਲ ਬਹੁਤ ਵਿਵਾਦਾਂ ਵਾਲੇ ਬਿਆਨ ਦੇ ਰਹੇ ਹਨ। ਅੱਜ ਸ਼ਿਵ ਸੈਨਾ ਹਿੰਦ ਦੇ ਸੂਬਾ ਚੇਅਰਮੈਨ ਸੋਨੂੰ ਰਾਣਾ ਅਤੇ ਸ਼ਿਵ ਸੈਨਾ ਹਿੰਦ ਦੇ ਲੀਗਲ ਸੈੱਲ ਪੰਜਾਬ ਪ੍ਰਧਾਨ ਐਡਵੋਕੇਟ ਕੇਤਨ ਸ਼ਰਮਾ ਨੇ ਕਿਹਾ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਆਪਣਾ ਮਾਨਸਿਕ ਸੰਤੁਲਨ ਗੁਆ ਚੁੱਕੇ ਹਨ। ਸਿੱਧੂ ਨੇ ਇਕ ਰੈਲੀ ਵਿਚ




ਸਨਾਤਨ ਧਰਮ ਦੇ ਗੁਰੂ ਗੋਗਾ ਜਾਹਰਵੀਰ ਬਾਗੜ ਵਾਲੇ ਮਹਾਰਾਜ ਦਾ ਮਜ਼ਾਕ ਉਡਾਇਆ, ਜੋ ਕਿ ਬਹੁਤ ਹੀ ਇਤਰਾਜਯੋਗ ਹੈ। ਰਾਹੁਲ ਮਨਚੰਦਾ ਨੇ ਕਿਹਾ ਕਿ ਸਿੱਧੂ ਖਿਲਾਫ ਉਹ ਜਲਦੀ ਹੀ ਐੱਸ. ਐੱਸ. ਪੀ. ਮੋਹਾਲੀ ਨੂੰ ਸ਼ਿਕਾਇਤ ਦਰਜ ਕਰਵਾਉਣਗੇ ਅਤੇ ਪ੍ਰਸ਼ਾਸਨ ਤੋਂ ਮੰਗ ਕਰਨਗੇ ਕਿ ਨਵਜੋਤ ਸਿੱਧੂ 'ਤੇ ਜਲਦੀ ਤੋਂ ਜਲਦੀ ਕਾਰਵਾਈ ਕੀਤੀ ਜਾਵੇ। ਇਸ ਸਬੰਧੀ ਇਕ ਦਰਖਾਸਤ ਥਾਣਾ ਸਦਰ ਖਰੜ ਵਿਖੇ ਦਿੱਤੀ ਗਈ ਹੈ।

## ਮੋਟਰਸਾਈਕਲ ਸਵਾਰ ਨੂੰ ਗੋਲੀ ਮਾਰਨ ਵਾਲੇ ਅਣਪਛਾਤੇ ਨੌਜਵਾਨਾਂ ਖਿਲਾਫ ਕਤਲ ਦਾ ਮਾਮਲਾ ਦਰਜ

ਸਮਾਣਾ , (ਪੱਤਰ ਪ੍ਰੇਰਕ)- ਪਿੰਡ ਘੰਗਰੋਲੀ ਵਿਚ ਮੋਟਰਸਾਈਕਲ ਸਵਾਰ ਵਿਅਕਤੀ ਨੂੰ ਗੋਲੀ ਮਾਰ ਕੇ ਜਖਮੀ ਕਰਨ ਵਾਲੇ ਮੋਟਰਸਾਈਕਲ ਸਵਾਰ 2 ਅਣਪਛਾਤੇ ਨੌਜਵਾਨਾਂ ਖਲਿਾਫ ਕਤਲ ਦੀ ਕੋਸ਼ਿਸ਼ ਅਤੇ ਆਰਮਜ ਐਕਟ ਦੀਆਂ ਧਾਰਵਾਂ ਤਹਿਤ ਸਦਰ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਸਦਰ ਥਾਣਾ ਮੁਖੀ ਅਮਨਦੀਪ ਸਿੰਘ ਨੇ ਦੱਸਿਆ ਕਿ ਗੋਲੀ ਲੱਗਣ ਕਾਰਨ ਜਖਮੀ ਹੋਏ ਗੁਰਜੀਤ ਸਿੰਘ (38) ਪੁੱਤਰ ਜਰਨੈਲ ਸਿੰਘ ਨਿਵਾਸੀ ਪਿੰਡ ਘੰਗਰੋਲੀ ਦੇ ਭਰਾ ਪਰਮਜੀਤ ਸਿੰਘ ਵੱਲੋਂ ਪੁਲਸ ਨੂੰ ਦਰਜ ਕਰਵਾਏ ਬਿਆਨਾਂ ਅਨੁਸਾਰ ਸ਼ਨੀਵਾਰ ਦੇਰ ਸ਼ਾਮ ਗੁਰਦੁਆਰਾ ਸਾਹਿਬ ਮੱਥਾ ਟੇਕਣ ਤੋਂ ਬਾਅਦ ਮੋਟਰਸਾਈਕਲ 'ਤੇ ਸਵਾਰ ਹੋ ਕੇ ਗੁਰਜੀਤ ਸਿੰਘ ਘਰ ਜਾ ਰਿਹਾ ਸੀ। ਪਿੱਛੇ ਆ ਰਹੇ 2 ਅਣਪਛਾਤੇ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਉਸ ਦੇ ਨਜਦੀਕ ਪਹੁੰਚ ਕੇ ਗੋਲੀ ਚਲਾ ਦਿੱਤੀ, ਜੋ ਗੁਰਜੀਤ ਸਿੰਘ ਦੇ ਮੋਢੇ ਨਜਦੀਕ ਜਾ ਲੱਗੀ। ਵਾਰਦਾਤ ਤੋਂ ਬਾਅਦ ਮੋਟਰਸਾਈਕਲ ਸਵਾਰ ਨੌਜਵਾਨ ਫਰਾਰ ਹੋ ਗਏ। ਗੰਭੀਰ ਜਖਮੀ ਗੁਰਜੀਤ ਸਿੰਘ ਨੂੰ ਇਲਾਜ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ। ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਲੁਧਿਆਣਾ ਰੈਫਰ ਕਰ ਦਿੱਤਾ। ਅਧਿਕਾਰੀ ਅਨੁਸਾਰ ਦੋਸ਼ੀਆਂ ਦੀ ਪਛਾਣ ਲਈ ਪੁਲਸ ਨਜਦੀਕ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਜਾਂਚ ਸਮੇਤ ਵੱਖ-ਵੱਖ ਪਹਿਲੂਆਂ 'ਤੇ ਜਾਂਚ ਕਰ ਰਹੀ ਹੈ।

# ਅਸੀਂ ਸਾਰੇ ਮਿਲਕੇ ਸਮਾਜ ਵਿਰੋਧੀ ਅਨਸਰਾਂ ਨੂੰ ਦਿਖਾਵਾਂਗੇ ਕਿ ਪੰਜਾਬ ਦਾ ਹਰ ਭਾਈਚਾਰਾ ਇੱਕਜੁੱਟ ਹੈ: ਕੇਜਰੀਵਾਲ

ਚੰਡੀਗੜ੍ਹ, (ਪੱਤਰ ਪ੍ਰੇਰਕ)-ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ 31 ਨੂੰ ਪਟਿਆਲਾ ਵਿਖੇ 'ਸਾਂਤੀ ਮਾਰਚ' 'ਚ ਵੱਧ ਤੋਂ ਵੱਧ ਗਿਣਤੀ 'ਚ ਸ਼ਾਮਲ ਹੋ ਕੇ ਸਮਾਜ ਵਿਰੋਧੀ ਅਨਸਰਾਂ ਨੂੰ ਦੇਖਾ ਦੇਣਾ ਕਿ ਪੰਜਾਬ ਦਾ ਹਰ ਭਾਈਚਾਰਾ ਇੱਕਜੁੱਟ ਹੈ। ਕੋਈ ਉਨ੍ਹਾਂ ਦਾ ਭਾਈਚਾਰਾ ਤੋੜ ਨਹੀਂ ਸਕਦਾ। ਪੰਜਾਬ ਦੇ ਲੋਕਾਂ ਨੂੰ ਸੰਬੋਧਨ ਕਰਦੇ ਇੱਕ ਵੀਡੀਓ ਸੰਦੇਸ਼ 'ਚ ਉਨ੍ਹਾਂ ਨੇ ਕਿਹਾ ਕਿ ਬੇਅਦਬੀ ਦੀ ਕੋਸ਼ਿਸ਼ ਅਤੇ ਲੁਧਿਆਣਾ ਅਦਾਲਤ 'ਚ ਧਮਾਕੇ ਵਰਗੀਆਂ ਘਟਨਾਵਾਂ ਪੰਜਾਬ ਅਤੇ ਪੰਜਾਬੀਅਤ 'ਤੇ ਹਮਲੇ ਹਨ। ਉਨ੍ਹਾਂ ਦੁਹਰਾਇਆ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦੀ ਕੋਸ਼ਿਸ਼ ਬਹੁਤ ਹੀ ਦੁੱਖ ਦੀ ਗੱਲ ਹੈ ਅਤੇ ਫਿਰ ਲੁਧਿਆਣਾ ਦੀ ਅਦਾਲਤ 'ਚ ਹੋਇਆ ਧਮਾਕਾ ਇਹ ਸਾਬਤ ਕਰਦਾ ਹੈ ਕਿ ਕੁਝ ਸਿਆਸੀ ਤੌਰ 'ਤੇ ਪ੍ਰੇਰਿਤ ਤੱਤ ਪੰਜਾਬ ਦੇ ਸਾਂਤਮਈ ਮਾਹੌਲ ਅਤੇ ਭਾਈਚਾਰਕ ਸਾਂਝ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਚੰਨੀ ਸਰਕਾਰ ਦੀ ਨਿੰਦਾ ਕਰਦੇ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਦੀ ਸੁਰੱਖਿਆ ਨਾਲੋਂ ਆਪਣੇ ਸੱਤਾ ਦੇ ਅਹੁਦਿਆਂ 'ਤੇ ਜਿਆਦਾ ਧਿਆਨ ਦਿੰਦੇ ਹਨ। ਕੇਜਰੀਵਾਲ ਨੇ ਕਿਹਾ, ''ਇਸ ਤਰ੍ਹਾਂ ਦੀਆਂ ਘਟਨਾਵਾਂ ਲਗਾਤਾਰ ਹੋ ਰਹੀਆਂ ਹਨ ,ਕਿਉਂਕਿ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਨੇੜੇ ਹਨ। ਇਸ ਤੋਂ ਪਹਿਲਾਂ 2017 ਦੀਆਂ ਵਿਧਾਨ ਸਭਾ ਚੋਣਾਂ ਦੇ ਨੇੜੇ ਵੀ ਇਸ ਤਰਾਂ ਦੀਆਂ ਘਟਨਾਵਾਂ ਸਾਹਮਣੇ ਆਈਆਂ ਸਨ। ਉਸ ਸਮੇਂ ਕੈਪਟਨ ਅਮਰਿੰਦਰ ਸਿੰਘ ਨੇ 'ਗੁਟਕਾ ਸਾਹਿਬ' ਦੀ ਸਹੁੰ ਖਾ ਕੇ ਦੋਸ਼ੀਆਂ ਨੂੰ ਸਲਾਖ਼ਾਂ ਪਿੱਛੇ ਡੱਕਣ ਦਾ ਵਾਅਦਾ ਕੀਤਾ ਸੀ।



ਪਰ ਪੰਜ ਸਾਲ ਬੀਤ ਜਾਣ ਦੇ ਬਾਵਜੂਦ ਕਾਂਗਰਸ ਸਰਕਾਰ ਨੇ ਕੁਝ ਨਹੀਂ ਕੀਤਾ। ਕਾਂਗਰਸ ਪੰਜਾਬ 'ਚ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਵੱਲ ਧਿਆਨ ਦੇਣ ਦੀ ਬਜਾਏ ਆਪਣੇ ਘਰੇਲੂ ਕਾਟੋ-ਕਲੇਸ਼ 'ਚ ਰੁੱਝੀ ਹੋਈ ਹੈ।'' ਉਨ੍ਹਾਂ ਕਿਹਾ ਕਿ ਅਜਿਹੇ ਘਟੀਆ ਲੋਕ ਸਿਰਫ ਆਪਣੇ ਸਿਆਸੀ ਏਜੰਡੇ ਅਤੇ ਲਾਭ ਲਈ ਕੰਮ ਕਰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਗੁਰੂਆਂ ਦੀ ਧਰਤੀ ਹੈ। ਇੱਥੇ ਸਾਰੇ ਧਰਮਾਂ, ਜਾਤਾਂ ਅਤੇ ਫ਼ਿਰਕਿਆਂ ਦੇ ਲੋਕ ਸ਼ਾਂਤੀ ਅਤੇ ਆਪਸੀ ਭਾਈਚਾਰੇ ਨਾਲ ਰਹਿੰਦੇ ਰਹੇ ਹਨ।ਇਸ ਲਈ ਪੰਜਾਬ ਦੇ ਲੋਕ ਇਨ੍ਹਾਂ ਸਮਾਜ ਵਿਰੋਧੀ ਅਨਸਰਾਂ ਨੂੰ ਉਨ੍ਹਾਂ ਦੀਆਂ ਘਟੀਆ ਸਿਆਸੀ ਚਾਲਾਂ 'ਚ ਕਾਮਯਾਬ ਨਹੀਂ ਹੋਣ ਦੇਣਗੇ। ਪਟਿਆਲਾ 'ਚ ਇਸ ਸ਼ਾਂਤੀ ਮਾਰਚ ਦੌਰਾਨ ਸਾਰੇ ਧਰਮਾਂ ਅਤੇ ਫਿਰਕਿਆਂ ਦੇ ਲੋਕ ਇਕੱਠੇ ਹੋ ਕੇ ਪੰਜਾਬ ਦੀ ਸ਼ਾਂਤੀ ਅਤੇ ਭਾਈਚਾਰਕ ਸਾਂਝ ਲਈ ਅਰਦਾਸ ਕਰਨਗੇ। 31 ਦਸੰਬਰ ਨੂੰ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਪ੍ਰਧਾਨ ਭਗਵੰਤ ਮਾਨ ਦੀ ਅਗਵਾਈ 'ਚ 11 ਵਜੇ 'ਸ਼ਾਂਤੀ ਮਾਰਚ' ਪਟਿਆਲਾ ਵਿਖੇ ਸ਼ੇਰਾਂਵਾਲਾ ਗੇਟ ਤੋਂ ਸ਼ੁਰੂ ਹੋਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਰਿਵਾਰਾਂ ਅਤੇ ਦੋਸਤਾਂ-ਮਿੱਤਰਾਂ ਸਮੇਤ ਇਸ ਮਾਰਚ 'ਚ ਸ਼ਾਮਲ ਹੋ ਕੇ ਪੰਜਾਬ ਦੀ ਭਾਈਚਾਰਕ ਸਾਂਝ ਲਈ ਆਪਣੀ ਇੱਕਜੁੱਟਤਾ ਦਾ ਪ੍ਰਗਟਾਵਾ ਕਰਨ।

## ਚੰਡੀਗੜ੍ਹ 'ਚ 3 ਜਨਵਰੀ ਤੋਂ 15 ਤੋਂ 18 ਸਾਲ ਦੇ ਬੱਚਿਆਂ ਨੂੰ ਲੱਗੇਗੀ 'ਵੈਕਸੀਨ'

ਚੰਡੀਗੜ੍ਹ , (ਪੱਤਰ ਪ੍ਰੇਰਕ)- ਕੋਵਿਡ ਦੇ ਵੱਧਦੇ ਮਰੀਜ਼ਾਂ ਦੇ ਨਾਲ ਹੀ ਦੇਸ਼ ਵਿਚ ਬੱਚਿਆਂ ਦੀ ਵੈਕਸੀਨੇਸ਼ਨ 'ਤੇ ਫੋਕਸ ਵੱਧ ਗਿਆ ਹੈ। ਮਾਮਲਿਆਂ ਨੂੰ ਵੇਖਦੇ ਹੋਏ ਕੋਵੈਕਸੀਨ ਦੇ ਐਮਰਜੈਂਸੀ ਯੂਜ਼ ਨੂੰ ਮਨਜ਼ੂਰੀ ਮਿਲਣ ਦੇ ਨਾਲ ਹੀ ਪੀ. ਜੀ. ਆਈ. ਵਿਚ 3 ਜਨਵਰੀ ਤੋਂ 15 ਤੋਂ 18 ਸਾਲ ਤੱਕ ਦੇ ਬੱਚਿਆਂ ਦੀ ਵੈਕਸੀਨੇਸ਼ਨ ਸ਼ੁਰੂ ਹੋਣ ਜਾ ਰਹੀ ਹੈ। ਕੋਵੀਸ਼ੀਲਡ ਵੈਕਸੀਨ ਟ੍ਰਾਇਲ ਦੀ



ਪ੍ਰਿੰਸੀਪਲ ਇਨਵੈਸਟੀਗੇਟਰ ਅਤੇ ਪੀ. ਜੀ. ਆਈ. ਸਕੂਲ ਆਫ ਪਬਲਿਕ ਹੈਲਥ ਦੀ ਪ੍ਰੋ. ਮਧੂ ਗੁਪਤਾ ਮੁਤਾਬਕ ਇਸ ਉਮਰ ਗਰੁੱਪ ਦੇ ਬੱਚਿਆਂ ਨੂੰ ਵੈਕਸੀਨ ਦੀਆਂ ਦੋ ਡੋਜ਼ ਦਿੱਤੀਆਂ ਜਾਣਗੀਆਂ। ਪਹਿਲੀ ਅਤੇ ਦੂਜੀ ਡੋਜ਼ ਵਿਚ 28 ਦਿਨਾਂ ਦਾ ਅੰਤਰ ਰਹੇਗਾ। ਉਨ੍ਹਾਂ ਦੱਸਿਆ ਕਿ ਕੋ-ਵੈਕਸੀਨ ਦੀ ਐੱਫ.ਕੇ.ਸੀ. ਕਾਫ਼ੀ ਬਿਹਤਰ ਹੈ। ਹੁਣ ਤਕ ਜਿੰਨੇ ਨਤੀਜੇ ਅਸੀਂ ਵੇਖੇ, ਉਹ ਕਾਫ਼ੀ ਚੰਗੇ ਹਨ, ਜਿਸ ਦੇ ਆਧਾਰ 'ਤੇ ਇਸ ਨੂੰ ਮਨਜ਼ੂਰੀ ਦਿੱਤੀ ਗਈ ਹੈ। ਅਜਿਹੇ ਵਿਚ ਮਾਪਿਆਂ ਨੂੰ ਕਿਸੇ ਤਰ੍ਹਾਂ ਦਾ ਡਰ ਨਹੀਂ ਹੋਣਾ ਚਾਹੀਦਾ ਹੈ। ਵੈਕਸੀਨ ਪੂਰੀ ਤਰ੍ਹਾਂ ਸੁਰੱਖਿਅਤ ਹੈ। ਕੋਵਿਡ ਦੇ ਮਾਮਲੇ ਜਿਸ ਤਰ੍ਹਾਂ ਵੱਧ ਰਹੇ ਹਨ, ਉਸ ਨੂੰ ਵੇਖਦੇ ਹੋਏ ਵੈਕਸੀਨ ਇਸ ਸਮੇਂ ਬਹੁਤ ਜ਼ਰੂਰੀ ਹੋ ਗਈ ਹੈ। ਜੇਕਰ ਵੈਕਸੀਨ ਲੈਣ ਤੋਂ ਬਾਅਦ ਬੱਚਿਆਂ ਨੂੰ ਕੋਵਿਡ ਹੁੰਦਾ ਵੀ ਹੈ ਤਾਂ ਉਸ ਦੀ ਗੰਭੀਰਤਾ ਇਸ ਨਾਲ ਘੱਟ ਕੀਤੀ ਜਾ ਸਕੇਗੀ। ਮੌਜੂਦਾ ਸਮੇਂ ਵਿਚ ਸਾਰੇ ਸਕੂਲ-ਕਾਲਜ ਖੁੱਲ੍ਹ ਗਏ ਹਨ। ਬੱਚੇ ਵੈਕਸੀਨ ਲਵਾਉਣਗੇ ਤਾਂ ਇਸ ਦੀ ਗੰਭੀਰਤਾ ਘੱਟ ਹੋਵੇਗੀ। ਇਸ ਦੇ ਨਾਲ ਹੀ ਉਹ ਆਪਣੀ ਰੂਟੀਨ ਦੀ ਐਕਟੀਵਿਟੀ ਬਿਨਾਂ ਡਰ ਦੇ ਕਰ ਸਕਣਗੇ। ਬੈਨੀਫਿਸ਼ਰੀ ਕੋਵਿਨ ਐਪ ਵਿਚ ਉਹ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਪੀ. ਜੀ. ਆਈ. ਐਡਵਾਂਸ ਪੀਡੀਐਟ੍ਰਿਕ ਸੈਂਟਰ ਵਿਚ ਬੱਚਿਆਂ ਦੇ ਵੈਕਸੀਨੇਸ਼ਨ ਪ੍ਰੋਗਰਾਮ ਦਾ ਸੈਂਟਰ ਬਣਾਇਆ ਗਿਆ ਹੈ।

### 60 ਸਾਲ ਅਤੇ ਉਸ ਤੋਂ ਉੱਪਰ ਨੂੰ ਲੱਗੇਗੀ ਪ੍ਰਿਕਾਸ਼ਨ ਡੋਜ਼


16 ਜਨਵਰੀ, 2022 ਨੂੰ ਵੈਕਸੀਨੇਸ਼ਨ ਪ੍ਰੋਗਰਾਮ ਸ਼ੁਰੂ ਹੋਇਆਂ ਇਕ ਸਾਲ ਹੋ ਜਾਵੇਗਾ। ਅਜਿਹੇ ਵਿਚ ਹੈਲਥ ਕੇਅਰ ਵਰਕਰਜ਼ ਅਤੇ ਫਰੰਟ ਲਾਈਨ ਵਰਕਰਾਂ ਨੂੰ ਵੀ ਪ੍ਰਿਕਾਸ਼ਨ (ਬੂਸਟਰ) ਡੋਜ਼ ਦੇਣ ਦੀ ਤਿਆਰੀ ਕਰ ਲਈ ਗਈ ਹੈ। 10 ਜਨਵਰੀ ਤੋਂ ਸ਼ਹਿਰ ਵਿਚ ਹੈਲਥ ਕੇਅਰ ਵਰਕਰਜ਼ ਅਤੇ ਫਰੰਟ ਲਾਈਨ ਵਰਕਰਜ਼ ਮਿਲਣਾ ਸ਼ੁਰੂ ਹੋ ਜਾਵੇਗਾ। ਡਾ. ਸ਼ਹਿਦ ਨੇ ਦੱਸਿਆ ਕਿ ਹੈਲਥ ਕੇਅਰ ਵਰਕਰਜ਼ ਅਤੇ ਫਰੰਟਲਾਈਨ ਵਰਕਰਜ਼ ਅਤੇ 60 ਸਾਲ ਅਤੇ ਉਸ ਤੋਂ ਉੱਪਰ ਦੇ ਉਨ੍ਹਾਂ ਲੋਕਾਂ, ਜਿਨ੍ਹਾਂ ਨੂੰ ਕੋਈ ਬੀਮਾਰੀ ਹੈ, ਨੂੰ ਪ੍ਰਿਕਾਸ਼ਨ ਡੋਜ਼ ਦੇਣਾ ਅਜੇ ਜ਼ਰੂਰੀ ਹੈ। ਹੈਲਥ ਕੇਅਰ ਵਰਕਰਜ਼ ਅਤੇ ਫਰੰਟਲਾਈਨ ਵਰਕਰਜ਼ ਦਾ ਕੋਵਿਡ ਮਰੀਜ਼ਾਂ ਨਾਲ ਸੰਪਰਕ ਸਿੱਧਾ ਹੈ। ਇਸ ਲਈ ਵੀ ਬੂਸਟਰ ਅਹਿਮ ਹੈ, ਤਾਂ ਕਿ ਉਨ੍ਹਾਂ ਦੇ ਇਨਫੈਕਸ਼ਨ ਰਿਸਕ ਨੂੰ ਘੱਟ ਕੀਤਾ ਜਾ ਸਕੇ। ਉੱਥੇ ਹੀ 60 ਸਾਲ ਤੋਂ ਉੱਪਰ ਦੇ ਕੋਮੋਰਬਿਟੀਜ (ਜਿਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਬੀਮਾਰੀ ਵੀ ਹੈ) ਲੋਕਾਂ ਨੂੰ ਸੇਫਟੀ ਇਸ ਨਾਲ ਮਿਲ ਸਕੇਗੀ।

ਡਾਇਰੈਕਟਰ ਸਿਹਤ ਸੇਵਾਵਾਂ ਡਾ. ਸੁਮਨ ਸਿੰਘ ਮੁਤਾਬਕ ਬੱਚਿਆਂ ਨੂੰ ਕੋ-ਵੈਕਸੀਨ ਹੀ ਲੱਗੇਗੀ। ਇਕ ਜਨਵਰੀ ਤੋਂ ਬੱਚਿਆਂ ਦੀ ਰਜਿਸਟ੍ਰੇਸ਼ਨ ਕੋਵਿਨ ਐਪ 'ਤੇ ਸ਼ੁਰੂ ਹੋ ਜਾਵੇਗੀ। ਸਿਹਤ ਸਕੱਤਰ ਯਸ਼ਪਾਲ ਗਰਗ ਮੁਤਾਬਕ ਹੈਲਥ ਕੇਅਰ ਵਰਕਰਜ਼ ਅਤੇ ਫਰੰਟਲਾਈਨ ਵਰਕਰਜ਼ ਨੂੰ ਉਸੇ ਵੈਕਸੀਨ ਦਾ ਪ੍ਰਿਕਾਸ਼ਨ (ਬੂਸਟਰ) ਡੋਜ਼ ਮਿਲੇਗਾ ਜਾਂ ਕਿਸੇ ਹੋਰ ਵੈਕਸੀਨ ਦਾ, ਇਸ ਸਬੰਧੀ ਹੈਲਥ ਮਨਿਸਟਰੀ ਦਾ ਫੈਸਲਾ ਅਜੇ ਬਾਕੀ ਹੈ। 60 ਸਾਲ ਅਤੇ ਉਸ ਤੋਂ ਉੱਪਰ ਦੇ ਕੋਮੋਰਬਿਟੀਜ਼ ਵਾਲੇ ਲੋਕਾਂ ਦੀਆਂ ਪਹਿਲੀਆਂ ਦੋਵੇਂ ਡੋਜ਼ ਵਿਚ 9 ਮਹੀਨੇ ਦਾ ਅੰਤਰ ਹੋਵੇਗਾ। ਆਨਲਾਈਨ ਅਤੇ ਆਫਲਾਈਨ ਦੋਵੇਂ ਸਹੂਲਤਾਂ ਇਸ ਲਈ ਹੋਣਗੀਆਂ। ਕੋਵਿਨ ਐਪ ਉਨ੍ਹਾਂ ਬੈਨੀਫਿਸ਼ਰੀ ਨੂੰ ਐੱਸ. ਐੱਮ. ਐੱਸ. ਦੇ ਜ਼ਰੀਏ ਅਲਰਟ ਵੀ ਕਰੇਗਾ, ਜਿਨ੍ਹਾਂ ਦੀ ਪ੍ਰਿਕਾਸ਼ਨ ਡੋਜ ਪੈਂਡਿੰਗ ਹੋਵੇਗੀ।

ਵੈਕਸੀਨ ਦੀ ਪਹਿਲੀ ਡੋਜ਼ ਨੂੰ ਪ੍ਰਾਇਮਰੀ ਕਿਹਾ ਜਾਂਦਾ ਹੈ। ਪਹਿਲੀ ਡੋਜ਼ ਵਾਇਰਸ ਦੀ ਪਛਾਣ ਕਰ ਕੇ ਉਸ ਦੇ ਖਲਿਾਫ ਐਂਟੀਬਾਡੀ ਬਣਾਉਂਦੀ ਹੈ। ਐਂਟੀਬਾਡੀ ਅੱਗੇ ਵੀ ਮੇਨਟੇਨ ਰਹੇ, ਇਸ ਲਈ ਦੂਜੀ ਡੋਜ਼ ਦਿੱਤੀ ਜਾਂਦੀ ਹੈ। ਹਾਲਾਂਕਿ ਕੋਰੋਨਾ ਵਿਚ ਇਸਤੇਮਾਲ ਹੋ ਰਹੀ ਜ਼ਿਆਦਾਤਰ ਵੈਕਸੀਨ ਦੀ ਇਮਊਨਿਟੀ 6 ਤੋਂ 8 ਮਹੀਨੇ ਬਾਅਦ ਘੱਟ ਹੁੰਦੀ ਪਾਈ ਗਈ ਹੈ, ਇਸ ਲਈ ਇਸ ਇਮਊਨਿਟੀ ਨੂੰ ਬੂਸਟ ਕਰਨ ਲਈ ਤੀਜੀ ਡੋਜ਼ ਮਤਲਬ ਬੂਸਟਰ ਡੋਜ਼ ਦਿੱਤੀ ਜਾ ਰਹੀ ਹੈ।

## ਸਿੱਧੂ ਵਲੋਂ ਪੰਜਾਬ ਪੁਲਸ ਦਾ ਅਮਪਾਨ ਕਰਨਾ ਸ਼ਰਮਨਾਕ : ਚੁੱਘ

ਚੰਡੀਗੜ੍ਹ, (ਪੱਤਰ ਪ੍ਰੇਰਕ)- ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਨਵਜੋਤ ਸਿੱਧੂ ਨੂੰ ਪੰਜਾਬ ਪੁਲਸ ਕਰਮਚਾਰੀਆਂ ਲਈ ਅਪਮਾਨਜਨਕ ਭਾਸ਼ਾ ਦਾ ਇਸਤੇਮਾਲ ਕਰਨ ਲਈ ਸਖ਼ਤ ਫਟਕਾਰ ਲਗਾਈ ਹੈ। ਚੁੱਘ ਨੇ ਕਿਹਾ ਦੀ ਨਵਜੋਤ ਸਿੱਧੂ ਨੇ ਹਾਲ ਹੀ 'ਚ ਸੁਲਤਾਨਪੁਰ ਲੋਧੀ ਦੀ ਰੈਲੀ 'ਚ ਵਿਧਾਇਕ ਨਵਤੇਜ ਸਿੰਘ ਚੀਮਾ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਕਾਂਗਰਸ ਦੇ ਵਿਧਾਇਕ ਦੇ ਦਬਕੇ ਨਾਲ ਥਾਣੇਦਾਰ ਆਪਣੀ ਪੈਂਟ ਗਿੱਲੀ ਕਰ ਸਕਦੇ ਹਨ। ਸਿੱਧੂ ਦੀ ਟਿੱਪਣੀ 'ਤੇ ਸਖ਼ਤ ਇਤਰਾਜ਼ ਜਤਾਉਂਦਿਆਂ ਚੁੱਘ ਨੇ ਕਿਹਾ ਕਿ ਸਿੱਧੂ ਵਲੋਂ ਪੰਜਾਬ ਪੁਲਸ ਦੇ ਜਾਂਬਾਜ਼ ਜਵਾਨਾਂ ਦਾ ਅਪਮਾਨ ਕਰਨਾ ਸ਼ਰਮਨਾਕ ਹੈ। ਚੁੱਘ ਨੇ ਯਾਦ ਕਰਵਾਉਂਦਿਆਂ ਕਿਹਾ ਦੀ ਸਿੱਧੂ ਕਿਸ ਤਰ੍ਹਾਂ ਪਾਕਿਸਤਾਨੀ ਫੌਜ ਦੇ ਚੀਫ਼



ਜਨਰਲ ਬਾਜਵਾ ਦਾ ਸਵਾਗਤ ਜੱਫ਼ੀ ਪਾ ਕੇ ਕਰਦੇ ਹਨ ਅਤੇ ਪੰਜਾਬ ਪੁਲਸ ਦੇ ਜਾਂਬਾਜ਼ ਕਰਮਚਾਰੀਆਂ ਦਾ ਆਪਣੇ ਨੇਤਾਵਾਂ ਦੇ ਸਾਹਮਣੇ ਅਪਮਾਨ ਕਰਦੇ ਹਨ। ਪੁਲਸ ਕਰਮਚਾਰੀਆਂ ਦਾ ਜਨਤਕ ਤੌਰ 'ਤੇ ਅਪਮਾਨ ਕਰਕੇ ਸਿੱਧੂ ਨੇ ਇਕ ਵਾਰ ਫਿਰ ਆਪਣੀ ਗੈਰ-ਗੰਭੀਰ ਸ਼ਖਸੀਅਤ ਦਾ ਸਬੂਤ ਦਿੱਤਾ ਹੈ, ਜੋ ਪੰਜਾਬ ਲਈ ਬੋਝ ਬਣ ਗਿਆ ਹੈ।

## ਵਾਰਡ ਨੰਬਰ-8 'ਚ ਰਾਜੂ ਖੰਨਾ ਦੇ ਹੱਕ 'ਚ ਇਸਤਰੀ ਅਕਾਲੀ ਦਲ ਦੀ ਮੀਟਿੰਗ

ਮੰਡੀ ਗੋਬਿੰਦਗੜ੍ਹ, (ਪੱਤਰ ਪ੍ਰੇਰਕ)-ਵਿਧਾਨ ਸਭਾ ਹਲਕਾ ਅਮਲੋਹ ਤੋਂ ਸ੍ਰੋਮਣੀ ਅਕਾਲੀ ਦਲ, ਬਸਪਾ ਗੱਠਜੋੜ ਦੇ ਉਮੀਦਵਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਦੇ ਹੱਕ ਵਿਚ ਇਸਤਰੀ ਅਕਾਲੀ ਦਲ ਵਲੋਂ ਮੰਡੀ ਗੋਬਿੰਦਗੜ੍ਹ ਦੇ ਵਾਰਡਾਂ 'ਚ ਨੁੱਕੜ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਰਾਜੂ ਖੰਨਾ ਨੂੰ ਆਪਣੇ ਨੁਮਾਇੰਦੇ ਦੇ ਰੂਪ 'ਚ ਵੱਡੇ ਬਹੁਮਤ ਨਾਲ ਜਿੱਤ ਦਿਵਾ ਕੇ ਵਿਧਾਨ ਸਭਾ ਵਿਚ ਭੇਜਿਆ ਜਾ ਸਕੇ . ਇਹ ਪ੍ਰਗਟਾਵਾ ਇਸਤਰੀ ਅਕਾਲੀ ਦਲ ਦੀ ਸੂਬਾ ਸੀਨੀਅਰ ਮੀਤ ਪ੍ਰਧਾਨ ਕਿਰਨਦੀਪ ਕੌਰ ਖੰਨਾ ਤੇ ਜਲ੍ਹਿਾ ਸੀਨੀਅਰ ਮੀਤ ਪ੍ਰਧਾਨ ਤੇ ਕੌਂਸਲਰ ਰਾਧਿਕਾ ਵਰਮਾ ਨੇ ਅੱਜ ਸਰਕਲ ਮੀਤ ਪ੍ਰਧਾਨ ਪਿੰਕੀ ਰਾਣੀ ਵਲੋਂ ਭਰਤੀ ਸੰਬੰਧੀ ਸਥਾਨਕ ਵਾਰਡ ਨੰਬਰ-8 ਵਿਚ ਕਰਵਾਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ . ਉਨ੍ਹਾਂ ਕਿਹਾ ਕਿ ਇਸਤਰੀ ਅਕਾਲੀ ਦਲ ਦੀ ਸੂਬੇ ਵਿਚ ਅਕਾਲੀ ਦਲ ਬਸਪਾ ਗੱਠਜੋੜ ਦੀ ਸਰਕਾਰ ਬਣਾਉਣ 'ਚ ਅਹਿਮ ਭੂਮਿਕਾ ਰਹੇਗੀ ਅਤੇ ਇਸ ਮਿਸਨ ਦੀ ਪੂਰਤੀ ਲਈ ਹਲਕੇ ਦੇ ਪਿੰਡਾਂ ਤੇ ਸਹਿਰਾਂ ਵਿਚ ਘਰ-ਘਰ ਪਹੁੰਚ ਕੀਤੀ ਜਾ ਰਹੀ ਹੈ

# 'ਆਪ' ਵੱਲੋਂ ਨਵਜੋਤ ਸਿੱਧੂ ਨੂੰ 'ਸਕਿਓਰਿਟੀ' ਛੱਡਣ ਦਾ ਚੈਲੰਜ, ਪੰਜਾਬ ਪੁਲਸ ਲਈ ਕੀਤੇ ਵੱਡੇ ਐਲਾਨ

ਚੰਡੀਗੜ੍ਹ , (ਪੱਤਰ ਪ੍ਰੇਰਕ)-ਆਮ ਆਦਮੀ ਪਾਰਟੀ ਪੰਜਾਬ ਦੇ ਸਹਿ ਇੰਚਾਰਜ ਰਾਘਵ ਚੱਢਾ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਵੱਲੋਂ ਪੰਜਾਬ ਪੁਲਸ ਬਾਰੇ ਦਿੱਤੇ ਵਿਵਾਦਿਤ ਬਿਆਨ 'ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਪੁਲਸ 'ਚ ਇੰਨੇ ਈਮਾਨਦਾਰ ਅਫਸਰ ਹਨ ਕਿ ਜੇਕਰ ਉਹ ਚਾਹੁਣ ਤਾਂ ਪੰਜਾਬ 'ਚੋਂ ਨਸ਼ਿਆਂ ਦਾ ਨਾਮੋ-ਨਿਸ਼ਾਨ ਮਿਟਾ ਦੇਣ। ਉਨ੍ਹਾਂ ਨੇ ਨਵਜੋਤ ਸਿੱਧੂ ਨੂੰ ਚੈਲੰਜ ਕਰਦਿਆਂ ਕਿਹਾ ਹੈ ਕਿ ਨਵਜੋਤ ਸਿੱਧੂ ਨੇ ਆਪਣੇ ਸੁਰੱਖਿਆ ਮੁਲਾਜਮਾਂ ਸਾਹਮਣੇ ਪੰਜਾਬ ਪੁਲਸ ਦੀ ਬੇਇੱਜਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਨਵਜੋਤ ਸਿੱਧੂ ਨੂੰ ਪੰਜਾਬ ਪੁਲਸ ਤੋਂ ਇੰਨੀ ਹੀ ਨਫ਼ਰਤ ਹੈ ਤਾਂ ਫਿਰ ਵੀ ਪੰਜਾਬ ਪੁਲਸ ਦੀ ਸਕਿਓਰਿਟੀ ਛੱਡ ਦੇਣ। ਉਨ੍ਹਾਂ ਕਿਹਾ ਕਿ ਸਕਿਓਰਿਟੀ ਦੇ ਬਿਨਾਂ ਉਹ ਪੂਰੇ ਪੰਜਾਬ 'ਚ ਘੁੰਮ ਕੇ ਦੇਖਣ, ਫਿਰ ਪਤਾ ਲੱਗੇਗਾ ਕਿ ਲੋਕਾਂ ਦੇ ਦਿਲਾਂ 'ਚ ਉਨ੍ਹਾਂ ਲਈ ਕਿੰਨਾ ਕੁ ਪਿਆਰ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਨੇ ਪੰਜਾਬ ਪੁਲਸ ਨੂੰ ਬਦਨਾਮ ਕਰਨ ਦੀ ਜੋ ਕੋਸ਼ਿਸ਼ ਕੀਤੀ ਹੈ, ਉਹ ਮੁਆਫੀ ਦੇ ਕਾਬਲ ਨਹੀਂ ਹੈ।

ਪੰਜਾਬ ਪੁਲਸ ਲਈ ਕੀਤੇ ਵੱਡੇ ਐਲਾਨ : ਇਸ ਮੌਕੇ ਰਾਘਵ ਚੱਢਾ ਨੇ ਪੰਜਾਬ ਪੁਲਸ ਬਾਰੇ ਵੱਡੇ ਐਲਾਨ ਕਰਦਿਆਂ ਕਿਹਾ ਕਿ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ 'ਤੇ ਪੰਜਾਬ ਪੁਲਸ ਦੇ ਜਾਂਬਾਜ ਸਿਪਾਹੀਆਂ ਨੂੰ



ਸਨਮਾਨਜਨਕ ਨੌਕਰੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਬਣਨ 'ਤੇ ਪੰਜਾਬ ਪੁਲਸ ਤੋਂ ਸਿਰਫ ਪੁਲਸ ਦਾ ਕੰਮ ਕਰਵਾਇਆ ਜਾਵੇਗਾ ਅਤੇ ਕੋਈ ਗੈਰ ਸਰਕਾਰੀ ਕੰਮ ਨਹੀਂ ਕਰਵਾਇਆ ਜਾਵੇਗਾ। ਰਾਘਵ ਚੱਢਾ ਨੇ ਕਿਹਾ ਕਿ ਪੰਜਾਬ ਪੁਲਸ ਦੇ ਭੱਤਿਆਂ 'ਚ ਵਾਧਾ ਕੀਤਾ ਜਾਵੇਗਾ ਅਤੇ ਮਹੀਨੇਵਾਰ ਭੱਤੇ ਮਿਲਣਗੇ। ਇਸ ਦੇ ਨਾਲ ਹੀ ਪੰਜਾਬ ਪੁਲਸ ਦੇ ਕੰਮ ਕਰਨ ਦੇ ਘੰਟਿਆਂ ਨੂੰ ਵੀ ਰੈਗੂਲੇਟ ਕੀਤਾ ਜਾਵੇਗਾ। ਰਾਘਵ ਚੱਢਾ ਨੇ ਕਿਹਾ ਕਿ ਸੂਬੇ 'ਚ ਅਰਵਿੰਦ ਕੇਜਰੀਵਾਲ ਜੀ ਦੀ ਸਰਕਾਰ ਬਣਨ 'ਤੇ ਪੰਜਾਬ ਪੁਲਸ 'ਚੋਂ ਸਿਆਸੀ ਦਖਲ-ਅੰਦਾਜੀ ਬੰਦ ਕੀਤੀ ਜਾਵੇਗੀ ਅਤੇ ਪੰਜਾਬ ਪੁਲਸ ਦੇ ਅਫਸਰ ਬਿਨਾਂ ਰੋਕ-ਟੋਕ ਦੇ ਆਪਣਾ ਕੰਮ ਕਰ ਸਕਣਗੇ। ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਦੇ ਮੁਲਾਜਮ ਕਈ ਮਹੀਨੇ ਆਪਣੇ ਘਰਾਂ ਤੋਂ ਦੂਰ ਰਹਿੰਦੇ ਹਨ ਅਤੇ ਬਾਹਰ ਦੀ ਰੋਟੀ ਖਾਂਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੂੰ ਨਵਜੋਤ ਸਿੱਧੂ ਵਰਗੇ ਨੇਤਾਵਾਂ ਦੀਆਂ ਗਾਲ੍ਹਾਂ ਵੀ ਖਾਣੀਆਂ ਪੈਂਦੀਆਂ ਹਨ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ 'ਤੇ ਪੰਜਾਬ ਪੁਲਸ 'ਚ ਵੱਡੇ ਸੁਧਾਰ ਲਿਆਂਦੇ ਜਾਣਗੇ। ਰਾਘਵ ਚੱਢਾ ਨੇ ਇਸ ਮੌਕੇ ਕਾਂਗਰਸ 'ਤੇ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਕਾਂਗਰਸ ਦੇ ਵੱਡੇ-ਵੱਡੇ ਮੰਤਰੀ, ਚੇਅਰਮੈਨ ਅਤੇ ਵਿਧਾਇਕ ਪਾਰਟੀ ਛੱਡ ਕੇ ਜਾ ਰਹੇ ਹਨ ਅਤੇ ਪੰਜਾਬ 'ਚ ਕਾਂਗਰਸ ਦਾ ਕੋਈ ਭਵਿੱਖ ਨਹੀਂ ਹੈ। ਇਸ ਮੌਕੇ ਭਾਜਪਾ, ਕੈਪਟਨ ਅਤੇ ਢੀਂਡਸਾ ਦੇ ਗਠਜੋੜ ਬਾਰੇ ਗੱਲ ਕਰਦਿਆਂ ਰਾਘਵ ਚੱਢਾ ਨੇ ਕਿਹਾ ਕਿ ਉਹ ਇਹ ਭਵਿੱਖਬਾਣੀ ਕਰਦੇ ਹਨ ਕਿ ਇਹ ਗਠਜੋੜ ਪੰਜਾਬ ਦੀਆਂ 117 ਸੀਟਾਂ 'ਚੋਂ ਇਕ ਵੀ ਸੀਟ 'ਤੇ ਜਿੱਤ ਦਰਜ ਨਹੀਂ ਕਰ ਸਕੇਗਾ।

## ਵਿਧਾਇਕ ਨਾਗਰਾ ਨੇ ਭਗਤ ਨਾਮ ਦੇਵ ਜੀ ਚੌਕ ਦੇ ਨਿਰਮਾਣ ਦਾ ਲਿਆ ਜਾਇਜਾ

ਫਤਹਿਗੜ੍ਹ ਸਾਹਿਬ, (ਪੱਤਰ ਪ੍ਰੇਰਕ)-ਹਲਕਾ ਫਤਹਿਗੜ੍ਹ ਸਾਹਿਬ ਦੇ ਵਿਧਾਇਕ ਕੁਲਜੀਤ ਸਿੰਘ ਨਾਗਰਾ ਨੇ ਜੀ. ਟੀ. ਰੋਡ ਤੋਂ ਰੇਲਵੇ ਸਟੇਸਨ ਰੋਡ, ਹਮਾਯੂੰਪੁਰ ਸਰਹਿੰਦ ਵਿਖੇ ਬਣਾਏ ਜਾ ਰਹੇ ਭਗਤ ਬਾਬਾ ਨਾਮਦੇਵ ਜੀ ਚੌਕ ਦੇ ਚੱਲ ਰਹੇ ਕੰਮ ਦਾ ਜਾਇਜਾ ਲਿਆ . ਇਸ ਮੌਕੇ ਵਿਧਾਇਕ ਨਾਗਰਾ ਨੇ ਦੱਸਿਆ ਕਿ ਚੌਕ ਬਣਾਉਣ 'ਚ ਪ੍ਰਤੀਮ ਸਿੰਘ ਵਲੋਂ ਸਹਿਯੋਗ ਦਿੱਤਾ ਜਾ ਰਿਹਾ ਹੈ . ਉਨ੍ਹਾਂ ਦੱਸਿਆ ਕਿ ਇਸ ਚੌਕ ਤੋਂ ਵਿਸਵਕਰਮਾ ਚੌਕ ਨੂੰ ਜਾਣ ਵਾਲੀ ਸੜਕ ਨੂੰ ਵੀ ਸੁੰਦਰ ਬਣਾਇਆ ਜਾਵੇਗਾ . ਸ. ਨਾਗਰਾ ਨੇ ਦੱਸਿਆ ਕਿ ਇਸ ਚੌਕ ਦੇ ਨਿਰਮਾਣ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ ਤੇ ਇਸ ਨੂੰ ਜਲਦ ਹੀ ਲੋਕ ਅਰਪਣ ਕਰ ਦਿੱਤਾ ਜਾਵੇਗਾ, ਜਿਸ ਨਾਲ ਸਹਿਰ ਵਾਸੀਆਂ ਦੀ ਚਿਰੋਕਣੀ ਮੰਗ ਪੂਰੀ ਹੋਵੇਗੀ . ਉਨ੍ਹਾਂ ਦੱਸਿਆ ਕਿ ਜੀ. ਟੀ. ਰੋਡ ਬੱਸ ਅੱਡੇ ਤੋਂ ਫਲਾਈਓਵਰ ਤੱਕ ਜਾਂਦੀ ਸੜਕ ਦੀ ਕਰੀਬ 76 ਲੱਖ ਰੁਪਏ ਦੀ ਲਾਗਤ ਨਾਲ ਵਿਸੇਸ ਮੁਰੰਮਤ ਵੀ ਕਰਵਾਈ ਗਈ ਹੈ

## ਸੰਪਾਦਕੀ



ਸ੍ਵਯਮੇਵ ਮ ਗੇਨ੍ਦ੍ਰਤਾ

# ਘੱਟਗਿਣਤੀਆਂ 'ਤੇ ਹਮਲੇ

ਭਾਰਤ ਅੰਦਰ ਘੱਟਗਿਣਤੀਆਂ ਦੀ ਸੁਰੱਖਿਆ ਦਾ ਮੁੱਦਾ ਲਗਾਤਾਰ ਚਰਚਾ ਵਿਚ ਰਿਹਾ ਹੈ। ਕ੍ਰਿਸਮਸ ਮੌਕੇ ਹਰਿਆਣਾ ਦੇ ਅੰਬਾਲਾ ਕੈਂਟ ਦੇ ਚਰਚ ਅਤੇ ਅਸਾਮ ਤੇ ਆਗਰਾ ਵਿਚ ਈਸਾਈ ਭਾਈਚਾਰੇ ਦੇ ਲੋਕਾਂ ਉੱਤੇ ਹਮਲਿਆਂ ਨੇ ਇਸ ਬਹਿਸ ਨੂੰ ਤੇਜ਼ ਕਰ ਦਿੱਤਾ ਹੈ। ਸ਼ਨਿੱਚਰਵਾਰ-ਐਤਵਾਰ ਦੀ ਰਾਤ ਨੂੰ ਅੰਬਾਲਾ ਸਥਿਤ ਚਰਚ ਦੇ ਮੁੱਖ ਗੇਟ ਉੱਤੇ ਲੱਗੇ ਯਸ਼ੂ ਮਸੀਹ ਦੇ ਬੁੱਤ ਦੀ ਤੋੜ-ਫੋੜ ਕੀਤੀ ਗਈ। ਅਸਾਮ ਵਿਚ ਕ੍ਰਿਸਮਸ ਦੇ ਇਕ ਪ੍ਰੋਗਰਾਮ ਵਿਚ ਭਗਵੇਂ ਮਫ਼ਲਰਾਂ ਵਾਲੇ ਸਮੂਹ ਨੇ ਹਿੰਦੂਆਂ ਨੂੰ ਬਾਹਰ ਜਾਣ ਲਈ ਕਿਹਾ। ਆਗਰਾ ਵਿਚ ਵਾਪਰੀ ਘਟਨਾ ਖੁਦ ਨੂੰ ਰਾਸ਼ਟਰੀ ਬਜਰੰਗ ਦਲ ਕਹਾਉਣ ਵਾਲਿਆਂ ਨਾਲ ਸਬੰਧਿਤ ਹੈ ਜਿਨ੍ਹਾਂ ਦਾ ਕਹਿਣਾ ਹੈ ਕਿ ਕ੍ਰਿਸਮਸ ਦੇ ਮੌਕੇ ਈਸਾਈ ਸ਼ਾਂਤਾ ਕਲਾਜ਼ ਦੇ ਨਾਮ ਉੱਤੇ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਤੋਹਫ਼ੇ ਦੇ ਕੇ ਆਪਣੇ ਧਰਮ ਵੱਲ ਆਕਰਸ਼ਿਤ ਕਰਦੇ ਹਨ; ਇਸ ਨਾਲ ਧਰਮ-ਬਦਲੀ ਦਾ ਰਾਹ ਤਿਆਰ ਹੁੰਦਾ ਹੈ।

ਗੈਰ-ਸਰਕਾਰੀ ਜਥੇਬੰਦੀਆਂ ਯੂਨਾਈਟਿਡ ਅਗੇਂਸਟ ਹੇਟ, ਐਸੋਸੀਏਸ਼ਨ ਫਾਰ ਪ੍ਰੋਟੈਕਸ਼ਨ ਆਫ ਸਿਵਲ ਰਾਈਟਸ ਅਤੇ ਯੂਨਾਈਟਿਡ ਕ੍ਰਿਸ਼ਚੀਅਨ ਫੋਰਮ ਵੱਲੋਂ ਜਾਰੀ ਖੋਜ ਰਿਪੋਰਟ ਅਨੁਸਾਰ ਇਸ ਸਾਲ ਈਸਾਈਆਂ ਉੱਤੇ ਹੋਏ ਹਮਲਿਆਂ ਦੇ 300 ਤੋਂ ਵੱਧ ਮਾਮਲੇ ਦਰਜ ਹੋਏ ਹਨ। ਇਨ੍ਹਾਂ ਵਿਚ ਪਹਿਲਾਂ ਨੰਬਰ ਉੱਤਰ ਪ੍ਰਦੇਸ਼ ਦਾ ਹੈ। ਛੱਤੀਸਗੜ੍ਹ, ਉੱਤਰਾਖੰਡ, ਕਰਨਾਟਕ, ਹਰਿਆਣਾ ਅਤੇ ਦਿੱਲੀ ਵਿਚ ਵੀ ਲਗਾਤਾਰ ਅਜਿਹੇ ਹਮਲੇ ਹੋਏ। ਆਪੇ ਬਣੇ ਧਰਮ ਦੇ ਰਾਖਿਆਂ ਦੁਆਰਾ ਕੀਤੀਆਂ ਗਈਆਂ ਹਜੂਮੀ ਹਿੰਸਾ ਦੀਆਂ ਕਾਰਵਾਈਆਂ ਨੂੰ ਵੀ ਉਤਸ਼ਾਹਿਤ ਕੀਤਾ ਜਾਂਦਾ ਰਿਹਾ ਹੈ। ਵੱਖ ਵੱਖ ਸੂਬਿਆਂ 'ਚ ਮੁਸਲਿਮ ਭਾਈਚਾਰੇ ਨੂੰ ਲਿਬਾਸ, ਖਾਣ-ਪੀਣ ਅਤੇ ਕੰਮ-ਕਾਜ ਦੇ ਆਧਾਰ ਉੱਤੇ ਨਿਸ਼ਾਨਾ ਬਣਾਇਆ ਗਿਆ। ਅਜਿਹੀਆਂ ਘਟਨਾਵਾਂ ਨਾਲ ਅਸੁਰੱਖਿਆ ਦੀ ਭਾਵਨਾ ਪੈਦਾ ਹੋਣੀ ਸੁਭਾਵਿਕ ਹੈ। ਸਰਕਾਰਾਂ ਉੱਤੇ ਇਹ ਇਲਜ਼ਾਮ ਵੀ ਲੱਗਦਾ ਰਿਹਾ ਹੈ ਕਿ ਉਹ ਦੇਸ਼ ਦੇ ਸੰਵਿਧਾਨ ਦੀ ਭਾਵਨਾ ਮੁਤਾਬਿਕ ਕੰਮ ਕਰਨ ਵਿਚ ਅਸਫਲ ਰਹੀਆਂ ਹਨ।

ਧਾਰਮਿਕ ਆਜ਼ਾਦੀ ਸੰਵਿਧਾਨ ਦੁਆਰਾ ਦਿੱਤੇ ਮੌਲਿਕ ਅਧਿਕਾਰਾਂ 'ਚ ਸ਼ੁਮਾਰ ਹੈ। ਕਾਨੂੰਨ ਦੀ ਨਜ਼ਰ 'ਚ ਕਿਸੇ ਨਾਲ ਵੀ ਧਰਮ, ਜਾਤ, ਨਸਲ, ਬੋਲੀ, ਭਾਸ਼ਾ, ਸੱਭਿਆਚਾਰ, ਰੰਗ, ਲਿੰਗ ਜਾਂ ਕਿਸੇ ਹੋਰ ਕਾਰਨ ਕਰਕੇ ਭੇਦਭਾਵ ਨਹੀਂ ਕੀਤਾ ਜਾ ਸਕਦਾ। ਕੱਟੜਪੰਥੀ ਜਥੇਬੰਦੀਆਂ ਦੇ ਪੈਰੋਕਾਰਾਂ ਵੱਲੋਂ ਧਰਮ ਨਿਰਪੱਖਤਾ ਦੇ ਨਜ਼ਰੀਏ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ; ਘੱਟਗਿਣਤੀਆਂ, ਦਲਿਤਾਂ ਤੇ ਕਬਾਇਲੀਆਂ 'ਤੇ ਹਮਲੇ ਵਧ ਰਹੇ ਹਨ। ਇਹ ਮਾਹੌਲ ਦੇਸ਼ ਦੀ ਏਕਤਾ ਤੇ ਵਿਕਾਸ ਲਈ ਘਾਤਕ ਹੈ। ਦੇਸ਼ 'ਚ ਵੱਖ ਵੱਖ ਪਛਾਣਾਂ ਦੇ ਬਾਵਜੂਦ ਸਦੀਆਂ ਤੋਂ ਭਾਈਚਾਰਕ ਸਾਂਝ ਹੈ। ਇਕ ਧਰਮ ਦੇ ਲੋਕ ਦੂਸਰੇ ਧਰਮਾਂ ਦੇ ਤਿਉਹਾਰਾਂ ਦੇ ਸਮਾਗਮਾਂ 'ਚ ਸ਼ਰੀਕ ਹੁੰਦੇ ਰਹੇ ਹਨ। ਇਸ ਨੂੰ ਸਮਾਜਿਕ ਵੰਨ-ਸਵੰਨਤਾ ਦੇ ਬਾਵਜੂਦ ਇਕਸੁਰ ਹੋਣ ਦੀ ਖੂਬਸੂਰਤੀ ਮੰਨਿਆ ਜਾਂਦਾ ਹੈ। ਜਮਹੂਰੀ ਤਾਕਤਾਂ ਨੂੰ ਫਿਰਕਾਪ੍ਰਸਤ ਸੋਚ ਅਤੇ ਸ਼ਕਤੀਆਂ ਵਿਰੁੱਧ ਇਕਜੁੱਟ ਹੋ ਕੇ ਘੱਟਗਿਣਤੀ ਫਿਰਕਿਆਂ ਦੇ ਲੋਕਾਂ, ਦਲਿਤਾਂ ਅਤੇ ਦਮਿਤਾਂ ਦੇ ਹੱਕ ਵਿਚ ਨਿੱਤਰਨਾ ਚਾਹੀਦਾ ਹੈ।

**-ਡਾ. ਭਾਈ ਪਰਮਜੀਤ ਸਿੰਘ**

# ਕੀ ਮੁਫ਼ਤ ਤੋਹਫ਼ਿਆਂ ਨਾਲ ਪੰਜਾਬੀ ਖ਼ੁਸ਼ਹਾਲ ਹੋ ਜਾਣਗੇ ?

ਜਿਸ ਤਰ੍ਹਾਂ ਹਰ ਰਾਜਨੀਤਕ ਪਾਰਟੀ ਵਲੋਂ ਮੁਫ਼ਤ ਤੋਹਫ਼ਿਆਂ ਦੇ ਵਾਅਦੇ ਕੀਤੇ ਜਾ ਰਹੇ ਹਨ, ਇਸ ਤੋਂ ਇਸ ਪੰਜਾਬ ਦੇ ਲੋਕਾਂ ਵਿਚ ਕਿੰਨੀ ਕੁ ਖੁਸ਼ਹਾਲੀ ਆਏਗੀ? ਇਹ ਤਾਂ ਸਮਾਂ ਹੀ ਦੱਸੇਗਾ ਪਰ ਆਮ ਲੋਕਾਂ ਵਿਚ ਚੱਲ ਰਹੀ ਚਰਚਾ ਵਿਚ ਇਸ ਸੰਬੰਧੀ ਨਾ ਸਿਰਫ਼ ਸੰਦੇਹ ਹੀ ਹਨ ਸਗੋਂ ਕਈ ਤਾਂ ਇਸ ਨੂੰ ਇਕ ਮਜ਼ਾਕ ਹੀ ਸਮਝ ਰਹੇ ਹਨ। ਪਹਿਲਾਂ ਇਕ ਪਾਰਟੀ ਨੇ 200 ਯੂਨਿਟ ਬਿਜਲੀ ਮੁਫ਼ਤ ਕੀਤੀ, ਫਿਰ ਦੂਸਰੀ ਪਾਰਟੀ ਨੇ 300 ਯੂਨਿਟ ਦੇ ਵਾਅਦੇ ਕੀਤੇ। ਪਹਿਲਾਂ ਇਕ ਪਾਰਟੀ ਨੇ 1000 ਰੁਪਏ ਹਰ ਔਰਤ ਨੂੰ ਦੇਣ ਦਾ ਵਾਅਦਾ ਕੀਤਾ, ਫਿਰ ਦੂਸਰੀ ਪਾਰਟੀ ਨੇ 2000 ਰੁਪਏ ਪ੍ਰਤੀ ਔਰਤ ਪ੍ਰਤੀ ਮਹੀਨਾ ਭੱਤੇ ਦਾ ਵਾਅਦਾ ਕੀਤਾ। ਕੁਝ ਸਮਾਂ ਪਹਿਲਾਂ ਸੂਬੇ ਦੀਆਂ ਔਰਤਾਂ ਨੂੰ ਬੱਸਾਂ ਵਿਚ ਮੁਫ਼ਤ ਸਫ਼ਰ ਦੀ ਸਹੂਲਤ ਦਿੱਤੀ ਅਤੇ ਇਸ ਪ੍ਰਕਾਰ ਹਰ ਪਾਰਟੀ ਵੱਧ ਤੋਂ ਵੱਧ ਮੁਫ਼ਤ ਤੋਹਫ਼ੇ ਦੇਣ ਦੇ ਵਾਅਦੇ ਕਰ ਰਹੀ ਹੈ। ਇਨ੍ਹਾਂ ਵਾਅਦਿਆਂ ਨੂੰ ਸੁਣ ਕੇ ਹਰ ਮਨ ਵਿਚ ਇਹ ਸਵਾਲ ਪੈਦਾ ਹੋਣਾ ਇਕ ਸੁਭਾਵਿਕ ਗੱਲ ਹੈ ਕਿ ਕੀ ਇਨ੍ਹਾਂ ਲਈ ਲੋੜੀਂਦਾ ਖ਼ਰਚ ਕਿਤੋਂ ਬਾਹਰ ਤੋਂ ਆਵੇਗਾ ਜਾਂ ਉਹ ਫਿਰ ਇਸ ਜਨਤਾ ਨੂੰ ਹੀ ਦੇਣਾ ਪਵੇਗਾ ਕਿਉਂਕਿ ਸੂਬੇ ਦੀ ਜਨਤਕ ਆਮਦਨ ਦਾ ਆਧਾਰ ਤਾਂ ਜਨਤਾ ਹੀ ਹੈ।

ਇਨ੍ਹਾਂ ਵਾਅਦਿਆਂ ਬਾਰੇ ਵਿਚਾਰ ਕਰਦਿਆਂ ਇਕ ਕਹਾਣੀ ਯਾਦ ਆਉਂਦੀ ਹੈ ਕਿ ਇਕ ਜੰਗਲ ਦੇ ਰਾਜੇ ਨੇ ਐਲਾਨ ਕੀਤਾ ਕਿ ਇਸ ਸਿਆਲ ਵਿਚ ਜੰਗਲ ਦੀਆਂ ਸਾਰੀਆਂ ਭੇਡਾਂ ਨੂੰ ਕੰਬਲ ਦੇ ਦਿੱਤੇ ਜਾਣਗੇ ਤਾਂ ਕਿ ਉਨ੍ਹਾਂ ਨੂੰ ਠੰਢ ਨਾ ਲੱਗੇ। ਇਸ ਗੱਲ ਨੂੰ ਹਰ ਜਾਨਵਰ ਵਲੋਂ ਸਲਾਹਿਆ ਗਿਆ ਅਤੇ ਜੰਗਲ ਦੇ ਰਾਜੇ ਦੇ ਹੱਕ ਵਿਚ ਕਿੰਨਾ ਚਿਰ ਨਾਅਰੇ ਲਗਦੇ ਰਹੇ ਅਤੇ ਵੱਖ-ਵੱਖ ਨੇਤਾਵਾਂ ਨੇ ਰਾਜੇ ਦੀ ਸਿਫ਼ਤ ਵੀ ਕੀਤੀ ਪਰ ਇਕ ਗਿੱਦੜ ਨੇ ਇਹ ਗੱਲ ਪੁੱਛੀ ਕਿ ਇਨ੍ਹਾਂ ਕੰਬਲਾਂ ਲਈ ਉੱਨ ਕਿੱਥੋਂ ਲਈ ਜਾਵੇਗੀ ਤਾਂ ਰਾਜੇ ਦੇ ਸਲਾਹਕਾਰ ਨੇ ਜਵਾਬ ਦਿੱਤਾ ਕਿ ਇਹ ਵੀ ਕੋਈ ਪੁੱਛਣ ਵਾਲੀ ਗੱਲ ਹੈ, ਇਹ ਤਾਂ ਸਪੱਸ਼ਟ ਹੀ ਹੈ ਕਿ ਇਹ ਉੱਨ ਤਾਂ ਭੇਡਾਂ ਤੋਂ ਹੀ ਲਈ ਜਾਵੇਗੀ, ਜਿਸ 'ਤੇ ਸਭ ਜਾਨਵਰ ਚੁੱਪਚਾਪ ਉਥੋਂ ਚਲੇ ਗਏ। ਭਾਵੇਂ ਸਿੱਧੇ ਤੌਰ 'ਤੇ ਤਾਂ ਕੋਈ ਇਹ ਨਹੀਂ ਪੁੱਛਦਾ ਕਿ ਇਸ ਫਰਾਖਦਿਲੀ ਨਾਲ ਦਿੱਤੇ ਤੋਹਫ਼ਿਆਂ ਦਾ ਖ਼ਰਚ ਕੌਣ ਦੇਵੇਗਾ ਪਰ ਹੁਣ ਹਰ ਕੋਈ ਇਹ ਭਲੀ-ਭਾਂਤ ਸਮਝ ਰਿਹਾ ਹੈ ਕਿ ਇਨ੍ਹਾਂ ਤੋਹਫ਼ਿਆਂ 'ਤੇ ਕੀਤਾ ਖ਼ਰਚ ਫਿਰ ਲੋਕਾਂ ਨੂੰ ਹੀ ਦੇਣਾ ਪੈਣਾ ਹੈ।

1952 ਤੋਂ ਜਦੋਂ ਤੋਂ ਭਾਰਤ ਵਿਚ ਚੋਣਾਂ ਦਾ ਅਮਲ ਸ਼ੁਰੂ ਹੋਇਆ ਹੈ, ਉਦੋਂ ਤੋਂ ਹੀ ਆਰਥਿਕ ਲਾਭਾਂ ਦੇ ਵਾਅਦੇ ਤਾਂ ਕੀਤੇ ਜਾਂਦੇ ਰਹੇ ਹਨ ਪਰ ਉਹ ਕੁਝ ਹੱਦ ਤੱਕ ਕੀਤੇ ਜਾਂਦੇ ਸਨ ਜਾਂ ਸਰਕਾਰ ਦੇ ਮੁਢਲੇ ਫ਼ਰਜ਼ਾਂ ਤੱਕ ਸੀਮਤ ਸਨ ਜਿਵੇਂ ਰੁਜ਼ਗਾਰ ਵਧਾਉਣਾ, ਰੋਟੀ, ਕੱਪੜਾ ਅਤੇ ਮਕਾਨ, ਗ਼ਰੀਬੀ ਹਟਾਉ। ਉਨ੍ਹਾਂ ਵਿਚ ਏਨਾ ਭੱਤਾ ਦੇਣਾ, ਮੁਫ਼ਤ ਸਫ਼ਰ ਕਰਾਉਣਾ, ਬਿਜਲੀ, ਪਾਣੀ ਮੁਫ਼ਤ ਕਰਨਾ ਇਸ ਤਰ੍ਹਾਂ ਦੇ ਵਾਅਦੇ ਨਹੀਂ ਸਨ। ਨੀਤੀਵਾਨਾਂ ਵਲੋਂ ਸੋਚ ਸਮਝ ਕੇ ਓਨੇ ਕੁ ਵਾਅਦੇ ਕੀਤੇ ਜਾਂਦੇ ਸਨ ਜਿੰਨੇ ਪੂਰੇ ਕਰਨੇ ਸੰਭਵ ਸੀ। ਸਰਕਾਰ ਕੋਲ ਆਮਦਨ ਦੇ ਸਾਧਨ ਹੋਣ ਤਾਂ ਤੋਹਫ਼ੇ ਦਿੱਤੇ ਵੀ ਜਾ ਸਕਦੇ ਹਨ। ਵਪਾਰਕ ਬੈਂਕਾਂ ਨੂੰ ਜੇ ਸੈਂਕੜੇ, ਹਜ਼ਾਰਾਂ, ਕਰੋੜਾਂ ਦੇ ਲਾਭ ਹੁੰਦੇ ਹਨ ਤਾਂ ਉਨ੍ਹਾਂ ਦੇ ਆਧਾਰ 'ਤੇ ਕੇਂਦਰ ਸਰਕਾਰ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਦਾ ਵਾਅਦਾ ਕਰ ਸਕਦੀ ਹੈ ਪਰ ਸੂਬੇ ਦੀ ਸਰਕਾਰ ਜਿਸ ਦਾ ਵਪਾਰਕ ਬੈਂਕਾਂ 'ਤੇ ਅਧਿਕਾਰ ਹੀ ਨਹੀਂ ਜੇ ਉਹ ਇਸ ਤਰ੍ਹਾਂ ਦਾ ਵਾਅਦਾ ਕਰਦੀ ਹੈ ਤਾਂ ਉਹ ਤਾਂ ਉਸ ਸੂਬੇ ਦੇ ਲੋਕਾਂ 'ਤੇ ਹੀ ਬੋਝ ਪੈਣਾ ਹੈ।

ਬਿਜਲੀ ਪਾਣੀ ਨੂੰ ਮੁਫ਼ਤ ਕਰਨ ਦੀ ਬਜਾਏ ਬਦਲਵੇਂ ਢੰਗ ਨਾਲ ਰਿਆਇਤ ਦਿੱਤੀ ਜਾ ਸਕਦੀ ਸੀ ਪਰ ਬਿਜਲੀ ਮੁਫ਼ਤ ਕਰਨ ਨਾਲ ਜਿੰਨੀ ਬਿਜਲੀ ਸਿੰਚਾਈ ਲਈ ਵਰਤੀ ਗਈ, ਓਨੀ ਹੀ ਫਜ਼ੂਲ ਵਰਤੀ ਗਈ। ਪਾਣੀ ਨੂੰ ਧਰਤੀ ਥੱਲਿਉਂ ਜ਼ਰੂਰਤ ਤੋਂ ਵੱਧ ਕੱਢਿਆ ਗਿਆ ਅਤੇ ਸਮੱਸਿਆ ਬਣਾ ਦਿੱਤੀ ਗਈ। ਬਿਜਲੀ ਅਤੇ ਪਾਣੀ 'ਤੇ ਓਨਾ ਕੁ ਬਿੱਲ ਜ਼ਰੂਰ ਲਾਉਣਾ ਚਾਹੀਦਾ ਹੈ ਕਿ ਇਨ੍ਹਾਂ ਨੂੰ ਵਰਤਣ ਵਾਲਾ ਘੱਟੋ-ਘੱਟ ਇਹ ਤਾਂ ਮਹਿਸੂਸ ਕਰੇ ਕਿ ਇਹ ਸਰੋਤ ਸੀਮਤ ਹਨ।

ਪਿਛਲੇ ਸਾਲ ਸਰਕਾਰ 'ਤੇ ਕੋਈ 2 ਲੱਖ 60 ਹਜ਼ਾਰ ਦਾ ਕਰਜ਼ਾ ਸੀ, ਜਿਸ ਲਈ ਸਾਲਾਨਾ 20 ਹਜ਼ਾਰ ਕਰੋੜ ਰੁਪਏ ਵਿਆਜ ਦੇਣਾ ਪੈਂਦਾ ਸੀ। ਨਵੇਂ ਵਾਅਦੇ ਅਨੁਸਾਰ ਜਿਸ ਵਿਚ ਪ੍ਰਤੀ ਬਾਲਗ ਔਰਤ ਨੂੰ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਨਾਲ ਸਾਲ 'ਚ ਇਕ ਕਰੋੜ ਔਰਤਾਂ ਲਈ ਸਾਲਾਨਾ 12,000 ਕਰੋੜ ਰੁਪਏ ਦਿੱਤੇ ਜਾਣਗੇ ਅਤੇ ਜੇ ਦੂਜੀ ਪਾਰਟੀ ਵਲੋਂ 2000 ਰੁਪਏ ਪ੍ਰਤੀ ਮਹੀਨਾ ਦਿੱਤੇ ਗਏ ਤਾਂ ਫਿਰ ਸਾਲ ਵਿਚ 24,000 ਕਰੋੜ ਰੁਪਏ ਦਿੱਤੇ ਜਾਣਗੇ। 20 ਹਜ਼ਾਰ ਕਰੋੜ ਪਹਿਲੇ ਕਰਜ਼ੇ ਦਾ ਵਿਆਜ ਹੈ, ਇਸ ਤਰ੍ਹਾਂ 44 ਹਜ਼ਾਰ ਕਰੋੜ ਤਾਂ ਸਿਰਫ ਇਨ੍ਹਾਂ ਦੋਵਾਂ ਮੱਦਾਂ ਲਈ ਦੇ ਦਿੱਤਾ ਜਾਵੇਗਾ। ਪੰਜਾਬ ਦੇ 80,000 ਕਰੋੜ ਰੁਪਏ ਦੇ ਬਜਟ ਵਿਚ ਵਿਕਾਸ ਖ਼ਰਚ ਨਾ ਵੀ ਹੋਵੇ ਤਾਂ ਤਨਖ਼ਾਹਾਂ ਲਈ ਵੀ ਹੋਰ ਕਰਜ਼ਾ ਲੈਣਾ ਪਵੇਗਾ ਅਤੇ ਇਸ ਤਰ੍ਹਾਂ ਕਰਜ਼ੇ ਦੇ ਬੁਰੇ ਚੱਕਰ ਵਿਚ ਸੂਬਾ ਲਗਾਤਾਰ ਹੋਰ ਉਲਝਦਾ ਜਾਵੇਗਾ।

ਸਰਕਾਰ ਦੇ ਕੁਝ ਜ਼ਰੂਰੀ ਫ਼ਰਜ਼ ਹਨ, ਜਿਨ੍ਹਾਂ ਵਿਚ ਯੋਗ ਪ੍ਰਬੰਧ ਤੋਂ ਇਲਾਵਾ ਲੋਕ ਭਲਾਈ ਲਈ ਵਿੱਦਿਆ ਦਾ ਪਸਾਰ ਅਤੇ ਚੰਗੀਆਂ ਸਿਹਤ ਸੇਵਾਵਾਂ ਮੁੱਖ ਹਨ। ਪੰਜਾਬ ਸਰਕਾਰ ਦੇ ਬਜਟ ਵਿਚ ਵਿੱਦਿਆ ਅਤੇ ਸਿਹਤ ਸੇਵਾਵਾਂ ਲਈ ਬਜਟ ਵਿਚ ਤਿੰਨ ਫ਼ੀਸਦੀ ਹਿੱਸਾ ਰੱਖਿਆ ਜਾਂਦਾ ਹੈ ਜਦੋਂ ਕਿ ਦੁਨੀਆ ਦੇ ਵਿਕਸਿਤ ਦੇਸ਼ਾਂ ਵਿਚ ਇਹ 6 ਫ਼ੀਸਦੀ ਤੋਂ ਉੱਪਰ ਹੈ। ਜਦੋਂ ਹੋਰ ਤੋਹਫ਼ਿਆਂ 'ਤੇ, ਜਿਹੜੇ ਗ਼ੈਰ-ਉਪਜਾਊ ਵੀ ਹਨ, ਜ਼ਿਆਦਾ ਖ਼ਰਚ ਕਰ ਦਿੱਤਾ ਜਾਵੇਗਾ ਤਾਂ ਇਨ੍ਹਾਂ ਮੱਦਾਂ 'ਤੇ ਬਜਟ ਵਿਚ ਹੋਰ ਕਮੀ ਕੀਤੀ ਜਾਵੇਗੀ, ਜਿਸ ਨਾਲ ਇਹ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੀਆਂ, ਜਿਹੜਾ ਫਜ਼ੂਲ ਖਰਚੀ ਅਤੇ ਮੁਫ਼ਤ ਤੋਹਫ਼ਿਆਂ ਦਾ ਸਿੱਟਾ ਹੋਵੇਗਾ। ਭਾਰਤ ਦੀ ਸਾਖਰਤਾ ਦੀ ਦਰ 74 ਫ਼ੀਸਦੀ ਹੈ ਜਿਸ ਦਾ ਅਰਥ ਹੈ ਕਿ 100 ਵਿਚੋਂ 26 ਲੋਕ ਅਨਪੜ੍ਹ ਹਨ ਅਤੇ ਪੜ੍ਹੇ-ਲਿਖੇ ਦੀ ਪਰਿਭਾਸ਼ਾ ਇਹ ਹੈ ਕਿ ਉਸ ਨੂੰ ਪੜ੍ਹਿਆ-ਲਿਖਿਆ ਗਿਣਿਆ ਜਾਂਦਾ ਹੈ ਜਿਹੜਾ 8ਵੀਂ ਪਾਸ ਹੈ ਪਰ ਫਿਰ ਵੀ ਪੰਜਾਬ ਵਿਚ ਪੜ੍ਹਿਆਂ-ਲਿਖਿਆਂ ਦੀ ਦਰ 72 ਫ਼ੀਸਦੀ ਜਾਂ 100 ਵਿਚੋਂ 28 ਲੋਕ ਅਨਪੜ੍ਹ ਹਨ। ਇਹ ਸਥਿਤੀ ਜਿਹੜੀ ਪਿਛਲੇ 75 ਸਾਲਾਂ ਦੀ ਸੁਤੰਤਰਤਾ ਦੇ ਸਮੇਂ ਵਿਚ ਨਹੀਂ ਸੁਧਰ ਸਕੀ। ਸਿਹਤ ਸੇਵਾਵਾਂ ਲਈ ਪ੍ਰਾਂਤ ਦੀਆਂ 45 ਫ਼ੀਸਦੀ ਸੇਵਾਵਾਂ ਨਿੱਜੀ ਹਸਪਤਾਲਾਂ ਅਤੇ ਪ੍ਰੈਕਟੀਸ਼ਨਰਾਂ ਵਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜਿਹੜੀਆਂ ਬਹੁਤ ਮਹਿੰਗੀਆਂ ਹਨ ਅਤੇ ਆਮ ਵਿਅਕਤੀ ਦੀ ਪਹੁੰਚ ਤੋਂ ਬਾਹਰ ਹਨ। ਡਾਇਗੋਨਸਟਿਕ ਲੈਬਾਰਟਰੀਆਂ ਜਿਹੜਾ ਇਲਾਜ ਦਾ ਜ਼ਰੂਰੀ ਹਿੱਸਾ ਹਨ, ਉਨ੍ਹਾਂ 'ਤੇ ਸਰਕਾਰੀ ਹਸਪਤਾਲ ਵੀ ਨਿਰਭਰ ਕਰਦੇ ਹਨ। ਇਸ ਤਰ੍ਹਾਂ ਦੇ ਵਾਅਦਿਆਂ ਅਨੁਸਾਰ ਖ਼ਰਚ ਕਰਨ ਨਾਲ ਉਨ੍ਹਾਂ ਨਿਰੀਖਣ ਲੈਬਾਰਟਰੀਆਂ ਵਿਚ ਵਾਧਾ ਨਹੀਂ ਹੋਵੇਗਾ ਅਤੇ ਇਹ ਵੀ ਆਮ ਲੋਕਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗਾ।

ਸਰਕਾਰ ਵਲੋਂ ਕੀਤਾ ਗਿਆ ਖ਼ਰਚ ਪੂਰਾ ਕਰਨ ਲਈ ਟੈਕਸ ਹੀ ਸਭ ਤੋਂ ਵੱਡਾ ਸੋਮਾ ਹੈ। ਸੂਬੇ ਦੀ ਸਰਕਾਰ ਸਿੱਧੇ ਟੈਕਸ ਤਾਂ ਲਾ ਨਹੀਂ ਸਕਦੀ। ਉਨ੍ਹਾਂ ਦੇ ਟੈਕਸ ਅਪ੍ਰਤੱਖ ਟੈਕਸ ਜਿਨ੍ਹਾਂ ਵਿਚ ਵੈਟ (ਮੁੱਲ ਵਾਧਾ ਟੈਕਸ) ਅਤੇ ਵਿਕਰੀ ਕਰ ਮੁੱਖ ਹਨ। ਇਹ ਅਪ੍ਰਤੱਖ ਕਰ ਜਿਵੇਂ ਵਿਕਰੀ ਕਰ ਉਹ ਕਰ ਹਨ ਜਿਹੜੇ ਹਰ ਵਿਅਕਤੀ ਨੂੰ ਦੇਣੇ ਪੈਂਦੇ ਹਨ ਭਾਵੇਂ ਉਹ ਕਾਰਖਾਨੇਦਾਰ ਹੈ ਜਾਂ ਮਜ਼ਦੂਰ ਹੈ। ਇਨ੍ਹਾਂ ਟੈਕਸਾਂ ਨੂੰ ਟਾਲਿਆ ਨਹੀਂ ਜਾ ਸਕਦਾ। ਜਦੋਂ ਫਜ਼ੂਲ ਖ਼ਰਚ ਕਰਕੇ ਉਨ੍ਹਾਂ ਨੂੰ ਪੂਰਾ ਕਰਨ ਲਈ ਟੈਕਸ ਵਧਾਏ ਜਾਣਗੇ ਤਾਂ ਉਹ ਹਰ ਵਿਅਕਤੀ ਨੂੰ ਦੇਣੇ ਪੈਣਗੇ ਭਾਵੇਂ ਉਸ ਨੇ ਮੁਫ਼ਤ ਤੋਹਫ਼ੇ ਹਾਸਲ ਵੀ ਕੀਤੇ ਹਨ ਜਾਂ ਨਹੀਂ ਕੀਤੇ। ਬੱਸਾਂ ਵਿਚ ਔਰਤਾਂ ਨੂੰ ਮੁਫ਼ਤ ਸਫ਼ਰ ਕਰਨ ਦੀ ਸਹੂਲਤ ਦੇਣੀ ਕਿਸ ਲੋਕ ਭਲਾਈ ਵਿਚ ਆਉਂਦਾ ਹੈ। ਜੇ ਇਹ ਲੋਕ ਭਲਾਈ ਦੀ ਮੱਦ ਹੈ ਤਾਂ ਮਰਦਾਂ ਨੂੰ ਤਾਂ ਇਸ ਦੀ ਜ਼ਿਆਦਾ ਲੋੜ ਹੈ। ਫਿਰ ਇਹ ਖ਼ਰਚ ਪੂਰਾ ਕਰਨ ਲਈ ਕਿਸੇ ਵੀ ਸਰਕਾਰ ਦੇ ਮੰਤਰੀਆਂ ਨੇ ਆਪਣੇ ਕੋਲੋਂ ਤਾਂ ਪੈਸੇ ਦੇਣੇ ਨਹੀਂ। ਫਿਰ ਕਿਸੇ ਹੋਰ ਰੂਪ ਵਿਚ ਉਹ ਟੈਕਸ ਲਾਏ ਜਾਣਗੇ ਅਤੇ ਉਹ ਟੈਕਸ ਉਨ੍ਹਾਂ 'ਤੇ ਵੀ ਲੱਗਣੇ ਹਨ ਜਿਨ੍ਹਾਂ ਨੇ ਉਸ ਮੁਫ਼ਤ ਸਫ਼ਰ ਵਿਚ ਝੂਟੇ ਲਏ ਹਨ। ਤੇਲ 'ਤੇ ਲੱਗਣ ਵਾਲੇ ਟੈਕਸ ਨੂੰ ਜੀ.ਐਸ.ਟੀ. (ਵਸਤੂਆਂ ਅਤੇ ਸੇਵਾਵਾਂ 'ਤੇ ਟੈਕਸ) ਦੇ ਖੇਤਰ ਤੋਂ ਬਾਹਰ ਰੱਖਿਆ ਹੋਇਆ ਹੈ। ਤੇਲ (ਪੈਟਰੋਲ ਅਤੇ ਡੀਜ਼ਲ ਆਦਿ) 85 ਫ਼ੀਸਦੀ ਦਰਾਮਦ ਕੀਤਾ ਜਾਂਦਾ ਹੈ। ਫਿਰ ਉਸ 'ਤੇ ਕੇਂਦਰ ਸਰਕਾਰ ਅਤੇ ਪ੍ਰਾਂਤਾਂ ਦੀਆਂ ਸਰਕਾਰਾਂ 60 ਫ਼ੀਸਦੀ ਤੋਂ ਉੱਪਰ ਟੈਕਸ ਲਾ ਰਹੀਆਂ ਹਨ, ਜਿਨ੍ਹਾਂ ਵਿਚ ਅੱਧਾ ਹਿੱਸਾ ਜਾਂ 30 ਫ਼ੀਸਦੀ ਦੇ ਕਰੀਬ ਪੰਜਾਬ ਦੀ ਸਰਕਾਰ ਦਾ ਟੈਕਸ ਹੈ। ਸਰਕਾਰ ਕੋਲ ਆਮਦਨ ਦੇ ਹੋਰ ਸਾਧਨ ਨਾ ਹੋਣ ਕਰਕੇ ਪੈਟਰੋਲ 'ਤੇ ਬਹੁਤ ਜ਼ਿਆਦਾ ਟੈਕਸ ਲਾ ਕੇ ਆਮਦਨ ਇਕੱਠੀ ਕੀਤੀ ਜਾਂਦੀ ਹੈ, ਜਿਹੜੀ ਮਹਿੰਗਾਈ ਦਾ ਕਾਰਨ ਬਣਦੀ ਹੈ। ਸਰਕਾਰ ਵਲੋਂ ਤੋਹਫ਼ਿਆਂ 'ਤੇ ਕੀਤੇ ਖ਼ਰਚ ਨਾਲ ਉਹ ਟੈਕਸ ਘਟਣਗੇ ਨਹੀਂ, ਸਗੋਂ ਹੋਰ ਵਧ ਸਕਦੇ ਹਨ।

ਜਦੋਂ ਮੰਦੀ ਹੋਵੇ ਜਾਂ ਰੁਜ਼ਗਾਰ ਘਟਦਾ ਜਾਵੇ ਤਾਂ ਦੁਨੀਆ ਭਰ ਦੇ ਅਰਥ-ਸ਼ਾਸਤਰੀ ਇਹ ਸਲਾਹ ਦਿੰਦੇ ਹਨ ਕਿ ਨਿੱਜੀ ਨਿਵੇਸ਼ ਘਟਣ ਕਰਕੇ ਨੌਕਰੀਆਂ ਘਟ ਰਹੀਆਂ ਹੁੰਦੀਆਂ ਹਨ, ਇਸ ਲਈ ਨਿੱਜੀ ਨਿਵੇਸ਼ ਵਿਚ ਕਮੀ ਆਉਣ ਕਰਕੇ ਸਰਕਾਰ ਆਪਣੇ ਕੋਲੋਂ ਨਿਵੇਸ਼ ਕਰੇ ਤਾਂ ਕਿ ਰੁਜ਼ਗਾਰ ਦਾ ਪੱਧਰ ਬਣਿਆ ਰਹੇ ਪਰ ਸਰਕਾਰ ਨਿਵੇਸ਼ ਤਾਂ ਹੀ ਕਰੇਗੀ ਜੇ ਉਸ ਕੋਲ ਧਨ ਹੋਵੇਗਾ ਪਰ ਤੋਹਫ਼ਿਆਂ 'ਤੇ ਧਨ ਖਰਚਣ ਕਰਕੇ ਨਿਵੇਸ਼ ਸੰਭਾਵਨਾਵਾਂ ਹੋਰ ਘਟਣਗੀਆਂ, ਰੁਜ਼ਗਾਰ ਹੋਰ ਘਟੇਗਾ। ਰੁਜ਼ਗਾਰ ਦੇ ਪੱਧਰ 'ਤੇ ਖੇਤਰ ਦੀ ਖੁਸ਼ਹਾਲੀ ਨਿਰਭਰ ਕਰਦੀ ਹੈ, ਰੁਜ਼ਗਾਰ ਵਿਚ ਕਮੀ ਆਉਣ ਦਾ ਇਕ ਕਾਰਨ ਇਹ ਅਣਉਤਪਾਦਕ ਮੁਫ਼ਤ ਤੋਹਫ਼ੇ ਵੀ ਹੋਣਗੇ।

ਇਕ ਚੀਨੀ ਕਹਾਵਤ ਹੈ ਕਿ 'ਮੱਛੀਆਂ ਨਾ ਦਿਉ ਮੱਛੀਆਂ ਫੜਨ ਦੀ ਜਾਚ ਸਿਖਾਓ' ਇਹ ਕਹਾਵਤ ਜਿੰਨੀ ਅੱਜ ਤੋਂ ਕਈ ਸਦੀਆਂ ਪਹਿਲਾਂ ਢੁਕਵੀਂ ਸੀ, ਓਨੀ ਹੀ ਹੁਣ ਢੁਕਵੀਂ ਹੈ। ਲਗਾਤਾਰ ਵਿਕਾਸ ਅਤੇ ਹਮੇਸ਼ਾ ਚੱਲਣ ਵਾਲਾ ਵਿਕਾਸ ਤਾਂ ਹੀ ਬਣ ਸਕਦਾ ਹੈ ਜੇ ਆਮਦਨ ਅਤੇ ਉਪਭੋਗ ਲਗਾਤਾਰ ਚੱਲਣ ਵਾਲਾ ਹੋਵੇ। ਮੁਫ਼ਤ ਦੇ ਤੋਹਫ਼ੇ ਵਿਹਲੇਪਨ ਅਤੇ ਆਲਸੀ ਮਾਨਸਿਕਤਾ ਅਤੇ ਨਿਰਭਰਤਾ ਦੀ ਸੋਚ ਨੂੰ ਜਨਮ ਦਿੰਦੇ ਹਨ। ਰੂਸ ਦੇ ਇਨਕਲਾਬ ਤੋਂ ਬਾਅਦ ਰੁਜ਼ਗਾਰ ਦੇ ਅਧਿਕਾਰ ਨੂੰ ਉਸ ਦੇਸ਼ ਵਿਚ ਮੌਲਿਕ ਅਧਿਕਾਰ ਬਣਾਇਆ ਗਿਆ ਸੀ। ਜੇ ਰੁਜ਼ਗਾਰ ਨਹੀਂ ਮਿਲਦਾ ਤਾਂ ਸਰਕਾਰ ਖਿਲਾਫ਼ ਉਹ ਵਿਅਕਤੀ ਮੁਕੱਦਮਾ ਕਰ ਸਕਦਾ ਹੈ। ਫਿਰ ਹੋਰ ਸਮਾਜਵਾਦੀ ਦੇਸ਼ਾਂ ਵਿਚ ਵੀ ਰੁਜ਼ਗਾਰ ਦੇ ਅਧਿਕਾਰ ਨੂੰ ਮੌਲਿਕ ਅਧਿਕਾਰ ਬਣਾਇਆ ਗਿਆ, ਪੂੰਜੀਵਾਦੀ ਦੇਸ਼ਾਂ ਵਿਚ ਬੇਰੁਜ਼ਗਾਰੀ ਭੱਤੇ ਦੀ ਵਿਵਸਥਾ ਕੀਤੀ ਗਈ ਤਾਂ ਕਿ ਲਗਾਤਾਰ ਉਪਭੋਗ ਬਣਿਆ ਰਹੇ, ਜਿਸ ਨਾਲ ਲਗਾਤਾਰ ਦਾ ਰੁਜ਼ਗਾਰ ਬਣਿਆ ਰਹੇ ਪਰ ਜੇ ਇਹ ਤੋਹਫ਼ੇ ਰੁਜ਼ਗਾਰ ਨੂੰ ਵਧਾਉਣ ਲਈ ਸਹਾਇਕ ਨਹੀਂ ਤਾਂ ਇਹ ਆਰਥਿਕਤਾ 'ਤੇ ਬੋਝ ਹਨ। ਭਾਵੇਂ ਕਿ ਭਾਰਤ ਵਿਚ ਖ਼ੁਰਾਕ ਸੁਰੱਖਿਆ ਦਾ ਕਾਨੂੰਨ ਪਾਸ ਕੀਤਾ ਗਿਆ ਹੈ ਪਰ ਫਿਰ ਵੀ ਹਰ ਇਕ ਲਈ ਖ਼ੁਰਾਕ ਦਾ ਮਿਲਣਾ ਯਕੀਨੀ ਨਹੀਂ। ਤੋਹਫ਼ਿਆਂ ਨਾਲ ਖੁਸ਼ਹਾਲੀ ਨਹੀਂ ਆ ਸਕਦੀ, ਲਗਾਤਾਰ ਦੇ ਵਿਕਾਸ ਨਾਲ ਆ ਸਕਦੀ ਹੈ।

## ਵਕਤ ਨੂੰ ਪਛਾਣ ਕੇ ਹੀ ਸਿਰਜੀ ਜਾ ਸਕਦੀ ਹੈ ਨਵੀਂ ਸਵੇਰ

ਆਮ ਤੌਰ 'ਤੇ ਲੋਕ ਆਪਣੀਆਂ ਬਖ਼ਸ਼ਿਸ਼ਾਂ ਤੋਂ ਅਣਜਾਣ ਰਹਿੰਦੇ ਹਨ। ਜਾਣਨਾ ਹੀ ਨਹੀਂ ਚਾਹੁੰਦੇ ਕਿ ਉਨ੍ਹਾਂ ਨੂੰ ਕੀ ਮਿਲਿਆ ਹੈ, ਜਿਸ ਦੀ ਉਨ੍ਹਾਂ ਨੇ ਕਦਰ ਹੀ ਨਹੀਂ ਪਾਈ। ਅਕਸਰ ਬਹੁਤ ਸਾਰੇ ਲੋਕ ਪੰਜਾਬ ਦੀਆਂ ਨਿਆਮਤਾਂ ਨੂੰ ਨਜ਼ਰਅੰਦਾਜ਼ ਕਰ ਨਿੰਦਿਆ ਦਾ ਵਤੀਰਾ ਹੀ ਰੱਖਦੇ ਹਨ। ਇਥੋਂ ਬਾਹਰ ਪੈਰ ਪੁੱਟ ਕੇ ਵੇਖੋ, ਦੁਨੀਆ ਕਿਸ ਹਾਲ ਵਸਦੀ ਹੈ। ਇਥੇ ਰਹਿਣ ਵਾਲਿਆਂ ਨੂੰ ਆਕਾਸ਼ ਤੇ ਜ਼ਮੀਨ ਦੋਵੇਂ ਹੀ ਪੈਦਾਇਸ਼ੀ ਹੱਕ ਵਾਂਗ ਮਿਲੇ ਹਨ। ਘਰਾਂ ਵਿਚ ਧੁੱਪ-ਹਵਾ ਦੀ ਕਮੀ ਨਹੀਂ। ਅੱਧ-ਅਸਮਾਨੇ ਜਿਹੇ ਕਿਸੇ ਫਲੈਟ ਵਿਚੋਂ ਸਿਰ ਬਾਹਰ ਕੱਢ, ਆਪਣੇ ਫੇਫੜਿਆਂ 'ਤੇ ਅਹਿਸਾਨ ਨਹੀਂ ਕਰਨਾ ਪੈਂਦਾ। ਥੋੜ੍ਹੀ ਕਮਾਈ ਨਾਲ ਵੀ ਬਹੁਤਾ ਵਧੀਆ ਜਿਊਣਾ ਨਸੀਬ ਹੁੰਦਾ ਹੈ। ਜੜ੍ਹਾਂ ਤੋਂ ਟੁੱਟੇ ਦਰੱਖਤ ਬਣ, ਆਪਣੀ ਖਾਤਰ ਕਿਸੇ ਜੰਗਲ ਵਿਚ ਜਗ੍ਹਾ ਨਹੀਂ ਤਲਾਸ਼ਣੀ ਪੈਂਦੀ। ਇਥੇ ਆਪਣਿਆਂ ਦੀ ਅਤੇ ਅਪਣੱਤ ਦੀ ਭਰਮਾਰ ਹੈ। ਜ਼ਿੰਦਗੀ ਪੈਰ-ਪੈਰ 'ਤੇ ਕੀਮਤ ਨਹੀਂ ਵਸੂਲਦੀ। ਬਹੁਤ ਭਾਗਾਂ ਵਾਲੇ ਹਨ ਉਹ ਜਿਹੜੇ ਵੱਡੇ-ਵੱਡੇ ਮਹਾਂਨਗਰਾਂ ਵਿਚ ਵੀ ਆਪਣੇ ਨਾਂਅ ਦੀ ਮੁਹਰ ਲਗਾ ਗਏ। ਉਸ ਤੋਂ ਵੀ ਵੱਧ ਭਾਗਾਂ ਵਾਲੇ ਹਨ ਉਹ ਜਿਨ੍ਹਾਂ ਨੇ ਇਸੇ ਪ੍ਰਾਂਤ ਵਿਚ ਰੱਜ ਕੇ ਮਿਹਨਤ ਕੀਤੀ ਅਤੇ ਆਪਣੇ ਨਾਂਅ ਨੂੰ ਦੁਨੀਆ ਦੇ ਹਰ ਖੂੰਜੇ ਤੱਕ ਪਹੁੰਚਾ ਦਿੱਤਾ। ਜੜ੍ਹ ਵੀ ਨਹੀਂ ਉੱਖੜੀ ਤੇ ਬੂਟਾ ਵੀ ਫੈਲਦਾ ਰਿਹਾ।

ਅਜੇ ਕੁਝ ਦਿਨ ਪਹਿਲਾਂ ਹੀ ਮੁੰਬਈ ਕਿਸੇ ਵਜ੍ਹਾ ਨਾਲ ਕੁਝ ਦਿਨਾਂ ਲਈ ਜਾਣਾ ਪਿਆ। ਇਸ ਤੋਂ ਪਹਿਲਾਂ ਸੈਂਕੜੇ ਸਫ਼ਰ ਕੀਤੇ ਹੋਣੇ ਨੇ ਪਰ ਇਸ ਨਜ਼ਰੀਏ ਨਾਲ ਨਹੀਂ ਵੇਖਿਆ ਮਹਾਂਨਗਰੀ ਨੂੰ। ਇਸ ਵਾਰ ਇਕ ਵਜ੍ਹਾ ਆਪਣੇ ਸੂਬੇ ਦੀ ਬੇਰੁਜ਼ਗਾਰੀ ਦੀ ਤਸਵੀਰ ਸੀ ਤੇ ਦੂਜੀ ਮਹਾਂਮਾਰੀ ਤੋਂ ਮਗਰੋਂ ਦੇ ਹਾਲਾਤ ਸਨ। ਬਹੁਤ ਕੋਸ਼ਿਸ਼ ਨਾਲ ਵੀ ਦੂਰ-ਦੂਰ ਤੱਕ ਕੋਈ ਹਸਦਾ-ਮੁਸਕਰਾਉਂਦਾ ਚਿਹਰਾ ਅੱਜਕਲ੍ਹ ਕਿਤੇ ਨਹੀਂ ਦਿਸਦਾ। ਜਿਹੜੇ ਕੰਮਾਂਕਾਰਾਂ ਵਾਲੇ ਹਨ, ਉਨ੍ਹਾਂ ਕੋਲ ਹੱਸਣ ਦੀ ਵਿਹਲ ਨਹੀਂ ਤੇ ਵਿਹਲਿਆਂ ਕੋਲ ਹੱਸਣ ਦੀ ਵਜ੍ਹਾ ਨਹੀਂ। ਵੱਡੇ ਸ਼ਹਿਰਾਂ ਵਿਚ ਲੋਕਾਂ ਨੂੰ ਘੱਟੋ-ਘੱਟ 10-12 ਘੰਟੇ ਕੰਮ ਕਰਨਾ ਪੈਂਦਾ ਹੈ ਤੇ 2-3 ਘੰਟੇ ਰਾਹ ਖਾ ਜਾਂਦੇ ਹਨ। ਫਿਰ ਜਿਥੇ ਪਹੁੰਚ, ਰਾਤ ਕੱਟਦੇ ਹਨ, ਉਥੇ ਕੁਦਰਤੀ ਰਹਿਮਤਾਂ ਕਿੰਨੀਆਂ ਕੁ ਹਨ, ਇਹ ਕਹਿ ਨਹੀਂ ਸਕਦੇ। ਵਧੀ ਹੋਈ ਆਬਾਦੀ ਨੇ ਤਾਂ ਜ਼ਮੀਨੀ ਘਰਾਂ ਦਾ ਮੁੱਲ ਏਨਾ ਕੁ ਪਹੁੰਚ ਤੋਂ ਬਾਹਰ ਕੀਤਾ ਹੈ ਕਿ ਕਰੋੜਾਂ ਰੁਪਏ ਕਮਾਉਣ ਵਾਲੇ ਵੀ ਥੋੜ੍ਹੀ ਜਿਹੀ ਧੁੱਪ ਨੂੰ ਤਰਸਦੇ ਰਹਿੰਦੇ ਹਨ।

ਜੇਕਰ ਆਪਣੇ ਲੋਕ ਆਪਣੀ ਮਿਹਨਤ ਸਦਕਾ ਆਪਣੇ ਸੂਬੇ ਦਾ ਰੁਜ਼ਗਾਰ ਗ੍ਰਾਫ਼ ਸੁਧਾਰ ਲੈਣ ਤਾਂ ਇਸ ਦੇ ਨਾਲ ਦੀ ਰੀਸ ਨਹੀਂ। ਸਰਕਾਰਾਂ ਜੇਕਰ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਤੇ ਸਥਿਰ ਕਰ ਦੇਣ ਤਾਂ ਕਿਤੇ ਕੋਈ ਕਮੀ ਨਹੀਂ ਰਹਿ ਜਾਂਦੀ। ਬਿਜਲੀ ਦੇ ਭਾਅ, ਟੈਕਸ ਸਿਸਟਮ, ਪਰਮਿਟ ਅਤੇ ਲਾਇਸੈਂਸਿੰਗ, ਜੇਕਰ ਲੀਹਬੰਦ ਰਹੇ ਤਾਂ ਬਹੁਤ ਕੁਝ ਬਦਲ ਸਕਦੈ। ਰੁਜ਼ਗਾਰੀ 47.8 ਫ਼ੀਸਦੀ 'ਤੇ ਹੈ, ਆਬਾਦੀ ਅਨੁਸਾਰ। ਬੇਰੁਜ਼ਗਾਰੀ 7.3 ਫ਼ੀਸਦੀ ਹੈ। ਨੌਕਰੀਆਂ ਦਾ ਖੇਤਰ ਆਯੋਜਿਤ ਨਾ ਹੋਣ ਕਰਕੇ ਨੌਜਵਾਨ ਬਾਹਰ ਦਾ ਰੁਖ਼ ਤਾਂ ਕਰ ਲੈਂਦੇ ਹਨ ਪਰ ਇਥੇ ਯਤਨ ਨਹੀਂ ਕਰਦੇ। ਗੁਆਂਢੀ ਸੂਬੇ ਵੀ ਸਹਿਯੋਗ ਦੇਣ ਤੇ ਆਪਣਾ ਸੂਬਾ ਵੀ ਕੋਈ ਵਿਉਂਤ ਤਿਆਰ ਕਰੇ ਤਾਂ ਬਹੁਤ ਸਾਰੇ ਨੌਜਵਾਨ ਭਰਤੀ ਕੀਤੇ ਜਾ ਸਕਦੇ ਹਨ। ਆਪਾਂ ਦੇਖਿਆ ਹੈ ਕਿ ਮਹਾਂਮਾਰੀ ਵਿਚ ਕਿਸਾਨੀ ਨੇ ਹੀ ਆਰਥਿਕਤਾ ਨੂੰ ਡੋਲਣ ਨਹੀਂ ਦਿੱਤਾ। ਕਿਸਾਨੀ ਕਰਨ ਨੂੰ ਅਗਲੀ ਪੀੜ੍ਹੀ ਕਿਉਂ ਝਿਜਕਦੀ ਹੈ। ਜ਼ਮੀਨ ਇਸ ਖਾਤਰ ਨਹੀਂ ਬਣੀ ਕਿ ਲੋਕਾਂ ਨੂੰ ਗੀਤ ਗਾ ਕੇ ਦੱਸੀਏ ਕਿ ਮੁੰਡਾ ਕਿੰਨੇ ਮੁਰੱਬਿਆਂ ਦਾ ਮਾਲਕ ਹੈ ਜਾਂ ਕਿਹੜਾ ਟਰੈਕਟਰ ਵਾਹੁੰਦਾ ਹੈ। ਇਹ ਇਸ ਕਰਕੇ ਬਣੀ ਹੈ ਕਿ ਪੁਸ਼ਤ-ਦਰ-ਪੁਸ਼ਤ ਆਪਣੇ ਸਿਰੜ ਨਾਲ ਘਰਾਂ ਦੇ ਚੁੱਲ੍ਹੇ ਤਪਦੇ ਰੱਖੀਏ। ਜ਼ਮੀਨ ਸਿਰਫ ਜਾਇਦਾਦ ਹੀ ਨਹੀਂ, ਇਕ ਭਰੋਸਾ ਹੈ, ਇਕ ਵਾਅਦਾ ਹੈ। ਜੇਕਰ ਕੋਈ ਔਲਾਦ ਕਿਸੇ ਜੱਟ ਦੇ ਘਰ ਪੈਦਾ ਹੋਈ ਹੈ ਤਾਂ ਸ਼ਾਇਦ ਕੁਦਰਤ ਨੇ ਉਸ ਨੂੰ ਮਿਹਨਤ ਕਰਨ ਦਾ ਹੁਕਮ ਦਿੱਤਾ ਹੈ। ਬਿਨਾਂ ਵਜ੍ਹਾ ਘਬਰਾਉਣ ਦਾ ਤਾਂ ਕੰਮ ਹੀ ਕੋਈ ਨਹੀਂ। ਜਿਸ ਦਾ ਕਿੱਤਾ ਹੀ ਉਸ ਨੂੰ ਅੰਨਦਾਤਾ ਕਰਾਰ ਦਿੰਦਾ ਹੈ, ਉਹ ਛੋਟੀ ਖੇਡ ਲਈ ਤਾਂ ਬਣਿਆ ਹੀ ਨਹੀਂ। ਉਸ ਨੂੰ ਸਾਧਾਰਨ ਲੋਕਾਂ ਜਿੰਨੀ ਮਿਹਨਤ ਦੀ ਵਰਆਇਤ ਨਹੀਂ, ਬਲਕਿ ਅਸਾਧਾਰਨ ਮੁਸ਼ੱਕਤ ਦੀ ਉਮੀਦ ਹੈ। ਇਹ ਠੀਕ ਹੈ ਕਿ ਆਬਾਦੀ ਬਹੁਤ ਵੱਡੀ ਸਮੱਸਿਆ ਹੈ। ਹਰ ਕਿਸੇ ਨੂੰ ਥੋੜ੍ਹੀਆਂ ਜਿਹੀਆਂ ਨੌਕਰੀ ਅਸਾਮੀਆਂ ਨਾਲ ਨਹੀਂ ਨਵਾਜਿਆ ਜਾ ਸਕਦਾ। ਪਰ ਇਹ ਵੀ ਠੀਕ ਹੈ ਕਿ ਆਬਾਦੀ ਤੋਂ ਪਹਿਲਾਂ ਵੀ ਕਈ ਤਰ੍ਹਾਂ ਦੇ ਮਸਲੇ ਨਜਿੱਠਦੇ ਰਹੇ ਹਾਂ।

# ਟਕਰਾਅ ਨਹੀਂ, ਗੱਲਬਾਤ ਸਹੀ ਰਾਹ

ਕਿਸਾਨ ਅੰਦੋਲਨ ਹਾਲ ਦੀ ਘੜੀ ਮੁਲਤਵੀ ਹੈ। ਕਿਸਾਨ ਜਥੇਬੰਦੀਆਂ ਅਤੇ ਕਿਸਾਨਾਂ ਦੇ ਵਿਰੋਧ ਦੇ ਮੱਦੇਨਜ਼ਰ ਖੇਤੀਬਾੜੀ ਸੁਧਾਰਾਂ ਬਾਰੇ ਤਿੰਨ ਕਾਨੂੰਨ ਇਕ ਆਰਡੀਨੈਂਸ ਦੇ ਰੂਪ ਵਿਚ (ਜਿਵੇਂ ਕਿ ਅੱਜਕੱਲ੍ਹ ਆਮ ਰਵਾਇਤ ਬਣ ਗਈ ਹੈ) ਲਾਗੂ ਕੀਤੇ ਗਏ ਸਨ। ਇਸ ਬਾਬਤ ਨਾ ਸਰਕਾਰ ਅਤੇ ਕਿਸਾਨਾਂ ਵਿਚਕਾਰ ਕੋਈ ਗੱਲਬਾਤ ਹੋਈ ਅਤੇ ਨਾ ਹੀ ਸੰਸਦ ਜਾਂ ਕਿਸੇ ਸੰਸਦੀ ਕਮੇਟੀ ਵਿਚ ਕੋਈ ਵਿਚਾਰ ਚਰਚਾ ਕੀਤੀ ਗਈ। ਇਸ ਇਕਪਾਸੜ ਕਾਰਵਾਈ ਕਰਕੇ ਇਕ ਸਾਲ ਤੋਂ ਵੱਧ ਸਮਾਂ ਇਕ ਲਾਮਿਸਾਲ ਅੰਦੋਲਨ ਚੱਲਿਆ ਅਤੇ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਦੇ ਲੱਖਾਂ ਕਿਸਾਨਾਂ ਨੇ ਦਿੱਲੀ ਦੀਆਂ ਬਰੂਹਾਂ 'ਤੇ ਲੱਗੇ ਮੋਰਚਿਆਂ ਵਿਚ ਹਿੱਸਾ ਲਿਆ। ਅੰਤ ਨੂੰ ਭਾਰਤ ਸਰਕਾਰ ਨੇ ਕਿਸਾਨਾਂ ਦੀਆਂ ਜ਼ਿਆਦਾਤਰ ਮੰਗਾਂ ਮੰਨ ਲਈਆਂ ਤੇ ਇੰਝ ਅੰਦੋਲਨ ਦੀ ਬੇਮਿਸਾਲ ਜਿੱਤ ਹੋਈ। ਜੇ ਸੰਸਦ ਵਿਚ ਇਸ ਮੁਤੱਲਕ ਅਗਾਊਂ ਚਰਚਾ ਹੋਈ ਹੁੰਦੀ ਤਾਂ ਇਸ ਸਭ ਕਾਸੇ ਤੋਂ ਬਚਿਆ ਜਾ ਸਕਦਾ ਸੀ। ਕਾਰਜਪਾਲਿਕਾ ਦੀ ਸ਼ਕਤੀ ਦੇ ਇਕਤਰਫ਼ਾ ਇਸਤੇਮਾਲ ਅਤੇ ਸੰਸਦ ਨੂੰ ਪੂਰੀ ਤਰ੍ਹਾਂ ਬਾਈਪਾਸ ਕੀਤੇ ਜਾਣ ਕਰਕੇ ਇਹ ਟਕਰਾਅ ਪੈਦਾ ਹੋਇਆ ਸੀ। ਸਿਤਮਜ਼ਰੀਫ਼ੀ ਇਹ ਹੈ ਕਿ ਚੋਣ ਅਤੇ ਜਮਹੂਰੀ ਪ੍ਰਕਿਰਿਆ ਰਾਹੀਂ ਹੋਂਦ ਵਿਚ ਆਉਣ ਵਾਲੀ ਸਰਕਾਰ ਹੀ ਇਸ ਕਿਸਮ ਦਾ ਵਿਹਾਰ ਕਰਨ ਲੱਗ ਪਈ। ਸੰਸਦ ਅਤੇ ਬਹਿਸ ਲੋਕਰਾਜ ਦੀ ਮੂਲ ਪਛਾਣ ਹੁੰਦੇ ਹਨ। ਅਫ਼ਸੋਸ ਹੈ ਕਿ ਅੱਜਕੱਲ੍ਹ ਇਨ੍ਹਾਂ ਪ੍ਰਕਿਰਿਆਵਾਂ ਨੂੰ ਅਣਡਿੱਠ ਕਰਨ ਦਾ ਰਿਵਾਜ ਹੀ ਬਣ ਗਿਆ ਹੈ। ਸਮੇਂ ਦੀ ਸਰਕਾਰ ਅਸਲ ਕੰਟਰੋਲ ਰੇਖਾ ਉਪਰ ਚੀਨ ਵੱਲੋਂ ਪੈਦਾ ਕੀਤੀਆ ਸਮੱਸਿਆਵਾਂ ਜਿਹੇ ਕੌਮੀ ਸੁਰੱਖਿਆ ਦੇ ਮੁੱਦਿਆਂ, ਪਰਵਾਸੀ ਮਜ਼ਦੂਰਾਂ, ਕੋਵਿਡ ਆਦਿ ਜਿਹੇ ਮੁੱਦਿਆਂ 'ਤੇ ਵੀ ਵਿਚਾਰ ਚਰਚਾ ਕਰਨ ਤੋਂ ਇਨਕਾਰੀ ਹੋ ਜਾਂਦੀ ਹੈ। ਆਜ਼ਾਦੀ ਤੋਂ ਪਹਿਲਾਂ ਦੇ ਭਾਰਤ ਵਿਚ ਮਹਾਤਮਾ ਗਾਂਧੀ ਨੇ ਅਤੇ 1950ਵਿਆਂ ਵਿਚ ਨਸਲੀ ਆਧਾਰ 'ਤੇ ਬੁਰੀ ਤਰ੍ਹਾਂ ਵੰਡੇ ਹੋਏ ਅਮਰੀਕਾ ਵਿਚ ਮਾਰਟਿਨ ਲੂਥਰ ਕਿੰਗ ਵੱਲੋਂ ਸ਼ਹਿਰੀ ਆਜ਼ਾਦੀਆਂ ਦੇ ਸ਼ਾਂਤਮਈ ਜਨ ਅੰਦੋਲਨ ਸਫ਼ਲਤਾਪੂਰਬਕ ਚਲਾਏ ਗਏ ਸਨ। ਕੀ ਸਰਕਾਰ ਅੱਜ ਇਹੀ ਸੰਦੇਸ਼ ਦੇਣਾ ਚਾਹੁੰਦੀ ਹੈ ਕਿ ਲੋਕਾਂ ਕੋਲ ਜਨ ਅੰਦੋਲਨ ਦੇ ਰੂਪ ਵਿਚ ਹੀ ਇਕੋ ਇਕ ਉਪਾਅ ਬਚਿਆ ਹੈ ਅਤੇ ਸਰਕਾਰ ਉਦੋਂ ਹੀ ਕੋਈ ਕਾਰਵਾਈ ਕਰੇਗੀ ਜਦੋਂ ਇਸ ਦੇ ਵੋਟ ਬੈਂਕ ਨੂੰ ਢਾਹ ਲੱਗਦੀ ਹੋਵੇ।

ਭਾਰਤ ਇਕ ਉਪ ਮਹਾਦੀਪ ਹੈ ਜਿੱਥੇ ਦੁਨੀਆਂ ਦੀ ਆਬਾਦੀ ਦਾ ਛੇਵਾਂ ਹਿੱਸਾ ਵਸਦਾ ਹੈ ਅਤੇ ਜੀਵਨ ਦੇ ਵੱਖ ਵੱਖ ਮਾਮਲਿਆਂ ਨੂੰ ਲੈ ਕੇ ਲੋਕਾਂ ਵਿਚ ਆਪਸੀ ਮਤਭੇਦ ਹੋਣਾ ਸੁਭਾਵਿਕ ਗੱਲ ਹੈ। ਬਹਰਹਾਲ, ਇਨ੍ਹਾਂ ਮਤਭੇਦਾਂ ਨੂੰ ਟਕਰਾਅ ਖ਼ਾਸਕਰ ਅਣਸੁਲਝੇ ਹਥਿਆਰਬੰਦ ਟਕਰਾਵਾਂ ਵਿਚ ਬਦਲਣ ਦੇਣਾ ਵੱਖ ਵੱਖ ਸਰਕਾਰਾਂ ਦੀ ਨਾਕਾਮੀ ਹੈ ਜਿਹੜੀਆਂ ਕੇਂਦਰ ਤੇ ਸੂਬਿਆਂ ਅੰਦਰ ਸੱਤਾ ਦੀ ਕੁਰਸੀ ਨਾਲ ਚਿੰਬੜੀਆਂ ਰਹਿੰਦੀਆਂ ਹਨ। ਮੌਜੂਦਾ ਹਾਕਮਾਂ ਵੱਲੋਂ ਇਨ੍ਹਾਂ ਟਕਰਾਵਾਂ ਨੂੰ ਕਿਵੇਂ ਵਧਾਇਆ ਗਿਆ ਹੈ, ਇਸ ਦਾ ਨਿਰਣਾ ਇਤਿਹਾਸ ਕਰੇਗਾ। ਆਓ ਇਸ ਵੇਲੇ ਦੇਸ਼ ਅੰਦਰ ਚੱਲ ਰਹੇ ਕੁਝ ਪ੍ਰਮੁੱਖ ਟਕਰਾਵਾਂ 'ਤੇ ਝਾਤ ਮਾਰੀਏ। ਛੱਤੀਸਗੜ੍ਹ, ਬਿਹਾਰ, ਝਾਰਖੰਡ ਅਤੇ ਮਹਾਰਾਸ਼ਟਰ ਦੇ ਕੁਝ ਹਿੱਸਿਆਂ ਵਿਚ ਪਿਛਲੇ ਕਈ ਦਹਾਕਿਆਂ ਤੋਂ ਮਾਓਵਾਦੀ ਸੰਘਰਸ਼ ਚੱਲ ਰਹੇ ਹਨ ਜਿਨ੍ਹਾਂ ਵਿਚ ਦੋਵੇਂ ਤਰਫ਼ੋਂ ਸੈਂਕੜਿਆਂ ਦੀ ਤਾਦਾਦ ਵਿਚ ਜਾਨਾਂ ਜਾ ਚੁੱਕੀਆਂ ਹਨ। ਕਾਰਪੋਰੇਟ ਕੰਪਨੀਆਂ ਇਸ 'ਚੋਂ ਆਪਣਾ ਹਿੱਸਾ ਵੰਡਾਉਣਾ ਚਾਹੁੰਦੀਆਂ ਸਨ। ਸਨਅਤੀਕਰਨ ਦੇ ਰਾਹ 'ਤੇ ਚੱਲ ਕੇ ਇਕ ਆਧੁਨਿਕ ਅਰਥਚਾਰਾ ਬਣਨ ਦੀ ਕੋਸ਼ਿਸ਼ ਕਰ ਰਹੇ ਕਿਸੇ ਦੇਸ਼ ਨੂੰ ਆਪਣੇ ਕੁਦਰਤੀ ਸਰੋਤਾਂ ਬਾਰੇ ਨਿਰਖ ਪਰਖ ਕਰਨ/ਇਨ੍ਹਾਂ ਨੂੰ ਜੋਖਣ ਦੀ ਲੋੜ ਹੈ। ਇਹ ਕੋਈ ਸਮੱਸਿਆ ਨਹੀਂ ਹੈ। ਸਮੱਸਿਆ ਰਵਾਇਤੀ ਮਾਲਕਾਂ ਅਤੇ ਤੇਜੀ ਨਾਲ ਉੱਭਰੇ ਨਵੇਂ ਦਾਅਵੇਦਾਰਾਂ ਦਰਮਿਆਨ ਅਸਾਵੀਂ ਵੰਡ ਦੀ ਹੈ। ਹਾਲ ਹੀ ਵਿਚ ਪ੍ਰਕਾਸ਼ਤ ਕੀਤੀ ਗਈ ਵਿਸ਼ਵ ਗ਼ੈਰਬਰਾਬਰੀ ਰਿਪੋਰਟ ਤੋਂ ਪਤਾ ਚਲਦਾ ਹੈ ਕਿ ਭਾਰਤ ਦੀ ਤਕਰੀਬਨ 65 ਫ਼ੀਸਦ ਦੌਲਤ 10 ਫ਼ੀਸਦ ਲੋਕਾਂ ਦੇ ਹੱਥਾਂ ਵਿਚ ਇਕੱਠੀ ਹੋ ਗਈ ਹੈ। ਇੱਥੇ ਹੀ ਸਮੱਸਿਆ ਪਈ ਹੈ- ਬੇਈਮਾਨ ਕੰਪਨੀਆਂ ਨੂੰ ਕਬਾਇਲੀ ਖੇਤਰਾਂ ਵਿਚ ਪੈਂਦੇ ਸਰੋਤਾਂ ਅਤੇ ਲੋਕਾਂ ਦੀ ਲੁੱਟ ਕਰਨ ਦੀ ਖੁੱਲ੍ਹੀ ਛੂਟ ਦੇ ਕੇ ਕਰੋਨੀ/ਜੁੰਡਲੀ ਪੂੰਜੀਵਾਦ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਸਿੱਟੇ ਵਜੋਂ ਟਕਰਾਅ ਪੈਦਾ ਹੁੰਦਾ ਹੈ ਜਿਸ ਨੂੰ ਭਖਾਇਆ ਜਾਂਦਾ ਹੈ ਤਾਂ ਕਿ ਸੱਤਾਧਾਰੀ ਨਿਜ਼ਾਮ ਨੂੰ ਆਪਣੇ ਹਿੱਤਾਂ ਦੀ ਪੂਰਤੀ ਲਈ ਹਥਿਆਰਬੰਦ ਦਸਤਿਆਂ ਦੀ ਵਰਤੋਂ ਕਰਨ ਦਾ ਮੌਕਾ ਮਿਲਦਾ ਰਹੇ। ਲੋਕਾਂ ਨਾਲ ਗੱਲਬਾਤ ਕਰ ਕੇ ਉਨ੍ਹਾਂ ਦੇ ਗਿਲੇ ਸ਼ਿਕਵੇ ਦੂਰ ਕਰਨ ਦੀ ਕਦੇ ਕੋਈ ਬੱਝਵੀਂ ਕੋਸ਼ਿਸ਼ ਨਹੀਂ ਕੀਤੀ ਗਈ। ਗੱਲਬਾਤ ਦੀ ਅਣਹੋਂਦ ਵਿਚ ਸਟੇਟ ਵਿਸ਼ੇਸ਼ ਤਾਕਤਾਂ ਅਤੇ ਕਾਨੂੰਨਾਂ ਦਾ ਇਸਤੇਮਾਲ ਕਰ ਕੇ ਵੱਡੇ ਪੱਧਰ 'ਤੇ ਕੇਂਦਰੀ ਹਥਿਆਰਬੰਦ ਪੁਲੀਸ ਦਸਤੇ ਅਤੇ ਗੈਰਹੁਨਰਮੰਦ ਸੂਬਾਈ ਪੁਲੀਸ ਦਸਤੇ ਤਾਇਨਾਤ ਕਰਦੀ ਹੈ। ਇਸ ਨਾਲ ਅਮੁੱਕ ਟਕਰਾਅ ਅਤੇ ਮੁਕਾਮੀ ਲੋਕਾਂ ਦਾ ਘਾਣ ਸ਼ੁਰੂ ਹੋ ਜਾਂਦਾ ਹੈ। ਸਟੇਟ ਦੀ ਇਸ ਨਾਕਾਮੀ ਕਰਕੇ ਕੁਝ ਲੋਕ ਸਟੇਟ ਖਿਲਾਫ਼ ਹਥਿਆਰ ਉਠਾ ਲੈਂਦੇ ਹਨ। ਬਹਰਹਾਲ, ਇਹ ਪਹੁੰਚ ਸਫ਼ਲ ਨਹੀਂ ਹੋਈ ਅਤੇ ਮੁਕਾਮੀ ਲੋਕਾਂ ਦਾ ਹੋਰ ਜ਼ਿਆਦਾ ਘਾਣ ਹੁੰਦਾ ਹੈ। ਲੋਕਾਂ ਲਈ ਇਕੋ ਇਕ ਪਾਏਦਾਰ ਰਾਹ ਇਹ ਬਚਦਾ ਹੈ ਕਿ ਉਹ ਆਪਣੀ ਮੁਕਾਮੀ ਲੀਡਰਸ਼ਿਪ ਹੇਠ ਸ਼ਾਂਤਮਈ ਸੰਘਰਸ਼ ਵਿੱਢਣ ਅਤੇ ਉਸ ਨੂੰ ਲੰਮਾ ਸਮਾਂ ਚਲਦਾ ਰੱਖਣ। ਸਿਤਮਜ਼ਰੀਫ਼ੀ ਇਹ ਹੈ ਕਿ ਅੰਗਰੇਜ਼ਾਂ ਤੋਂ ਆਜ਼ਾਦੀ ਲੈਣ ਲਈ ਸਾਨੂੰ ਇਹੀ ਰਾਹ ਅਖ਼ਤਿਆਰ ਕਰਨਾ ਪਿਆ ਸੀ। ਜਨ ਅੰਦੋਲਨ ਅਤੇ ਇਸ ਦੇ ਸਿੱਟੇ ਵਜੋਂ ਵੋਟਾਂ ਖੁੱਸਣ ਦਾ ਡਰ ਪੈਦਾ ਕਰਨਾ ਹੀ ਇਕੋ ਇਕ ਹੰਢਣਸਾਰ ਰਾਹ ਬਚਿਆ ਹੈ।

ਦੇਸ਼ ਦੇ ਉੱਤਰ ਪੂਰਬੀ ਖਿੱਤੇ ਦੀ ਗੱਲ ਕਰੀਏ ਤਾਂ ਇਹ ਉਹ ਖਿੱਤਾ ਹੈ ਜੋ ਕਈ ਦਹਾਕਿਆਂ ਤੱਕ ਅਸ਼ਾਂਤ ਰਿਹਾ ਹੈ। ਅਜਿਹੀ ਸੂਰਤ ਵਿਚ ਬਹੁਤਾ ਸਮਾਂ ਭਾਰਤ ਸਰਕਾਰ ਹੀ ਦੂਰੋਂ ਸ਼ਾਸਨ ਕਰਦੀ ਰਹੀ ਹੈ ਪਰ ਇਸ ਦੇ ਕੋਈ ਬਿਹਤਰ ਨਤੀਜੇ ਨਹੀਂ ਨਿਕਲੇ। ਕਈ ਸਾਲਾਂ ਤੱਕ ਦਿੱਲੀ ਵਿਚ ਬੈਠੇ ਨੌਕਰਸ਼ਾਹ (ਜ਼ਿਆਦਾਤਰ ਜੁਆਇੰਟ ਸੈਕਟਰੀ ਪੱਧਰ ਦੇ ਅਫ਼ਸਰ) ਹੀ ਮਾਮਲੇ ਚਲਾਉਂਦੇ ਰਹੇ ਹਨ। ਇਹ ਉਨ੍ਹਾਂ ਸੂਬਿਆਂ ਦੇ ਲੋਕਾਂ ਲਈ ਇਕ ਜ਼ਲਾਲਤ ਭਰਿਆ ਅਨੁਭਵ ਸਾਬਿਤ ਹੋਇਆ ਹੈ। ਭਾਰਤ ਸਰਕਾਰ ਨੇ ਇਨ੍ਹਾਂ 'ਚੋਂ ਜ਼ਿਆਦਾਤਰ ਖੇਤਰਾਂ ਵਿਚ ਅਫਸਪਾ (          – ਹਥਿਆਰਬੰਦ ਦਸਤਿਆਂ ਲਈ ਵਿਸ਼ੇਸ਼ ਤਾਕਤਾਂ ਦਾ ਕਾਨੂੰਨ) ਲਾਗੂ ਕੀਤਾ ਹੋਇਆ ਹੈ ਪਰ ਆਮ ਨਾਗਰਿਕਾਂ ਤੰਗ ਪ੍ਰੇਸ਼ਾਨ ਕਰਨ ਤੋਂ ਬਿਨਾਂ ਇਸ ਦਾ ਕੋਈ ਸਾਕਾਰਾਤਮਕ ਨਤੀਜਾ ਸਾਹਮਣੇ ਨਹੀਂ ਆਇਆ। ਬਹੁਤ ਸਾਰੇ ਸੂਬਿਆਂ ਵਿਚ ਅਫਸਪਾ ਕਈ ਦਹਾਕਿਆਂ ਤੋਂ ਲਾਗੂ ਹੈ। ਇਨ੍ਹਾਂ ਖੇਤਰਾਂ ਅੰਦਰ ਪ੍ਰਸ਼ਾਸਨ ਭ੍ਰਿਸ਼ਟ ਅਤੇ ਨਾਅਹਿਲ ਹੈ ਅਤੇ ਸਿਆਸਤਦਾਨਾਂ ਦੀ ਮਿਲੀਭੁਗਤ ਚਲਦੀ ਹੈ। ਸਰਹੱਦਾਂ ਰਾਹੀਂ ਅਤਿਵਾਦੀਆਂ ਲਈ ਛੋਟੇ ਹਥਿਆਰਾਂ, ਗੋਲੀ ਸਿੱਕੇ ਅਤੇ ਨਸ਼ੀਲੀਆਂ ਦਵਾਈਆਂ ਦੀ ਤਸਕਰੀ ਆਮ ਚਲਦੀ ਰਹਿੰਦੀ ਹੈ।

ਕੇਂਦਰ ਵੱਲੋਂ ਇਨ੍ਹਾਂ ਖੇਤਰਾਂ ਲਈ ਬਣਾਏ ਗਏ ਵਿਸ਼ੇਸ਼ ਵਿਕਾਸ ਫੰਡ ਅਤੇ ਵਿਸ਼ੇਸ਼ ਵਿਭਾਗ ਵੱਡੇ ਪੱਧਰ 'ਤੇ ਹੁੰਦੇ ਭ੍ਰਿਸ਼ਟਾਚਾਰ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਨ ਵਿਚ ਨਾਕਾਮ ਰਹੇ ਹਨ। ਵੱਖ ਵੱਖ ਵਿਭਾਗਾਂ ਦੇ ਫੰਡ ਅਤੇ ਭਰਤੀਆਂ ਦੀ ਸਰਕਾਰੀ ਅਹਿਲਕਾਰਾਂ ਦਰਮਿਆਨ ਵੰਡ ਕਰ ਦਿੱਤੀ ਜਾਂਦੀ ਅਤੇ ਨਾਗਾਲੈਂਡ ਤੇ ਮਨੀਪੁਰ ਜਿਹੇ ਖੇਤਰਾਂ ਵਿਚ ਰੂਪੋਸ਼ ਅਨਸਰ ਨਿਯਮਤ ਰੂਪ ਵਿਚ ਫੰਡਾਂ ਦਾ ਵੱਡਾ ਹਿੱਸਾ ਹਾਸਲ ਕਰਦੇ ਆ ਰਹੇ ਹਨ ਅਤੇ ਉਹ ਟ੍ਰਾਂਸਪੋਰਟਰਾਂ, ਕਾਰੋਬਾਰੀਆਂ ਅਤੇ ਦੁਕਾਨਦਾਰਾਂ ਤੋਂ ਵੀ ਵਸੂਲੀ ਕਰਦੇ ਹਨ। ਉਹ ਵਿਆਪਕ ਬੰਦ ਕਰਵਾ ਕੇ ਰਿਆਸਤ/ਸਟੇਟ ਤੇ ਲੋਕਾਂ ਨੂੰ ਅੱਗੇ ਲਾ ਲੈਂਦੇ ਹਨ। ਨਾਗਾਲੈਂਡ ਵਿਚ ਤਾਂ ਇਕ ਤਰ੍ਹਾਂ ਨਾਲ ਪਾਬੰਦੀਸ਼ੁਦਾ ਜਥੇਬੰਦੀਆਂ ਦਾ ਹੀ ਸਿੱਕਾ ਚਲਦਾ ਹੈ। ਪਿਛਲੇ ਤਕਰੀਬਨ ਦੋ ਦਹਾਕਿਆਂ ਤੋਂ ਇਨ੍ਹਾਂ ਜਥੇਬੰਦੀਆਂ ਨਾਲ ਗੱਲਬਾਤ ਕਰਨ ਵਾਲੇ ਵਾਰਤਾਕਾਰ () ਮੌਜੂਦ ਹਨ ਪਰ ਇਸ ਦਾ ਕੋਈ ਠੋਸ ਨਤੀਜਾ ਨਹੀਂ ਨਿਕਲਿਆ। ਹਰ ਵਾਰ ਕਿਹਾ ਜਾਂਦਾ ਹੈ ਕਿ ਸਮੱਸਿਆ ਹੱਲ ਦੇ ਨੇੜੇ ਪਹੁੰਚ ਗਈ ਹੈ ਪਰ ਉਹ ਪੜਾਅ ਹਮੇਸ਼ਾ ਅੱਗੇ ਖਿਸਕਦਾ ਰਹਿੰਦਾ ਹੈ। ਨਿਹਿਤ ਸਵਾਰਥੀਆਂ ਨੂੰ ਲਾਂਭੇ ਰੱਖ ਕੇ ਸਰਕਾਰ ਅਤੇ ਲੋਕਾਂ ਦਰਮਿਆਨ ਸਿੱਧੀ ਗੱਲਬਾਤ ਹੋਣੀ ਚਾਹੀਦੀ ਹੈ। ਨਾਗਾਲੈਂਡ ਅਤੇ ਮਨੀਪੁਰ ਵਿਚ ਸ਼ਹਿਰੀ ਆਜ਼ਾਦੀਆਂ ਦੀਆਂ ਜਥੇਬੰਦੀਆਂ ਬਹੁਤ ਮਜ਼ਬੂਤ ਹਨ ਅਤੇ ਗੱਲਬਾਤ ਚਲਾਉਣ ਦੇ ਸਮੱਰਥ ਹਨ। ਜੇ ਟਕਰਾਅ ਸੁਲਝਾਉਣੇ ਹਨ ਤਾਂ ਸਰਕਾਰ ਅਤੇ ਲੋਕਾਂ ਦਰਮਿਆਨ ਪਾੜਾ ਘਟਾਉਣਾ ਪਵੇਗਾ ਅਤੇ ਇਸ ਮਾਮਲੇ ਵਿਚ ਸਰਕਾਰ ਨੂੰ ਪਹਿਲ ਕਰਨੀ ਪੈਣੀ ਹੈ। ਲੋਕਾਂ ਨੂੰ ਰਿਆਇਤਾਂ ਦੇ ਗੱਫਿਆਂ ਦੀ ਅਫ਼ੀਮ ਵੰਡੀ ਜਾ ਰਹੀ ਹੈ ਪਰ ਅਜਿਹੀਆਂ ਰਿਆਇਤਾਂ ਚੰਗੇ ਤੇ ਇਮਾਨਦਾਰ ਸ਼ਾਸਨ ਦਾ ਬਦਲ ਨਹੀਂ ਬਣ ਸਕਦੀਆਂ। ਸਾਡੇ ਫ਼ੌਜਦਾਰੀ ਨਿਆਂ ਪ੍ਰਬੰਧ ਦੀ ਨਾਕਾਮੀ ਕਰਕੇ ਸਮੱਸਿਆ ਹੋਰ ਜ਼ਿਆਦਾ ਵਿਕਰਾਲ ਰੂਪ ਧਾਰਨ ਕਰ ਗਈ ਹੈ ਅਤੇ ਸਿਆਸਤਦਾਨ ਜੀ ਹਜ਼ੂਰੀਏ ਅਫ਼ਸਰਾਂ ਅਤੇ ਨਿਆਂਪਾਲਿਕਾ ਦੇ ਮੈਂਬਰਾਂ ਰਾਹੀਂ ਇਸ ਪ੍ਰਬੰਧ ਦੀ ਦੁਰਵਰਤੋਂ ਕਰਦੇ ਚਲੇ ਜਾ ਰਹੇ ਹਨ। ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਇਨ੍ਹਾਂ ਸਰਕਾਰਾਂ ਵੱਲੋਂ ਵਿਸ਼ੇਸ਼ ਐਮਰਜੈਂਸੀ ਤਾਕਤਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ ਅਤੇ ਵੱਡੇ ਪੱਧਰ 'ਤੇ ਨੀਮ ਫ਼ੌਜੀ ਦਸਤਿਆਂ ਤੇ ਫ਼ੌਜੀ ਦਸਤਿਆਂ ਦੀ ਤਾਇਨਾਤੀ ਕਰ ਦਿੱਤੀ ਜਾਂਦੀ ਹੈ। ਫ਼ੌਜ ਇਕ ਵਡੇਰੀ ਤਲਵਾਰ ਹੈ ਜੋ ਬਾਹਰੀ ਦੁਸ਼ਮਣਾਂ ਤੋਂ ਦੇਸ਼ ਦੀ ਰਾਖੀ ਲਈ ਬਣਾਈ ਗਈ ਸੀ ਅਤੇ ਚੀਨ ਅਤੇ ਪਾਕਿਸਤਾਨ ਨਾਲ ਲੱਗਦੀ ਅਸਲ ਕੰਟਰੋਲ ਰੇਖਾ 'ਤੇ ਬਣੀਆਂ ਸਥਿਤੀਆਂ ਦੇ ਮੱਦੇਨਜ਼ਰ ਇਸ ਦੀ ਭੂਮਿਕਾ ਦੀ ਬਹੁਤ ਜ਼ਿਆਦਾ ਅਹਿਮੀਅਤ ਹੈ। ਇਸੇ ਤਰ੍ਹਾਂ ਸੁਰੱਖਿਆ ਦਲ (ਨੀਮ ਫ਼ੌਜੀ ਦਸਤੇ) ਹਿੰਸਾ ਤੇ ਗੜਬੜ ਵਾਲੀਆਂ ਸੰਗੀਨ ਹਾਲਤਾਂ ਵਿਚ ਤਾਇਨਾਤ ਕੀਤੇ ਜਾਣੇ ਚਾਹੀਦੇ ਹਨ ਨਾ ਕਿ ਅਮਨ ਕਾਨੂੰਨ ਦੀ ਹਰੇਕ ਹਾਲਤ ਵਿਚ। ਦੇਸ਼ ਨੂੰ ਅਸਥਿਰ ਕਰਨ 'ਤੇ ਤੁਲੇ ਹੋਏ ਦਹਿਸ਼ਤਗਰਦ ਅਤੇ ਅਤਿਵਾਦੀ ਅਨਸਰਾਂ ਤੇ ਸੰਗਠਨਾਂ ਖਿਲਾਫ਼ ਸੁਰੱਖਿਆ ਦਲਾਂ ਦਾ ਇਸਤੇਮਾਲ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ, ਪਰ ਯਕੀਨਨ ਇਹ ਹਰੇਕ ਮਰਜ ਦਾ ਹੱਲ ਨਹੀਂ।

ਦੂਜੇ ਪਾਸੇ ਆਂਧਰਾ ਪ੍ਰਦੇਸ਼ ਨੇ ਨਕਸਲੀ ਵਿਦਰੋਹ 'ਤੇ ਕਾਬੂ ਪਾਉਣ ਵਿਚ ਸਫਲਤਾ ਹਾਸਿਲ ਕੀਤੀ ਹੈ ਅਤੇ ਵੱਡੀ ਗੱਲ ਇਹ ਹੈ ਕਿ ਇਹ ਜ਼ੰਮੇਵਾਰੀ ਮੁਕਾਮੀ ਪੁਲੀਸ ਨੇ ਨਿਭਾਈ ਹੈ। ਦਿਆਨਤਦਾਰ ਲੀਡਰਸ਼ਿਪ ਅਧੀਨ ਚੰਗੀ ਤਰ੍ਹਾਂ ਸਿੱਖਿਅਤ ਪੁਲੀਸ ਨੇ ਹਥਿਆਰਬੰਦ ਦਸਤਿਆਂ ਨੂੰ ਸ਼ਾਮਲ ਕੀਤੇ ਬਗ਼ੈਰ ਵਿਦਰੋਹ ਦਾ ਖ਼ਾਤਮਾ ਕਰ ਦਿੱਤਾ ਹੈ। ਇਸ ਦੌਰਾਨ ਅੰਦਰਖਾਤੇ ਗੱਲਬਾਤ ਵੀ ਚਲਦੀ ਰਹੀ ਜਿਸ ਦਾ ਵੀ ਟਕਰਾਅ ਸੁਲਝਾਉਣ ਵਿਚ ਯੋਗਦਾਨ ਰਿਹਾ। ਵੱਖੋ ਵੱਖਰੇ ਤਰ੍ਹਾਂ ਦੀਆਂ ਸਰਕਾਰਾਂ ਬਣਦੀਆਂ ਤੇ ਡਿੱਗਦੀਆਂ ਰਹੀਆਂ, ਪਰ ਤੈਅ ਕੀਤੀ ਰਣਨੀਤੀ ਕਾਇਮ ਰਹੀ। ਅੱਜ ਆਂਧਰਾ ਪ੍ਰਦੇਸ਼ ਤਿੱਖੇ ਮਾਓਵਾਦੀ ਟਕਰਾਅ ਤੋਂ ਮੁਕਤ ਹੈ ਅਤੇ ਇਸ ਦੇ ਧੀਆਂ ਪੁੱਤਰ ਨਾ ਕੇਵਲ ਸੂਬੇ ਅੰਦਰ ਸਗੋਂ ਵਿਦੇਸ਼ਾਂ ਵਿਚ ਵੀ ਮੋਹਰੀ ਅਹੁਦੇ ਸੰਭਾਲ ਰਹੇ ਹਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਰ ਖਿੱਤੇ ਦੇ ਲੋਕ ਸ਼ਾਂਤੀ, ਸਿੱਖਿਆ, ਸਿਹਤ ਅਤੇ ਢੁਕਵੇਂ ਰੁਜ਼ਗਾਰ ਜ਼ਰੀਏ ਮਿਆਰੀ ਜ਼ਿੰਦਗੀ ਜਿਊਣਾ ਚਾਹੁੰਦੇ ਹਨ ਨਾ ਕਿ ਰਿਆਇਤਾਂ ਦੇ ਗੱਫੇ।

ਜੰਮੂ ਕਸ਼ਮੀਰ ਵਿਚ ਹਾਲਾਤ ਬਿਲਕੁਲ ਵੱਖਰੇ ਹਨ ਕਿਉਂਕਿ ਉੱਥੇ ਵਿਦੇਸ਼ੀ ਅਨਸਰਾਂ, ਹਥਿਆਰਾਂ ਤੇ ਨਸ਼ਿਆਂ ਦੇ ਰੂਪ ਵਿਚ ਪਾਕਿਸਤਾਨ ਦੀ ਤਰਫੋਂ ਘੁਸਪੈਠ ਕੀਤੀ ਜਾਂਦੀ ਹੈ। ਭੂਗੋਲਿਕ ਸਥਿਤੀਆਂ ਅਜਿਹੀਆਂ ਹਨ ਕਿ ਇਸ ਘੁਸਪੈਠ ਨੂੰ ਪੂਰੀ ਤਰ੍ਹਾਂ ਬੰਦ ਨਹੀਂ ਕੀਤਾ ਜਾ ਸਕਦਾ ਅਤੇ ਇਹ ਵੀ ਮੰਨਣਾ ਪੈਣਾ ਹੈ ਕਿ ਇਸ ਨੂੰ ਕੁਝ ਹੱਦ ਤੱਕ ਮੁਕਾਮੀ ਹਮਾਇਤ ਵੀ ਹਾਸਿਲ ਹੈ। ਇੱਥੇ ਵੀ ਮੁੱਖਧਾਰਾ ਦੀਆਂ ਪਾਰਟੀਆਂ ਅਤੇ ਸੂਬਾਈ ਪ੍ਰਸ਼ਾਸਨ ਕੋਈ ਖ਼ਾਸ ਮਦਦਗਾਰ ਸਾਬਿਤ ਨਹੀਂ ਹੋ ਸਕੇ। ਵੱਖ ਵੱਖ ਪੱਧਰਾਂ 'ਤੇ ਫੰਡਾਂ ਵਿਚ ਬਹੁਤ ਜ਼ਿਆਦਾ ਲੀਕੇਜ ਹੁੰਦੀ ਹੈ ਅਤੇ ਪ੍ਰਸ਼ਾਸਨ ਸਰਗਰਮੀ ਨਾਲ ਕੰਮ ਨਹੀਂ ਕਰਦਾ। ਸਾਰੇ ਪੱਧਰਾਂ 'ਤੇ ਸਰਕਾਰ ਅਤੇ ਲੋਕਾਂ ਦਰਮਿਆਨ ਬੱਝਵੇਂ ਰੂਪ ਵਿਚ ਗੱਲਬਾਤ ਹੋਣੀ ਜ਼ਰੂਰੀ ਹੈ। ਇਸੇ ਤਰ੍ਹਾਂ ਲੋਕਾਂ ਨੂੰ ਆਪੋ ਆਪਣੇ ਖੇਤਰਾਂ ਦੇ ਵਿਕਾਸ ਕਾਰਜਾਂ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਜ਼ਮੀਨੀ ਪੱਧਰ 'ਤੇ ਲੋਕਾਂ ਦੇ ਨੁਮਾਇੰਦਿਆਂ ਅਤੇ ਮੁਕਾਮੀ ਪ੍ਰਸ਼ਾਸਨ ਦਰਮਿਆਨ ਨਿਰੰਤਰ ਗੱਲਬਾਤ ਚਲਾਉਣੀ ਜ਼ਰੂਰੀ ਹੈ। ਅਫ਼ਸਪਾ ਵਰਗੇ ਸਖ਼ਤ ਕਾਨੂੰਨ ਇਕੱਲੇ ਨਤੀਜੇ ਨਹੀਂ ਦੇ ਸਕਦੇ ਤੇ ਨਾ ਹੀ ਟਕਰਾਅ ਸੁਲਝਾਅ ਸਕਦੇ ਹਨ। ਗੱਲਬਾਤ ਦੀ ਅਣਹੋਂਦ ਕਰਕੇ ਮੁਕਾਮੀ ਲੜਕਿਆਂ ਦੀ ਅਤਿਵਾਦ ਵਿਚ ਸ਼ਮੂਲੀਅਤ ਵਧ ਰਹੀ ਹੈ ਅਤੇ ਇਹ ਖਾਸ ਕਰਕੇ ਸ੍ਰੀਨਗਰ ਵਿਚ ਦੇਖਣ ਨੂੰ ਮਿਲ ਰਿਹਾ ਹੈ।

ਸੰਖੇਪ ਸਾਰ ਇਹ ਹੈ ਕਿ ਸਰਕਾਰ ਅਤੇ ਲੋਕਾਂ ਦਰਮਿਆਨ ਬਿਨਾਂ ਵਿਚੋਲਿਆਂ ਤੋਂ ਪਿੰਡ ਤੋਂ ਲੈ ਕੇ ਉਪਰ ਤੱਕ ਹਰੇਕ ਪੱਧਰ 'ਤੇ ਬੱਝਵੀਂ ਗੱਲਬਾਤ ਹੋਣੀ ਚਾਹੀਦੀ ਹੈ। ਸੂਬਾਈ ਪੁਲੀਸ ਦੀ ਵਧੇਰੇ ਸ਼ਮੂਲੀਅਤ ਹੋਣੀ ਚਾਹੀਦੀ ਹੈ ਅਤੇ ਹਥਿਆਰਬੰਦ ਦਸਤਿਆਂ ਦੀ ਸ਼ਮੂਲੀਅਤ ਘੱਟ ਤੋਂ ਘੱਟ ਰੱਖੀ ਜਾਣੀ ਚਾਹੀਦੀ ਹੈ। ਅਸਲ ਕੰਟਰੋਲ ਰੇਖਾ ਉਪਰ ਪੈਦਾ ਹੋ ਰਹੀ ਸਥਿਤੀ ਦੇ ਮੱਦੇਨਜ਼ਰ ਹਥਿਆਰਬੰਦ ਦਸਤਿਆਂ ਨੂੰ ਸਰਹੱਦ ਪਾਰੋਂ ਦੁਸ਼ਮਣਾਂ ਵੱਲੋਂ ਪੈਦਾ ਕੀਤੀ ਜਾਂਦੀ ਸਥਿਤੀ ਨਾਲ ਸਿੱਝਣ ਲਈ ਸਰਹੱਦ ਦੀ ਰਾਖੀ ਦਾ ਆਪਣਾ ਮੂਲ ਕੰਮ ਕਰਨ ਲਈ ਖੁੱਲ੍ਹਾ ਛੱਡ ਦੇਣਾ ਚਾਹੀਦਾ ਹੈ। ਜੇ ਦੇਸ਼ ਦੇ ਅੰਦਰ ਕੋਈ ਸਥਿਤੀ ਪੈਦਾ ਹੁੰਦੀ ਹੈ ਤਾਂ ਉਨ੍ਹਾਂ ਨੂੰ ਸਿਵਲ ਸ਼ਕਤੀ ਦੀ ਮਦਦ ਦੇ ਰੂਪ ਵਿਚ ਬੁਲਾਇਆ ਜਾ ਸਕਦਾ ਹੈ। ਸਾਡੀ ਫ਼ੌਜ ਬੇਹੱਦ ਹੀ ਅਨੁਸ਼ਾਸਿਤ ਅਤੇ ਦ੍ਰਿੜ੍ਹਤਾਪੂਰਨ ਬਲ ਹੈ ਅਤੇ ਇਸ ਦਾ ਆਖ਼ਰੀ ਹਥਿਆਰ ਦੇ ਤੌਰ 'ਤੇ ਹੀ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ। ਇਸ ਨੂੰ ਨਾਗਰਿਕ ਬਦਅਮਨੀ ਨੂੰ ਸੁਲਝਾਉਣ ਵਾਸਤੇ ਲੰਮਾ ਸਮਾਂ ਸਿਵਲ ਖੇਤਰਾਂ ਵਿਚ ਤਾਇਨਾਤ ਨਹੀਂ ਕੀਤਾ ਜਾਣਾ ਚਾਹੀਦਾ।

ਆਖਰੀ ਸ਼ਬਦ ਟੀਵੀ, ਅਖ਼ਬਾਰਾਂ ਅਤੇ ਸੋਸ਼ਲ ਮੀਡੀਆ ਵਿਚਲੇ ਮਿੱਤਰਾਂ ਵਾਸਤੇ ਹਨ। ਤੁਹਾਨੂੰ ਵੀ ਆਪਣੇ ਹਵਾਈ ਕਿਲਿਆਂ 'ਚੋਂ ਬਾਹਰ ਆ ਕੇ ਝਾਤੀ ਮਾਰਨ ਦੀ ਲੋੜ ਹੈ ਅਤੇ ਵੱਖ ਵੱਖ ਥਾਵਾਂ 'ਤੇ ਜਾ ਕੇ ਲੋਕਾਂ ਨੂੰ ਮਿਲਣਾ ਚਾਹੀਦਾ ਹੈ ਜਿਨ੍ਹਾਂ ਬਾਰੇ ਤੁਸੀਂ ਲਿਖਦੇ ਰਹਿੰਦੇ ਹੋ ਜਾਂ ਜਿਨ੍ਹਾਂ ਨੂੰ ਤੁਹਾਡੇ ਚੈਨਲਾਂ ਰਾਹੀਂ ਪ੍ਰਵਚਨ ਦਿੱਤੇ ਜਾਂਦੇ ਹਨ। ਜੇ ਤੁਸੀਂ ਇਮਾਨਦਾਰੀ ਅਤੇ ਇੱਜ਼ਤ ਮਾਣ ਨਾਲ ਆਪਣਾ ਫ਼ਰਜ਼ ਨਿਭਾਓਗੇ ਅਤੇ ਜ਼ਮੀਨੀ ਪੱਧਰ ਤੋਂ ਰਿਪੋਰਟਿੰਗ ਕਰੋਗੇ ਤਾਂ ਸਮੱਸਿਆਵਾਂ ਬਹੁਤ ਜਲਦੀ ਸੁਲਝ ਜਾਣਗੀਆਂ ਤੇ ਸਹੀ ਦਿਸ਼ਾ ਵੱਲ ਅੱਗੇ ਵਧਣਗੀਆਂ। ਟਕਰਾਅ ਵਿਚ ਸ਼ਾਮਲ ਲੋਕਾਂ ਦੇ ਨਜ਼ਰੀਏ ਤੋਂ ਚੀਜ਼ਾਂ ਨੂੰ ਦੇਖਣ ਦਾ ਯਤਨ ਕਰੋ ਅਤੇ ਸਮੱਸਿਆਵਾਂ ਘਟਾਉਣ ਵਿਚ ਮਦਦ ਕਰੋ ਨਾ ਕਿ ਉਨ੍ਹਾਂ ਨੂੰ ਹੋਰ ਵਧਾਉਣ ਵਿਚ।

ਗੁਰਬਚਨ ਜਗਤ

## ਪੰਜਾਬ ਤੇ ਜੰਮੂ ਲਈ ਟਰੇਨਾਂ ਬੰਦ: ਆਈ. ਐੱਸ. ਬੀ. ਟੀ. ਦਿੱਲੀ ਤੋਂ ਪੰਜਾਬ ਲਈ ਚੱਲੀਆਂ 450 ਤੋਂ ਵੱਧ ਬੱਸਾਂ

ਜਲੰਧਰ , (ਰਾਕੇਸ਼ ਗੋਇਲ)–ਪੰਜਾਬ ਲਈ ਟਰੇਨਾਂ ਬੰਦ ਹੋਣ ਕਾਰਨ ਗੁਆਂਢੀ ਸੂਬਿਆਂ ਵੱਲੋਂ ਬੱਸਾਂ ਦੀ ਆਵਾਜਾਈ ਵਿਚ ਵਾਧਾ ਕੀਤਾ ਗਿਆ ਹੈ ਪਰ ਇਸ ਦੇ ਬਾਵਜੂਦ ਯਾਤਰੀਆਂ ਦੀ ਮੰਗ ਮੁਤਾਬਕ ਬੱਸਾਂ ਦੀ ਗਿਣਤੀ ਘੱਟ ਪੈ ਰਹੀ ਹੈ। ਆਈ. ਐੱਸ. ਬੀ. ਟੀ. ਦਿੱਲੀ ਤੋਂ ਬੀਤੇ ਦਿਨ ਪੰਜਾਬ ਲਈ ਚੱਲਣ ਵਾਲੀਆਂ ਬੱਸਾਂ ਦੀ ਗਿਣਤੀ 450 ਤੋਂ ਵੱਧ ਰਹੀ। ਇਨ੍ਹਾਂ ਬੱਸਾਂ ਵਿਚ ਪੰਜਾਬ ਟਰਾਂਸਪੋਰਟ ਮਹਿਕਮਾ, ਹਰਿਆਣਾ ਰੋਡਵੇਜ, ਸੀ. ਟੀ. ਯੂ. ਅਤੇ ਹਿਮਾਚਲ ਰੋਡਵੇਜ ਦੀਆਂ ਬੱਸਾਂ ਮੁੱਖ ਤੌਰ ’ਤੇ ਸ਼ਾਮਲ ਹਨ। ਉਥੇ ਹੀ, ਦਿੱਲੀ ਤੋਂ ਚੱਲੀਆਂ ਰਾਜਸਥਾਨ ਅਤੇ ਉੱਤਰਾਖੰਡ ਰੋਡਵੇਜ ਦੀਆਂ ਬੱਸਾਂ ਨਾਲ ਵੀ ਯਾਤਰੀਆਂ ਨੂੰ ਰਾਹਤ ਮਿਲੀ।




ਗੁਆਂਢੀ ਸੂਬਿਆਂ ਦੀਆਂ ਜਿਹੜੀਆਂ ਬੱਸਾਂ ਪੰਜਾਬ ਵਿਚ ਆਈਆਂ, ਉਹ ਰੁਟੀਨ ਵਾਂਗ ਵਧੇਰੇ ਲਾਭ ਪਾ ਰਹੀਆਂ ਹਨ, ਜਿਸ ਕਾਰਨ ਉਕਤ ਸੂਬੇ ਪੰਜਾਬ ਵਿਚ ਬੱਸਾਂ ਭੇਜਣ ਵਿਚ ਵਧੇਰੇ ਰੁਚੀ ਦਿਖਾ ਰਹੇ ਹਨ। ਇਸ ਸਮੇਂ ਸਭ ਤੋਂ ਵਧੇਰੇ ਪ੍ਰੇਸ਼ਾਨੀ ਦਿੱਲੀ ਤੋਂ ਪੰਜਾਬ ਅਤੇ ਜੰਮੂ ਜਾਣ ਵਾਲੇ ਯਾਤਰੀਆਂ ਨੂੰ ਝੱਲਣੀ ਪੈ ਰਹੀ ਹੈ ਕਿਉਂਕਿ ਅੰਬਾਲਾ ਤੋਂ ਅੱਗੇ ਬਹੁਤ ਘੱਟ ਟਰੇਨਾਂ ਆ ਰਹੀਆਂ ਹਨ। ਕੁਝ ਟਰੇਨਾਂ ਦੀ ਪੰਜਾਬ ਲਈ ਆਵਾਜਾਈ ਹੋ ਰਹੀ ਹੈ ਪਰ ਉਹ ਲੁਧਿਆਣਾ ਤੋਂ ਅੱਗੇ ਨਹੀਂ ਆ ਰਹੀਆਂ। ਟਰੇਨਾਂ ਦਾ ਜੰਮੂ ਦਾ ਰੂਟ ਪੂਰੀ ਤਰ੍ਹਾਂ ਬੰਦ ਹੋਣ ਕਾਰਨ ਨਵੇਂ ਸਾਲ ’ਤੇ ਵੈਸ਼ਨੋ ਦੇਵੀ ਜਾਣ ਵਾਲੇ ਯਾਤਰੀਆਂ ਲਈ ਦੁਚਿੱਤੀ ਵਾਲੀ ਸਥਿਤੀ ਪ੍ਰੇਸ਼ਾਨੀ ਦਾ ਸਬੱਬ ਬਣੀ ਹੋਈ ਹੈ। ਕਟੜਾ ਲਈ ਜਾਣ ਵਾਲੀਆਂ ਟਰੇਨਾਂ ਲਈ ਯਾਤਰੀਆਂ ਵੱਲੋਂ ਤੋਂ 3–4 ਜਨਵਰੀ ਤੱਕ ਅੱਪ–ਡਾਊਨ ਦੀਆਂ ਟਿਕਟਾਂ ਬੁੱਕ ਕਰਵਾਈਆਂ ਜਾ ਚੁੱਕੀਆਂ ਹਨ ਪਰ ਟਰੇਨਾਂ ਦਾ ਰਸਤਾ ਹੁਣ ਕਲੀਅਰ ਨਹੀਂ ਹੋ ਪਾ ਰਿਹਾ। ਇਸ ਕਾਰਨ ਉਕਤ ਯਾਤਰੀਆਂ ਨੂੰ ਦੂਜਾ ਬਦਲ ਤਿਆਰ ਕਰਨਾ ਹੋਵੇਗਾ। ਹਾਲ ਹੀ ਵਿਚ ਜੰਮੂ–ਕਸ਼ਮੀਰ ਨਾਲ ਸ਼ੁਰੂ ਹੋਈ ਇੰਟਰ ਸਟੇਟ ਬੱਸਾਂ ਦੀ ਸ਼ੁਰੂਆਤ ਨਾਲ ਯਾਤਰੀਆਂ ਨੂੰ ਰਾਹਤ ਭਾਵੇਂ ਮਿਲੀ ਹੋਵੇ ਪਰ ਮੰਗ ਮੁਤਾਬਕ ਬੱਸਾਂ ਉਪਲੱਬਧ ਨਹੀਂ ਹੋ ਰਹੀਆਂ।

ਐਤਵਾਰ ਦੀ ਛੁੱਟੀ ਹੋਣ ਦੇ ਬਾਵਜੂਦ ਦਿੱਲੀ ਆਈ. ਐੱਸ. ਬੀ. ਟੀ. ਵਿਚ ਯਾਤਰੀਆਂ ਦੀ ਗਿਣਤੀ ਬਹੁਤ ਜਿਆਦਾ ਰਹੀ। ਪੰਜਾਬ ਰੋਡਵੇਜ ਦੇ ਦਿੱਲੀ ਆਈ. ਐੱਸ. ਬੀ. ਟੀ. ਦੇ ਇੰਚਾਰਜ ਅਮਰਜੀਤ ਸਿੰਘ ਮੁਤਾਬਕ ਸ਼ਾਮ ਤੱਕ ਬਣਾਈ ਰਿਪੋਰਟ ਮੁਤਾਬਕ ਬੱਸਾਂ ਦੀ ਆਵਾਜਾਈ ਉਮੀਦ ਤੋਂ ਵੱਧ ਦੇਖੀ ਗਈ ਹੈ। ਇਸ ਲੜੀ ਵਿਚ ਆਈ. ਐੱਸ. ਬੀ. ਟੀ. ਕਸ਼ਮੀਰੀ ਗੇਟ ਤੋਂ ਪੰਜਾਬ ਟਰਾਂਸਪੋਰਟ ਵਿਭਾਗ ਦੀਆਂ 150 ਤੋਂ ਵੱਧ, ਹਿਮਾਚਲ ਦੀਆਂ 105, ਹਰਿਆਣਾ ਦੀਆਂ 140, ਜੇ. ਐਂਡ ਕੇ. ਦੀਆਂ 30, ਸੀ. ਟੀ. ਯੂ. ਦੀਆਂ 18 ਦੇ ਲਗਭਗ ਬੱਸਾਂ ਦੀ ਆਵਾਜਾਈ ਪੰਜਾਬ ਲਈ ਹੋਈ। ਇਸ ਤੋਂ ਇਲਾਵਾ ਉੱਤਰਾਖੰਡ ਅਤੇ ਰਾਜਸਥਾਨ ਦੀਆਂ ਬੱਸਾਂ ਵੀ ਰਵਾਨਾਂ ਹੋਈਆਂ ਪਰ ਇਨ੍ਹਾਂ ਵਿਚ ਪੰਜਾਬ ਲਈ ਚੱਲਣ ਵਾਲੀਆਂ ਬੱਸਾਂ ਦੀ ਗਿਣਤੀ ਖਬਰ ਲਿਖੇ ਜਾਣ ਤੱਕ ਪਤਾ ਨਹੀਂ ਲੱਗ ਸਕੀ।

### ਅਮਰ ਪ੍ਰੋਫੈਸ਼ਨਲ ਕਾਲਜ ਆਫ ਨਰਸਿੰਗ ’ਚ ਫਰੈਸ਼ਰ ਤੇ ਵਿਦਾਇਗੀ ਪਾਰਟੀ ਆਯੋਜਿਤ

ਜ਼ੀਰਕਪੁਰ , (ਪੱਤਰ ਪ੍ਰੇਰਕ)– ਸਥਾਨਕ ਅਮਰ ਪ੍ਰੋਫੈਸ਼ਨਲ ਕਾਲਜ ਆਫ ਨਰਸਿੰਗ ਪਿੰਡ ਦਿਆਲਪੁਰਾ ਵੱਲੋਂ ਅੱਜ ਕਾਲਜ ਦੇ ਵਿਹੜੇ ’ਚ ਇੱਕ ਫਰੈਸਰ ਅਤੇ ਵਿਦਾਇਗੀ ਪਾਰਟੀ 2021 “ਰੂਬਰੂ” ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਜ਼ੀਰਕਪੁਰ ਨਗਰ ਕੌਂਸਲ ਦੇ ਪ੍ਰਧਾਨ ਉਦੇਵੀਰ ਸਿੰਘ ਢਿੱਲੋਂ ਨੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਜਦੋਂਕਿ ਵਿਸ਼ੇਸ਼ ਮਹਿਮਾਨ ਵੱਜੋਂ ਵਾਸਦੇਵ, ਜੈਪਾਲ ਸਿੰਘ, ਸੰਜੇ ਮਦਾਨ ਐੱਮਸੀ, ਲਾਲੜੂ, ਅਤੇ ਨਿਰਮਲ ਸਿੰਘ ਮੌਜੂਦ ਰਹੇ। ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਉਦੇਵੀਰ ਸਿੰਘ ਢਿੱਲੋਂ ਨੇ ਸਮ੍ਹਾਂ ਰੌਸ਼ਨ ਕਰਕੇ ਕੀਤੀ। ਇਸ ਮਗਰੋਂ ਵਿਦਿਆਰਥੀਆਂ ਨੇ ਆਪੋ–ਆਪਣੇ ਸੂਬਿਆਂ ਦੇ ਸੱਭਿਆਚਾਰ ਨੂੰ ਪੇਸ਼ ਕਰਕੇ ਖੂਬ ਰੰਗ ਬੰਨ੍ਹਿਆ। ਇਸ ਮੌਕੇ ਵਿਦਿਆਰਥੀਆਂ ਨੇ ਹਿਮਾਚਲੀ ਨਾਚ ਕਨੌੜੀ, ਗੁਜਰਾਤ ਦਾ ਗਰਬਾ ਪੇਸ਼ ਕੀਤਾ ਜਦੋਂਕਿ ਪੰਜਾਬੀ ਭੰਗੜਾ ਤੇ ਗਿੱਧਾ ਆਕਰਸ਼ਣ ਦਾ ਮੁੱਖ ਕੇਂਦਰ ਰਹੇ। ਇਸ ਸਾਰੇ ਸੱਭਿਆਚਾਰਕ ਸਮਾਗਮ ਤੋਂ ਇਲਾਵਾ ਵਿਦਿਆਰਥੀਆਂ ਨੇ ਰੈਂਪ ਵਾਕ ਕੀਤਾ ਅਤੇ ਸੁਮਨ (ਬੀਐੱਸਸੀ ਨਰਸਿੰਗ ਚੌਥਾ ਸਾਲ) ਨੇ ਸਰਤਾਜ (ਬੀਐੱਸਸੀ ਨਰਸਿੰਗ 4ਥਾਂ ਸਾਲ) ਦੇ ਨਾਲ ਕ੍ਰਮਵਾਰ ਮਿਸ ਫੇਅਰਵੈਲ ਅਤੇ ਮਿਸਟਰ ਫੇਅਰਵੈਲ ਦਾ ਖਿਤਾਬ ਜਿੱਤਿਆ ਅਤੇ ਮਿਸ ਫਰੈਸਰ ਨਵਪ੍ਰੀਤ ਕੌਰ (ਬੀਐੱਸਸੀ ਨਰਸਿੰਗ ਪਹਿਲਾ ਸਾਲ) ਅਤੇ ਮਿਸਟਰ ਫਰੈਸਰ ਕਰਮਜੀਤ ਸਿੰਘ (ਜੀਐੱਨਐੱਮ ਪਹਿਲਾ ਸਾਲ)।

## ਗਜੇਂਦਰ ਸਿੰਘ ਸ਼ੇਖਾਵਤ ਦਾ ਵੱਡਾ ਬਿਆਨ, ਪੰਜਾਬ ’ਚ ਆਮ ਵਿਅਕਤੀ ਨੂੰ ਬਦਲ ਵਜੋਂ ਭਾਜਪਾ ਤੋਂ ਉਮੀਦ

ਜਲੰਧਰ/ਨਵੀਂ ਦਿੱਲੀ, (ਪੱਤਰ ਪ੍ਰੇਰਕ)– ਸਾਲ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸੂਬੇ ’ਚ ਸਿਆਸੀ ਹਲਚਲ ਤੇਜ ਹੋ ਚੁੱਕੀ ਹੈ। ਸਾਰੀਆਂ ਰਾਸ਼ਟਰੀ ਅਤੇ ਖੇਤਰੀ ਸਿਆਸੀ ਪਾਰਟੀਆਂ ਜੋਰਾਂ–ਸ਼ੋਰਾਂ ਨਾਲ ਗਰਾਊਂਡ ਵਰਕ ਕਰ ਰਹੀਆਂ ਹਨ। ਪੰਜਾਬ ਚੋਣਾਂ ’ਚ ਭਾਜਪਾ ਦੀ ਕੀ ਰਣਨੀਤੀ ਰਹੇਗੀ, ਕੌਣ ਹੋਵੇਗਾ ਭਾਜਪਾ ਦੇ ਸੀ. ਐੱਮ. ਉਮੀਦਵਾਰ ਦਾ ਚਿਹਰਾ, ਕੀ ਚੁਣੌਤੀਆਂ ਪਾਰਟੀ ਨੂੰ ਪੇਸ਼ ਆਉਣਗੀਆਂ ਜਾਂ ਆ ਰਹੀਆਂ ਹਨ। ਖੇਤੀ ਕਾਨੂੰਨ ਵਾਪਸ ਹੋਣ ਦੇ ਬਾਅਦ ਕਿਸਾਨ ਦਾ ਰੁਖ ਕੀ ਹੈ.. ਇਨ੍ਹਾਂ ਸਭ ਮੁੱਦਿਆਂ ’ਤੇ ਕੇਂਦਰੀ ਜਲ ਸ਼ਕਤੀ ਮੰਤਰੀ ਅਤੇ ਭਾਜਪਾ ਦੇ ਪੰਜਾਬ ਚੋਣ ਇੰਚਾਰਜ ਗਜੇਂਦਰ ਸਿੰਘ ਸ਼ੇਖਾਵਤ ਨਾਲ ਜਗ ਬਾਣੀ/ਪੰਜਾਬ ਕੇਸਰੀ/ਨਵੋਦਿਆ ਟਾਈਮਜ/ਹਿੰਦ ਸਮਾਚਾਰ ਦੇ ਸ਼੍ਰਮਿਤ ਚੌਧਰੀ ਨੇ ਖਾਸ ਗੱਲਬਾਤ ਕੀਤੀ ਹੈ। ਪੇਸ਼ ਹਨ ਗੱਲਬਾਤ ਦੇ ਮੁੱਖ ਅੰਸ਼...

ਸਵਾਲ: ਖੇਤੀਬਾੜੀ ਕਾਨੂੰਨਾਂ ਦੇ ਬਾਅਦ ਜਿਵੇਂ ਮਾਹੌਲ ਪੰਜਾਬ ’ਚ ਬਣਿਆ ਸੀ, ਹੁਣ ਤੁਸੀਂ ਤੇ ਪੰਜਾਬ ਸੂਬਾਈ ਪ੍ਰਧਾਨ ਅਸ਼ਵਨੀ ਸ਼ਰਮਾ ਲੋਕਾਂ ਦਰਮਿਆਨ ਜਾ ਰਹੇ ਹਨ। ਕਿੰਝ ਰਿਸਪਾਂਸ ਹੈ?

ਜਵਾਬ: ਮੈਨੂੰ ਵਾਰ–ਵਾਰ ਪੰਜਾਬ ਆਉਣ ਦਾ ਮੌਕਾ ਮਿਲਿਆ ਹੈ। ਪੰਜਾਬ ਦੇ ਸੂਬਾਈ ਵਰਕਰਾਂ ਨਾਲ, ਤੁਹਾਡੇ ਵਰਗੇ ਜਰਨਲਿਸਟਾਂ ਨਾਲ ਵੀ ਗੱਲਬਾਤ ਕਰਨ ਦਾ ਮੌਕਾ ਮਿਲਿਆ ਹੈ। ਸਭ ਨਾਲ ਗੱਲਬਾਤ ਕਰਨ ਦੇ ਬਾਅਦ ਮੈਂ ਜੋ ਮੰਨਦਾ ਹਾਂ, ਅਨੁਭਵ ਕਰਦਾ ਹਾਂ ਕਿ ਭਾਰਤੀ ਜਨਤਾ ਪਾਰਟੀ ਨੂੰ ਲੈ ਕੇ ਪੰਜਾਬ ਦੇ ਆਮ ਲੋਕਾਂ ’ਚ ਬਹੁਤ ਸਾਰੀਆਂ ਉਮੀਦਾਂ ਹਨ ਜੋ ਸੁਭਾਵਿਕ ਵੀ ਹਨ, ਕਿਉਂਕਿ ਪੰਜਾਬ ਜੋ ਦੇਸ਼ ਦਾ ਸਭ ਤੋਂ ਖੁਸ਼ਹਾਲ ਪ੍ਰਦੇਸ਼ ਹੋਇਆ ਕਰਦਾ ਸੀ, ਜਿਸ ਦੀ ਪਛਾਣ ਖੁਸ਼ਹਾਲ ਪ੍ਰਦੇਸ਼ ਦੀ ਸੀ, ਉਹ ਅੱਜ ਸਭ ਤੋਂ ਵੱਧ ਕਰਜੇ ਵਾਲਾ ਸੂਬਾ ਬਣ ਗਿਆ ਹੈ। ਉਹ ਸੂਬਾ ਜੋ 80 ਦੇ ਦਹਾਕੇ ਤੱਕ ਦੇਸ਼ ਦੀ ਨੰਬਰ–1 ਜੀ. ਡੀ. ਪੀ. ਵਾਲਾ ਹੋਇਆ ਕਰਦਾ ਸੀ, 2000 ਦੇ ਦਹਾਕੇ ਤੱਕ ਵੀ ਚੌਥੇ–ਪੰਜਵੇਂ ਨੰਬਰ ’ਤੇ ਸੀ, ਉਹ ਅੱਜ 16ਵੇਂ ਨੰਬਰ ’ਤੇ ਹੈ। ਜੇਕਰ ਸਟੇਟ ਜੀ. ਡੀ. ਪੀ. ਗ੍ਰੋਥ ਨਾਲ ਦੇਖੀਏ ਤਾਂ ਦੇਸ਼ ਭਰ ’ਚ 33 ਸੂਬਿਆਂ ’ਚ ਸਿਰਫ ਮਣੀਪੁਰ ਅਜਿਹਾ ਸੂਬਾ ਹੈ ਜੋ ਪੰਜਾਬ ਤੋਂ ਹੇਠਾਂ ਹੈ। 32ਵੇਂ ਨੰਬਰ ’ਤੇ ਆ ਗਿਆ ਹੈ ਪੰਜਾਬ, ਜਿਸ ਨੇ ਦੇਸ਼ ਦੀ ਰੱਖਿਆ ਦੇ ਲਈ ਬੇਟੇ ਦਿੱਤੇ। ਪੰਜਾਬ ਜਿਸ ਨੇ ਸਨਾਤਨ ਸੱਭਿਆਚਾਰ ਨੂੰ ਬਚਾਉਣ ਲਈ ਦਿਮਾਗ ਦਿੱਤੇ। ਪੰਜਾਬ ਜਿਸ ਨੇ ਦੇਸ਼ ਦਾ ਢਿੱਡ ਭਰਨ ਲਈ ਅਨਾਜ ਦਿੱਤਾ, ਉਹ ਅੱਜ ਖਸਤਾਹਾਲ ਹੈ। ਪੰਜਾਬ ਦਾ ਆਮ ਆਦਮੀ ਇਸ ਗੱਲ ਨੂੰ ਜਾਣਦਾ ਹੈ ਅਤੇ ਬਦਲ ਵਜੋਂ ਭਾਜਪਾ ਵੱਲ ਉਮੀਦ ਦੀ ਨਜਰ ਨਾਲ ਦੇਖ ਰਿਹਾ ਹੈ।

ਸਵਾਲ: 2017 ਦੀਆਂ ਵਿਧਾਨ ਸਭਾ ਚੋਣਾਂ ’ਚ 3 ਸੀਟਾਂ, ਫਿਰ ਕਿਸਾਨ ਅੰਦੋਲਨ ਦਾ ਸੇਕ, 750 ਕਿਸਾਨਾਂ ਦੀ ਸ਼ਹਾਦਤ ਅਤੇ ਅੰਦੋਲਨ ਵਾਪਸੀ ਦੇ ਬਾਅਦ ਬੀ. ਜੇ. ਪੀ. ਨੂੰ ਆਪਣਾ ਰਸਤਾ ਕਿੰਨਾ ਆਸਾਨ, ਸਾਫ ਲੱਗ ਰਿਹਾ ਹੈ? ਤੁਸੀਂ ਪੰਜਾਬ ਨੂੰ ਲੈ ਕੇ ਚਿੰਤਾ ਜਤਾ ਰਹੇ ਹੋ, ਕੀ ਲੋਕ ਸਮਝ ਵੀ ਰਹੇ ਹਨ?

ਜਵਾਬ: ਵੇਖੋ, ਯਕੀਨੀ ਤੌਰ ’ਤੇ ਇਕ ਡੈੱਡਲਾਕ ਬਣਿਆ ਸੀ ਅਤੇ ਇਕ ਸਾਲ ਤੱਕ ਇਹ ਯਕੀਨੀ ਤੌਰ ’ਤੇ ਰਿਹਾ। ਮੈਂ ਹੁਣ ਉਸ ਪਿਛੋਕੜ ’ਚ ਨਹੀਂ ਜਾਣਾ ਚਾਹੁੰਦਾ ਕਿ ਕਿਨ੍ਹਾਂ ਕਾਰਨਾਂ ਨਾਲ, ਕਿਸ ਸਪਾਂਸਰਸ਼ਿਪ ਨਾਲ, ਕਿਨ੍ਹਾਂ ਲੋਕਾਂ ਨੇ, ਕਿਸ ਤਰ੍ਹਾਂ ਨਾਲ ਕਿਉਂਕਿ ਇਹ ਗੱਲ ਪ੍ਰਧਾਨ ਮੰਤਰੀ ਦੇ ਉਸ ਸਟੇਟਮੈਂਟ ਦੇ ਬਾਅਦ ਬੇਮਾਨੀ ਹੋ ਗਈ ਜਦ ਉਨ੍ਹਾਂ ਨੇ ਕਿਹਾ ਕਿ ਮੇਰੇ ਕਾਨੂੰਨ ਦੀਵੇ ਦੀ ਰੌਸ਼ਨੀ ਦੇ ਬਰਾਬਰ ਪਾਕ–ਸਾਫ ਸਨ ਪਰ ਕਿਤੇ ਨਾ ਕਿਤੇ ਸਾਡੀ ਕਮੀ ਰਹੀ, ਮੇਰੀ ਕਮੀ ਰਹੀ ਕਿ ਮੈਂ ਲੋਕਾਂ ਤੱਕ ਇਸ ਗੱਲ ਨੂੰ ਢੰਗ ਨਾਲ ਨਹੀਂ ਪਹੁੰਚਾ ਸਕਿਆ, ਸਮਝਾ ਨਹੀਂ ਸਕਿਆ ਅਤੇ ਕਿਉਂਕਿ ਪ੍ਰਧਾਨ ਮੰਤਰੀ ਦਾ ਸੰਕਲਪ ਹੈ ਕਿ ਸਭ ਦਾ ਸਾਥ, ਸਭ ਦਾ ਵਿਸ਼ਵਾਸ ਅਤੇ ਸਭ ਦਾ ਵਿਕਾਸ.., ਤਾਂ ਸਾਰਿਆਂ ਨੂੰ ਭਰੋਸੇ ’ਚ ਲੈ ਕੇ ਚੱਲਣਾ ਹੈ। ਉਨ੍ਹਾਂ ਨੇ ਪ੍ਰਕਾਸ਼ ਪੁਰਬ ਦੇ ਦਿਨ ਮੁਆਫੀ ਮੰਗਦੇ ਹੋਏ ਕਾਨੂੰਨ ਵਾਪਸ ਲਏ, ਬਹੁਤ ਵੱਡੀ ਸੋਚ ਹੈ। ਇਸ ਦੇ ਪਿੱਛੇ ਸਿਰਫ ਸਿਆਸਤ ਨਹੀਂ, ਪੰਜਾਬ ਦਾ ਭਵਿੱਖ, ਪੰਜਾਬ ਦਾ ਵਿਗੜਦਾ ਸਮਾਜਿਕ ਤਾਣਾ–ਬਾਣਾ, ਉਨ੍ਹਾਂ ਸਾਰਿਆਂ ਨੂੰ ਬਣਾਈ ਰੱਖਣ ਦੀ ਸੋਚ ਦੇ ਨਾਲ ਉਨ੍ਹਾਂ ਨੇ ਕਾਨੂੰਨ ਵਾਪਸ ਲਏ। ਉਸ ਤੋਂ ਬਾਅਦ ਅਚਾਨਕ ਹਾਂਪੱਖੀ ਤਬਦੀਲੀ ਪੰਜਾਬ ਦੇ ਪਿੰਡਾਂ ’ਚ ਭਾਰਤੀ ਜਨਤਾ ਪਾਰਟੀ ਲਈ ਦੇਖਣ ਨੂੰ ਮਿਲ ਰਹੀ ਹੈ। ਇਸ ਗੱਲ ਦਾ ਸਬੂਤ ਤੁਹਾਡੇ ਸਾਹਮਣੇ ਹੈ ਕਿ ਅੱਜ ਭਾਵੇਂ ਅਕਾਲੀ ਹੋਵੇ, ਕਾਂਗਰਸ ਹੋਵੇ ਅਤੇ ਆਮ ਆਦਮੀ ਪਾਰਟੀ ਹੋਵੇ, ਸਾਰਿਆਂ ਦੇ ਸੀਨੀਅਰ ਨੇਤਾ ਭਾਜਪਾ ਦਾ ਪੱਲਾ ਫੜਨ ਆ ਰਹੇ ਹਨ।

ਸਵਾਲ: ਤੁਸੀਂ ਪੋਸਟ ਪਾਈ ਹੈ ਕਿ ਅਸੀਂ ਅੰਨਦਾਤਾ ਤੱਕ ਪਹੁੰਚੇ। ਤੁਸੀਂ ਖੇਤਾਂ ’ਚ ਘੁੰਮ ਰਹੇ ਹੋ। ਖੇਤੀ–ਕਿਸਾਨੀ ਦੀਆਂ ਗੱਲਾਂ ਕਰ ਰਹੇ ਹੋ। ਟੀਚੇ ’ਚ ਕਿੰਨੇ ਸਫਲ ਹੋ ਰਹੇ ਹੋ, ਰਾਜਸਥਾਨ ਤੇ ਪੰਜਾਬ ਦੀ ਮਿੱਟੀ ’ਚ ਕੀ ਫਰਕ ਦੇਖਦੇ ਹੋ?

ਜਵਾਬ: ਵੇਖੋ, ਮੈਂ ਖੁਦ ਕਿਸਾਨ ਹਾਂ। ਮੈਨੂੰ ਦੇਸ਼ ’ਚ ਅਤੇ ਵਿਦੇਸ਼ਾਂ ’ਚ, ਦੋਵੇਂ ਥਾਂ ਖੇਤੀ ਕਰਨ ਦਾ ਮੌਕਾ ਮਿਲਿਆ ਹੈ। ਮੇਰਾ ਮੰਨਣਾ ਹੈ ਕਿ ਭਾਰਤ ਦਾ ਕਿਸਾਨ ਭਾਵੇਂ ਦੇਸ਼ ਦੇ ਕਿਸੇ ਵੀ ਕੋਨੇ ’ਚ ਹੈ, ਆਮ ਤੌਰ ’ਤੇ ਉਸ ਦੀਆਂ ਜੋ ਸਮੱਸਿਆਵਾਂ ਹਨ, ਉਸ ਦੇ ਸਾਹਮਣੇ ਜੋ ਚੁਣੌਤੀਆਂ ਹਨ, ਹਾਲਾਤ ਹਨ, ਉਹ ਇਕੋ–ਜਿਹੇ ਹਨ। ਪੰਜਾਬ ਦੇ ਕਿਸਾਨਾਂ ਦਰਮਿਆਨ ਆ ਕੇ ਵੀ ਮੈਨੂੰ ਉਹੀ ਦੁੱਖ–ਤਕਲੀਫਾਂ ਵਿਖਾਈ ਦਿੰਦੀਆਂ ਹਨ। ਕਮੋਬੇਸ਼, ਹੋ ਸਕਦਾ ਹੈ ਥੋੜ੍ਹਾ ਫਰਕ ਹੋਵੇ ਜੋ ਰਾਜਸਥਾਨ ’ਚ ਹੈ ਜਾਂ ਦੇਸ਼ ਦੇ ਹੋਰ ਸੂਬਿਆਂ ਦੇ ਕਿਸਾਨਾਂ ’ਚ ਹੈ। ਜੇਕਰ ਮੈਂ ਇਸ ਨੂੰ ਕਿਸਾਨ ਹੋਣ ਦੇ ਨਾਤੇ ਦੇਖਦਾ ਹਾਂ ਤਾਂ ਸਾਲ 2014 ਤੋਂ 2021 ਤੱਕ, 7 ਸਾਲਾਂ ਦੇ ਸਮੇਂ ’ਚ ਕਿਸੇ ਇਕ ਵਿਅਕਤੀ ਨੇ, ਕਿਸੇ ਇਕ ਸਰਕਾਰ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਸਮੁੱਚੇ ਤੌਰ ’ਤੇ ਹੋਲਿਸਟਿਕ ਅਪ੍ਰੋਚ ਦੇ ਨਾਲ ਹੱਲ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਉਹ ਨਰਿੰਦਰ ਮੋਦੀ ਦੀ ਸਰਕਾਰ ਹੈ। ਮੈਨੂੰ ਕਿਸਾਨ ਅੰਦੋਲਨਾਂ ਦੇ ਨਾਲ ਵੀ ਕੰਮ ਕਰਨ ਦਾ ਮੌਕਾ ਮਿਲਿਆ ਹੈ ਅਤੇ ਖੇਤੀਬਾੜੀ ਖੇਤਰ ’ਚ ਕੰਮ ਕਰਨ ਵਾਲੇ ਐਗਰੀਕਲਚਰ ਸੈਕਟਰ ਦੇ ਸਾਰੇ ਲੀਡਰਾਂ ਨਾਲ ਗੱਲਬਾਤ ਦਾ ਵੀ ਮੌਕਾ ਮਿਲਿਆ ਹੈ। ਭਾਰਤ ਸਰਕਾਰ ’ਚ ਖੇਤੀਬਾੜੀ ਰਾਜ ਮੰਤਰੀ ਦੇ ਰੂਪ ’ਚ ਕੰਮ ਕਰਨ ਦਾ ਮੌਕਾ ਵੀ ਮਿਲਿਆ। ਜਦ ਵੀ ਦੇਸ਼ ’ਚ ਕਿਸਾਨਾਂ ਦੀ ਗੱਲ ਹੁੰਦੀ ਸੀ, ਉਨ੍ਹਾਂ ਦੀਆਂ ਸਮੱਸਿਆਵਾਂ ਦੀ ਗੱਲ ਹੁੰਦੀ ਸੀ ਅਤੇ ਕੋਈ ਕਿਸਾਨ ਅੰਦੋਲਨ ਹੁੰਦਾ ਸੀ ਜਾਂ ਕੋਈ ਕਿਸਾਨ ਨੇਤਾ ਗੱਲ ਕਰਦਾ ਸੀ ਤਾਂ ਇਕ ਨਾਂ ਕਾਮਨ ਤੌਰ ’ਤੇ ਆਉਂਦਾ ਸੀ ’ਡਾ. ਸਵਾਮੀਨਾਥਨ ਕਮਿਸ਼ਨ ਦਾ ਅਤੇ ਉਨ੍ਹਾਂ ਦੀ ਰਿਪੋਰਟ ਦਾ।’ ਉਨ੍ਹਾਂ ਨੇ ਆਪਣੀ ਰਿਪੋਰਟ ’ਚ ਜੋ ਮੁੱਖ ਬਿੰਦੂ ਲਿਖੇ, ਜੋ ਰਿਕਮੈਂਡੇਸ਼ਨ ਲਿਖੀਆਂ ਉਹ ਸ਼ੁਰੂ ਹੁੰਦੀਆਂ ਹਨ ਲੈਂਡ ਰਿਫਾਰਮਸ ਨਾਲ, ਫ੍ਰੀ ਫਲੋਅ ਆਫ ਐਗਰੀਕਲਚਰ ਪ੍ਰੋਡਕਟਸ ਨਾਲ, ਇਰੀਗੇਸ਼ਨ ਕਵਰੇਜ ਵਧਾਉਣ ਨਾਲ, ਰਾਬਸਟਰ ਇੰਸ਼ੋਰੈਂਸ ਕ੍ਰਾਪ ਇੰਸ਼ੋਰੈਂਸ ਮੈਕੇਨਿਜਮ ਨਾਲ, ਮਾਰਕਿਟ ਰਿਫਾਰਮਸ ਨਾਲ, ਅਲਟਰਨੇਟਿਵ ਸੋਰਸਿਜ ਆਫ ਇਨਕਮ ਦੇ ਲਈ ਅਲਾਇਡ ਸੈਕਟਰ ਦੀ ਸਟ੍ਰੈਂਥਨਿੰਗ ਤੋਂ ਲੈ ਕੇ ਪ੍ਰੋਸੈਸਿੰਗ ਕਪੈਸਿਟੀ ਵਧਾਉਣ, ਪੋਸਟ ਹਾਰਵੈਸਟ ਮੈਨੇਜਮੈਂਟ ਵਧਾਉਣ ਅਤੇ ਕਪੈਸਿਟੀ ਨੂੰ ਵਧਾਉਣ ਨੂੰ ਲੈ ਕੇ ਉਹ ਮਾਰਕੀਟ ਰਿਫਾਰਮਸ ਤੱਕ ਜਾਂਦੀ ਸੀ। ਸਵਾਮੀਨਾਥਨ ਨੇ ਖੁਦ ਇਕ ਆਰਟੀਕਲ ਲਿਖ ਕੇ ਇਹ ਕਿਹਾ ਹੈ ਕਿ ਜੇਕਰ ਕਿਸੇ ਇਕ ਸਰਕਾਰ ਨੇ ਦੇਸ਼ ’ਚ ਇਨ੍ਹਾਂ ਸਾਰੇ ਵਿਸ਼ਿਆਂ ’ਤੇ ਸਮੁੱਚੇ ਤੌਰ ’ਤੇ ਕੰਮ ਕੀਤਾ ਹੈ, ਤਾਂ ਉਹ ਨਰਿੰਦਰ ਮੋਦੀ ਦੀ ਸਰਕਾਰ ਨੇ ਕੀਤਾ ਹੈ। ਇਸ ਲਈ ਇਹ ਜੋ ਜਿਸ ਤਰ੍ਹਾਂ ਦੇ ਭੁਲੇਖੇ ਫੈਲਾਉਣ ਦੀ ਕੋਸ਼ਿਸ਼ ਕੀਤੀ ਗਈ, ਉਹ ਬੀਤਿਆ ਹੋਇਆ ਦਿਨ ਹੋ ਗਿਆ ਹੈ, ਉਸ ਨੂੰ ਮੈਨੂੰ ਯਾਦ ਕਰਨ ਦੀ ਲੋੜ ਨਹੀਂ ਹੈ।

ਸਵਾਲ: ਸਾਰੀਆਂ ਪਾਰਟੀਆਂ ਕਾਂਗਰਸ, ਆਮ ਆਦਮੀ ਪਾਰਟੀ, ਅਕਾਲੀ ਦਲ ਆਪਣੇ ਨੈਰੇਟਿਵ ਲੋਕਾਂ ਦਰਮਿਆਨ ਲਿਜਾ ਰਹੀਆਂ ਹਨ, ਭਾਜਪਾ ਦਾ ਨੈਰੇਟਿਵ ਕੀ ਹੋਵੇਗਾ?

ਜਵਾਬ: ਮੈਂ ਇਕ ਗੱਲ ਪੁੱਛਣਾ ਚਾਹੁੰਦਾ ਹਾਂ ਜਿਵੇਂ ਕਿ ਮੈਂ ਸ਼ੁਰੂ ’ਚ ਕਿਹਾ ਸੀ ਕਿ 80 ਦੇ ਦਹਾਕੇ ਵਾਲਾ ਪੰਜਾਬ ਜਿਸ ਨੂੰ ਅਸੀਂ ਖੁਸ਼ਹਾਲ ਸੂਬਾ, ਗਿੱਧਾ, ਭੰਗੜਾ ਆਦਿ ਨਾਲ ਜਾਣਦੇ ਸੀ, ਅੱਜ ਕੀ ਹਾਲਾਤ ਹਨ। ਇਸ ਦੇ ਜੰਮੇਵਾਰ ਹਨ ਦੋ ਪਰਿਵਾਰ, ਬਾਦਲ ਪਰਿਵਾਰ ਤੇ ਗਾਂਧੀ ਪਰਿਵਾਰ। ਬਾਦਲ ਪਰਿਵਾਰ ਜੋ ਸ਼੍ਰੋਮਣੀ ਅਕਾਲੀ ਦਲ ਚਲਾਉਂਦਾ ਹੈ ਅਤੇ ਗਾਂਧੀ ਪਰਿਵਾਰ ਜੋ ਕਾਂਗਰਸ ਚਲਾਉਂਦਾ ਹੈ, ਉਨ੍ਹਾਂ ਨੂੰ ਇਹ ਤਾਂ ਸਵੀਕਾਰ ਕਰਨਾ ਹੀ ਚਾਹੀਦਾ ਹੈ ਕਿ ਘੱਟ ਤੋਂ ਘੱਟ ਇਕ ਬਿਆਨ ਤਾਂ ਦੇਣਾ ਹੀ ਚਾਹੀਦਾ ਹੈ ਕਿ ਪੰਜਾਬ ’ਤੇ ਜੋ 4 ਲੱਖ ਕਰੋੜ ਦਾ ਕਰਜਾ ਹੈ, ਜਿਸ ਦਾ ਸਟੇਟ ਰੈਵੇਨਿਊ 50–55 ਹਜਾਰ ਕਰੋੜ ਹੈ ਜਿਸ ’ਚ 20–21 ਹਜਾਰ ਕਰੋੜ ਤਾਂ ਡ੍ਰਾਫਟ ਸਰਵਿਸਿੰਗ ’ਚ ਜਾਂਦਾ ਹੈ। ਇਸ ਦਾ ਜੰਮਿਵਾਰ ਕੌਣ ਹੈ। ਘੱਟ ਤੋਂ ਘੱਟ ਪੰਜਾਬ ਦੀ ਜਨਤਾ ਨੂੰ ਇਹ ਤਾਂ ਜਾਨਣ ਦਾ ਅਧਿਕਾਰ ਹੈ ਕਿ ਇਸ ਦਾ ਜੰਮਿਵਾਰ ਕੌਣ ਹੈ ਅਤੇ ਉਸ ਨੂੰ ਲੈ ਕੇ ਉਨ੍ਹਾਂ ਦੀ ਕੀ ਯੋਜਨਾ ਹੈ। ਭਾਜਪਾ ਦੀ ਦਲੀਲ ਸਪੱਸ਼ਟ ਹੈ। ਅਸੀਂ ਪੰਜਾਬ ’ਚ ਖੁਸ਼ਹਾਲੀ ਲਿਆਵਾਂਗੇ। ਅੱਜ ਪੰਜਾਬ ਦੀ ਧਰਤੀ ਸੋਨਾ ਉਗਲਦੀ ਹੈ, ਪੰਜਾਬ ’ਚ ਕਈ ਤਰ੍ਹਾਂ ਦੀਆਂ ਸੰਭਾਵਨਾਵਾਂ ਹਨ, ਸਭ ਤਰ੍ਹਾਂ ਦੀਆਂ ਅਨੁਕੂਲਤਾਵਾਂ ਹਨ, ਫਿਰ ਵੀ ਕਿਉਂ ਪੰਜਾਬ ਦਾ ਇੰਡਸਟ੍ਰੀਲਿਸਟ ਪੰਜਾਬ ਤੋਂ ਭੱਜ ਰਿਹਾ ਹੈ ਕਿਉਂਕਿ ਈਕੋ–ਸਿਸਟਮ ਮਿਸਿੰਗ ਹੈ, ਅਸੀਂ ਉਹ ਈਕੋ–ਸਿਸਟਮ ਪੰਜਾਬ ਨੂੰ ਦੇਵਾਂਗੇ। ਅਸੀਂ ਰੋਜਗਾਰ ਦਾ ਮਾਹੌਲ ਇੱਥੇ ਬਣਾਵਾਂਗੇ। ਅਸੀਂ ਇੱਥੇ ਨੌਜਵਾਨਾਂ ਨੂੰ ਦੌੜ ਕੇ ਦੂਸਰੇ ਦੇਸ਼ਾਂ ’ਚ ਨਾ ਜਾਣਾ ਪਵੇ, ਅਜਿਹਾ ਮਾਹੌਲ ਬਣਾਵਾਂਗੇ। ਪੰਜਾਬ ਨਸ਼ਾਮੁਕਤ ਅਤੇ ਹਰ ਤਰ੍ਹਾਂ ਦੇ ਮਾਫੀਆ ਤੋਂ ਮੁਕਤ ਬਣਾਵਾਂਗੇ।

ਸਵਾਲ: ਪੰਜਾਬ ’ਚ ਜੋ ਮਾਹੌਲ ਹੈ, ਸ੍ਰੀ ਹਰਿਮੰਦਰ ਸਾਹਿਬ ਵਿਖੇ ਹੁਣੇ ਜਿਹੇ ਹੀ ਘਟਨਾ ਹੋਈ, ਲੁਧਿਆਣਾ ’ਚ ਬੰਬ ਧਮਾਕਾ ਹੋਇਆ। ਚੋਣਾਂ ਤੋਂ ਪਹਿਲਾਂ ਇਹ ਜੋ ਮਾਹੌਲ ਬਣ ਗਿਆ ਇਸ ਸਬੰਧੀ ਤੁਹਾਡੇ ਕੀ ਵਿਚਾਰ ਹਨ?

ਜਵਾਬ: ਜਿੱਥੋਂ ਤੱਕ ਬੇਅਦਬੀ ਦਾ ਵਿਸ਼ਾ ਹੈ, ਯਕੀਨੀ ਤੌਰ ’ਤੇ ਮੰਦਭਾਗਾ ਹੈ। ਪੁਲਸ ਅਤੇ ਪ੍ਰਸ਼ਾਸਨ ਨੂੰ ਇਸ ਦੀ ਡਿਟੇਲ ਇਕੁਆਰੀ ਕਰਨੀ ਚਾਹੀਦੀ ਹੈ। ਪੰਜ ਸਾਲ ਪਹਿਲਾਂ ਵੀ ਚੋਣਾਂ ਤੋਂ ਪਹਿਲਾਂ ਵੱਖ–ਵੱਖ ਧਰਮਾਂ ਦੇ ਮੰਦਰਾਂ ’ਚ ਇਸੇ ਤਰ੍ਹਾਂ ਦੀ ਬੇਅਦਬੀ ਦੀਆਂ ਘਟਨਾਵਾਂ ਹੋਈਆਂ ਸਨ। ਇਸ ਦੇ ਪਿੱਛੇ ਸ਼ਾਮਲ ਕੁਝ ਲੋਕ ਗ੍ਰਿਫਤਾਰ ਹੋਏ ਸਨ। ਸਾਰੇ ਐਂਗਲਾਂ ਨੂੰ ਦੇਖਦੇ ਹੋਏ ਹੋਲਿਸਟਿਕ ਡਿਟੇਲ ਇਕੁਆਰੀ ਹੋਣੀ ਚਾਹੀਦੀ ਹੈ। ਪਤਾ ਲਾਉਣਾ ਚਾਹੀਦਾ ਹੈ ਕਿ ਕੌਣ ਹਨ ਜੋ ਪੰਜਾਬ ਦੀ ਸਮਾਜਿਕ ਸਦਭਾਵਨਾ ਨੂੰ ਵਿਗਾੜ ਕੇ ਅਜਿਹੀਆਂ ਭਾਵਨਾਵਾਂ ਨੂੰ ਉਭਾਰ ਕੇ ਚੋਣਾਂ ਦੇ ਸਮੇਂ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰਫਤਾਰ ਮੁਹੱਈਆ ਕਰਦੇ ਹਨ। ਜਿੱਥੋਂ ਤੱਕ ਲੁਧਿਆਣਾ ਬਲਾਸਟ ਦਾ ਸਵਾਲ ਹੈ ਤਾਂ ਕੇਂਦਰ ਸਰਕਾਰ, ਸੈਂਟਰਲ ਮਨਿਸਟਰੀ, ਸੈਂਟਰਲ ਏਜੰਸੀਆਂ ਨੇ ਇਸ ਨੂੰ ਲੈ ਕੇ ਐਡਵਾਈਜਰੀ ਵੀ ਜਾਰੀ ਕੀਤੀ, ਸੂਚਨਾਵਾਂ ਵੀ ਮੁਹੱਈਆ ਕੀਤੀਆਂ ਕਿ ਅਜਿਹੀਆਂ ਘਟਨਾਵਾਂ ਹੋ ਸਕਦੀਆਂ ਹਨ ਪਰ ਪੰਜਾਬ ਸਰਕਾਰ ਇਸ ਨੂੰ ਗੰਭੀਰਤਾ ਨਾਲ ਲੈਣ ਦੀ ਬਜਾਏ ਡੀ. ਜੀ. ਪੀ. ਕੌਣ ਬਣੇ, ਇਸ ਦੀ ਲੜਾਈ ’ਚ ਰੁੱਝੀ ਸੀ, ਚੀਫ ਸੈਕਰੇਟਰੀ ਕਿਵੇਂ ਬਦਲੇਗਾ ਜਾਂ ਡੀ. ਜੀ. ਪੀ. ਕਿਵੇਂ ਬਦਲੇਗਾ, ਇਸ ’ਚ ਬਿਜੀ ਸੀ। ਪੰਜਾਬ ਸਰਕਾਰ ਤੇ ਸੱਤਾਧਾਰੀ ਪਾਰਟੀ ਦੇ ਦਰਮਿਆਨ ਅੰਦਰੂਨੀ ਕਲੇਸ਼ ਕਾਰਨ ਪੰਜਾਬ ਦੀ ਜਨਤਾ ਇਸ ਦੀ ਕੀਮਤ ਚੁਕਾ ਰਹੀ ਹੈ।

## ਪੰਜਾਬ ਦਾ ਨਵਾਂ ਡੀਜੀਪੀ ਕੌਣ? ਯੂਪੀਐੱਸਸੀ ਨੇ ਨਹੀਂ ਕੀਤੀ ਸਰਕਾਰ ਦੇ ਜਵਾਬ ਦੇ ਉਡੀਕ, ਚਾਰ ਨੂੰ ਬੁਲਾਈ ਬੈਠਕ

ਚੰਡੀਗੜ੍ਹ , (ਸੁਰਿੰਦਰ ਸਿੰਘ)– ਪੰਜਾਬ ਦੇ ਸਥਾਈ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਦੀ ਨਿਯੁਕਤੀ ਲਈ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂਪੀਐੱਸਸੀ) ਨੇ ਚਾਰ ਜਨਵਰੀ ਨੂੰ ਇੰਪੈਨਲਮੈਂਟ ਕਮੇਟੀ ਦੀ ਬੈਠਕ ਬੁਲਾ ਲਈ ਹੈ। ਦਿਲਚਸਪ ਗੱਲ ਇਹ ਹੈ ਕਿ ਕਮਿਸ਼ਨ ਨੇ ਇਸ ਲਈ ਸੂਬਾ ਸਰਕਾਰ ਦੇ ਪੱਤਰ ਦਾ ਇੰਤਜ਼ਾਰ ਨਹੀਂ ਕੀਤਾ। ਯੂਪੀਐੱਸਸੀ ਨੇ 22 ਦਸੰਬਰ ਨੂੰ ਭੇਜੇ ਪੱਤਰ ’ਚ ਸਪੱਸ਼ਟ ਕਰ ਦਿੱਤਾ ਸੀ ਕਿ ਸੂਬਾ ਸਰਕਾਰ ਵੱਲੋਂ ਭੇਜੇ ਗਏ 10 ਅਧਿਕਾਰੀਆਂ ਦੀ ਸੂਚੀ ਤੇ ਡੀਜੀਪੀ ਦੇ ਖ਼ਾਲੀ ਅਹੁਦੇ ਦੀ ਤਰੀਕ ਨੂੰ ਮੁੜ ਦੇਖਣ ਤੋਂ ਬਾਅਦ ਵੀ ਉਨ੍ਹਾਂ ਨੂੰ ਨਹੀਂ ਲੱਗਾ ਕਿ ਕੱਟ ਆਫ਼ ਡੇਟ 30 ਸਤੰਬਰ ਮੰਨੀ ਜਾਣੀ ਚਾਹੀਦੀ ਹੈ। ਜੇਕਰ ਸੂਬਾ ਸਰਕਾਰ ਕੋਲ ਕੋਈ ਹੋਰ ਰਿਕਾਰਡ ਹੈ ਤਾਂ ਉਹ ਭੇਜ ਸਕਦਾ ਹੈ।

ਕਮਿਸ਼ਨ ਦੇ 22 ਦਸੰਬਰ ਨੂੰ ਭੇਜੇ ਗਏ ਪੱਤਰ ਦਾ ਚਾਰ ਦਿਨਾਂ ਤਕ ਜਦੋਂ ਕੋਈ ਜਵਾਬ ਨਹੀਂ ਆਇਆ ਤਾਂ 27 ਦਸੰਬਰ ਨੂੰ ਯੂਪੀਐੱਸਸੀ ਨੇ ਸੂਬਾ ਸਰਕਾਰ ਨੂੰ ਪੱਤਰ ਭੇਜ ਕੇ ਚਾਰ ਜਨਵਰੀ ਨੂੰ ਇੰਪੈਨਲਮੈਂਟ ਕਮੇਟੀ ਦੀ ਬੈਠਕ ਤੈਅ ਕਰ ਦਿੱਤੀ। ਇਸ ’ਚ ਪੰਜਾਬ ਦੇ ਚੀਫ਼ ਸਕੱਤਰ ਅਨਿਰੁੱਧ ਤਿਵਾੜੀ ਤੇ ਗ੍ਰਹਿ ਵਿਭਾਗ ਦੇ ਐਡੀਸ਼ਨਲ ਚੀਫ਼ ਸਕੱਤਰ ਅਨੁਰਾਗ ਵਰਮਾ ਸ਼ਾਮਲ ਹੋਣਗੇ। ਯੂਪੀਐੱਸਸੀ ਜੇਕਰ ਆਪਣੀ ਗੱਲ ’ਤੇ ਅੜਿਆ ਰਹਿੰਦਾ ਹੈ ਤਾਂ ਮੌਜੂਦਾ ਕਾਰਜਕਾਰੀ ਡੀਜੀਪੀ ਸਿਧਾਰਥ ਚਟੋਪਾਧਿਆਏ ਡੀਜੀਪੀ ਦੀ ਦੌੜ ਤੋਂ ਬਾਹਰ ਹੋ ਸਕਦੇ ਹਨ। ਹਾਲਾਂਕਿ, ਉਨ੍ਹਾਂ ਨੂੰ ਬਣਾਏ ਰੱਖਣ ਲਈ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਬੈਠਕ ਦੀ ਨਵੀਂ ਤਰੀਕ ਤੈਅ ਕਰਨ ਲਈ ਸਰਕਾਰ ਜਵਾਬ ਨਾ ਦੇ ਕੇ ਲਟਕਾ ਕੇ ਰੱਖਣਾ ਚਾਹੁੰਦੀ ਹੈ। ਸੂਬਾ ਸਰਕਾਰ ਸਿਧਾਰਥ ਚਟੋਪਾਧਿਆਏ ਨੂੰ ਹੀ ਸਥਾਈ ਡੀਜੀਪੀ ਨਿਯੁਕਤ ਕਰਨ ਦੇ ਹੱਕ ’ਚ ਹੈ ਪਰ ਉਨ੍ਹਾਂ ਦੀ ਰਿਟਾਇਰਮੈਂਟ ਦੀ ਮਿਤੀ (31 ਮਾਰਚ. 2022) ਹੀ ਉਨ੍ਹਾਂ ਨੂੰ ਡੀਜੀਪੀ ਬਣਾਏ ਰੱਖਣ ’ਚ ਸਭ ਤੋਂ ਵੱਡੀ ਰੁਕਾਵਟ ਬਣ ਗਈ ਹੈ।

ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਦੇ ਨਿਯਮਾਂ ਮੁਤਾਬਕ ਜਿਸ ਵੀ ਅਫਸਰ ਨੂੰ ਡੀਜੀਪੀ ਨਿਯੁਕਤ ਕਰਨਾ ਹੈ, ਉਸ ਦਾ ਕਾਰਜਕਾਲ ਘੱਟੋ–ਘੱਟ ਛੇ ਮਹੀਨੇ ਬਚਿਆ ਹੋਣਾ ਚਾਹੀਦਾ ਹੈ। ਇਸੇ ਲਈ ਸਰਕਾਰ ਨੇ ਸਥਾਈ ਡੀਜੀਪੀ ਲਈ 30 ਸਤੰਬਰ ਦੀ ਦੇਰ ਸ਼ਾਮ ਨੂੰ ਪੈਨਲ ਭੇਜਿਆ ਸੀ ਤਾਂ ਜੋ ਸਿਧਾਰਥ ਚਟੋਪਾਧਿਆਏ ਦਾ ਨਾਂ ਵੀ ਪੈਨਲ ’ਚ ਆ ਜਾਵੇ ਪਰ ਉਸ ਦਿਨ ਡੀਜੀਪੀ ਦਾ ਅਹੁਦਾ ਖ਼ਾਲੀ ਨਹੀਂ ਸੀ, ਕਿਉਂਕਿ ਉਦੋਂ ਦੇ ਡੀਜੀਪੀ ਦਿਨਕਰ ਗੁਪਤਾ ਇਕ ਹਫ਼ਤੇ ਦੀ ਛੁੱਟੀ ’ਤੇ ਗਏ ਸਨ। ਦਿਨਕਰ ਗੁਪਤਾ ਨੇ ਆਪਣਾ ਅਹੁਦਾ ਚਾਰ ਅਕਤੂਬਰ ਨੂੰ ਛੱਡਿਆ ਸੀ, ਯਾਨੀ ਪੰਜ ਅਕਤੂਬਰ ਤੋਂ ਡੀਜੀਪੀ ਦਾ ਅਹੁਦਾ ਖ਼ਾਲੀ ਹੋਇਆ ਸੀ। ਹੁਣ ਜੇਕਰ ਯੂਪੀਐੱਸਸੀ ਪੰਜ ਅਕਤੂਬਰ ਨੂੰ ਕੱਟ ਆਫ ਡੇਟ ਮੰਨਦੀ ਹੈ ਤਾਂ ਸਿਧਾਰਥ ਚਟੋਪਾਧਿਆਏ ਸਮੇਤ ਦੋ ਹੋਰ ਅਧਿਕਾਰੀ ਡੀਜੀਪੀ ਦੀ ਦੌੜ ਤੋਂ ਬਾਹਰ ਹੋ ਸਕਦੇ ਹਨ। ਇਹ ਤਿੰਨੋਂ ਹੀ 31 ਮਾਰਚ, 2022 ਤੋਂ ਪਹਿਲਾਂ ਰਿਟਾਇਰ ਹੋ ਰਹੇ ਹਨ। ਯੂਪੀਐੱਸਸੀ ਇਸੇ ਤਰੀਕ ਤੋਂ ਡੀਜੀਪੀ ਨਿਯੁਕਤ ਕਰਨ ਲਈ ਪੈਨਲ ’ਤੇ ਵਿਚਾਰ ਕਰਨਾ ਚਾਹੁੰਦੀ ਹੈ। ਇਸ ਬਾਰੇ ਉਨ੍ਹਾਂ ਨੇ ਸੂਬਾ ਸਰਕਾਰ ਨੂੰ ਜਾਣੂ ਵੀ ਕਰਵਾ ਦਿੱਤਾ ਹੈ।

### ਕਿਸਾਨ ਆਗੂ ਗੁਰਨਾਮ ਚੜੂਨੀ ਸੰਘਰਸ਼ ਕਰ ਰਹੇ ਟਰੱਕ ਆਪ੍ਰੇਟਰਾਂ ਦੀ ਹਮਾਇਤ ਕਰਨ ਜ਼ੀਰਕਪੁਰ ਪੁੱਜੇ

ਜ਼ੀਰਕਪੁਰ , (ਪੱਤਰ ਪ੍ਰੇਰਕ)– ਟਰੱਕ ਯੂਨੀਅਨਾਂ ਬਹਾਲ ਕਰਵਾਉਣ ਦੀ ਮੰਗ ਨੂੰ ਲੈ ਕੇ ਬੀਤੇ 1 ਮਹੀਨੇ ਤੋਂ ਛੱਤ ਏਅਰਪੋਰਟ ਲਾਈਟਾਂ ਦੇ ਨਜ਼ਦੀਕ ਧਰਨੇ ’ਤੇ ਬੈਠੇ ਟਰੱਕ ਆਪ੍ਰੇਟਰਾਂ ਦਾ ਹੌਸਲਾ ਵਧਾਉਣ ਅਤੇ ਸਮਰਥਨ ਦੇਣ ਲਈ ਮੰਗਲਵਾਰ ਨੂੰ ਐਰੋ ਸਿਟੀ ਰੋਡ ’ਤੇ ਧਰਨੇ ਵਾਲੀ ਥਾਂ ’ਤੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਪੁੱਜੇ। ਇਸ ਮੌਕੇ ਉਨ੍ਹਾਂ ਟਰੱਕ ਅਪਰੇਟਰਾਂ ਨੂੰ ਜਥੇਬੰਦੀ ਰਾਹੀਂ ਸਮਰਥਨ ਦੇਣ ਦਾ ਐਲਾਨ ਕਰਦਿਆਂ ਉਨ੍ਹਾਂ ਨੂੰ ਆਪਣੀਆਂ ਮੰਗਾਂ ਲਈ ਮੋਰਚੇ ’ਤੇ ਡਟਣ ਦੀ ਗੱਲ ਕਹੀ। ਇਸ ਮੌਕੇ ਟਰੱਕ ਅਪਰੇਟਰਾਂ ਨੇ ਉਨ੍ਹਾਂ ਨੂੰ ਆਪਣਾ ਮੰਗ ਪੱਤਰ ਸੌਂਪਿਆ ਅਤੇ ਆਪਣੀਆਂ ਮੰਗਾਂ ਨੂੰ ਜਾਇਜ਼ ਠਹਿਰਾਉਂਦਿਆਂ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਵਿਸ਼ੇਸ਼ ਤੌਰ ’ਤੇ ਪੁੱਜੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਪੰਜਾਬ ਦੀ ਸਰਕਾਰ ਬੋਲੀ ਸਰਕਾਰ ਹੈ, ਲੋਕਾਂ ਦੀ ਆਵਾਜ਼ ਉਨ੍ਹਾਂ ਦੇ ਕੰਨਾਂ ਤਕ ਨਹੀਂ ਪਹੁੰਚਦੀ। ਉਨ੍ਹਾਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਟਰੱਕ ਆਪ੍ਰੇਟਰਾਂ ਦੀਆਂ ਜਾਇਜ਼ ਮੰਗਾਂ ਮੰਨਣ ਤੋਂ ਇਨਕਾਰ ਕੀਤਾ ਗਿਆ ਤਾਂ ਸਮੂਹ ਕਿਸਾਨ ਜੱਥੇਬੰਦੀਆਂ ਉਨ੍ਹਾਂ ਦਾ ਸਾਥ ਦੇਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਮੋਦੀ ਨੂੰ ਹਰਾ ਸਕਦੇ ਹਾਂ ਤਾਂ ਪੰਜਾਬ ਸਰਕਾਰ ਨੂੰ ਵੀ ਹਿਲਾ ਸਕਦੇ ਹਾਂ। ਉਨ੍ਹਾਂ ਸੰਘਰਸ਼ ਕਰ ਰਹੇ ਆਗੂਆਂ ਅਤੇ ਡਰਾਈਵਰਾਂ ਨੂੰ ਕਿਹਾ ਕਿ ਤੁਹਾਡੀਆਂ ਮੰਗਾਂ ਜਾਇਜ਼ ਹਨ, ਤੁਹਾਡਾ ਹੱਕ ਮੰਗਣਾ ਤੁਹਾਡਾ ਹੱਕ ਹੈ। ਪੰਜਾਬ ਸਰਕਾਰ ਨੂੰ ਉਸ ਅੱਗੇ ਝੁਕਣਾ ਪਵੇਗਾ। ਇਸ ਦੌਰਾਨ ਕਿਸਾਨ ਆਗੂ ਸੁਖਵਿੰਦਰ ਸਿੰਘ ਬਰਾੜ, ਇੰਦਰਜੀਤ ਸੋਢੀ, ਅਮਨਦੀਪ, ਲਵਜੋਤ ਆਦਿ ਨੇ ਦੱਸਿਆ ਕਿ ਉਹ 6 ਦਸੰਬਰ ਤੋਂ ਲਗਾਤਾਰ ਧਰਨੇ ’ਤੇ ਬੈਠੇ ਹਨ। ਪਰ ਅੱਜ ਤਕ ਕੋਈ ਵੀ ਸਰਕਾਰ ਦਾ ਮੰਤਰੀ ਜਾਂ ਅਧਿਕਾਰੀ ਉਨ੍ਹਾਂ ਨੂੰ ਮਿਲਣ ਨਹੀਂ ਆਇਆ। ਜਦਕਿ ਕਿ ਉਹ ਆਪਣੀਆਂ ਹੱਕੀ ਮੰਗਾਂ ਅਤੇ ਰੋਜ਼ੀ–ਰੋਟੀ ਲਈ ਧਰਨੇ ’ਤੇ ਬੈਠੇ ਹਨ।

## ਪੰਜਾਬ ਦੇ ਰੈਵੀਨਿਊ ਅਧਿਕਾਰੀਆਂ, ਪਟਵਾਰੀਆਂ ਨੇ ਦੋ ਦਿਨ ਕੰਮਕਾਜ ਬੰਦ ਰੱਖਣ ਦਾ ਕੀਤਾ ਐਲਾਨ

ਜਲੰਧਰ , (ਰਾਕੇਸ਼ ਗੋਇਲ)– ਜੇਕਰ ਤਹਿਸੀਲ ਅਤੇ ਸਬ–ਤਹਿਸੀਲ ਪੱਧਰ ’ਤੇ ਕੋਈ ਕੰਮ ਹੈ ਤਾਂ ਉਸ ਨੂੰ ਅੱਜ ਹੀ ਨਿਬੇੜ ਲਵੋ ਕਿਉਂਕਿ ਪੰਜਾਬ ਰੈਵੀਨਿਊ ਆਫਸਿਰਜ ਐਸੋਸੀਏਸ਼ਨ, ਰੈਵੀਨਿਊ ਕਾਨੂੰਨਗੋ ਐਸੋਸੀਏਸ਼ਨ ਅਤੇ ਰੈਵੇਨਿਊ ਪਟਵਾਰ ਐਸੋਸੀਏਸ਼ਨ ਨੇ 28 ਅਤੇ ਨੂੰ 2 ਦਿਨਾਂ ਦੀ ਹੜਤਾਲ ’ਤੇ ਜਾਣ ਦਾ ਐਲਾਨ ਕਰ ਦਿੱਤਾ ਹੈ। ਇਸ ਕਾਰਨ ਮੰਗਲਵਾਰ ਅਤੇ ਬੁੱਧਵਾਰ ਨੂੰ ਸੂਬੇ ਭਰ ਦੀਆਂ ਤਹਿਸੀਲਾਂ ਅਤੇ ਸਬ–ਤਹਿਸੀਲਾਂ ਦੇ ਸਬ–ਰਜਿਸਟਰਾਰ, ਤਹਿਸੀਲਦਾਰ, ਨਾਇਬ ਤਹਿਸੀਲਦਾਰ, ਕਾਨੂੰਨਗੋ ਅਤੇ ਪਟਵਾਰੀ ਆਪਣਾ ਵਿਭਾਗੀ ਕੰਮਕਾਜ ਠੱਪ ਰੱਖਣਗੇ, ਜਿਸ ਕਾਰਨ ਪ੍ਰਾਪਰਟੀ ਦੀਆਂ ਰਜਿਸਟਰੀਆਂ, ਪਾਵਰ ਆਫ ਅਟਾਰਨੀ, ਵਿਰਾਸਤ, ਇੰਤਕਾਲ ਦਰਜ ਕਰਵਾਉਣ ਤੋਂ ਲੈ ਕੇ ਹਰ ਤਰ੍ਹਾਂ ਦੇ ਸਰਟੀਫਿਕੇਟ ਅਤੇ ਹੋਰ ਦਸਤਾਵੇਜਾਂ ਨੂੰ ਮਨਜੂਰੀ ਦੇਣ ਦੇ ਕੰਮ ਪੂਰੀ ਤਰ੍ਹਾਂ ਠੱਪ ਰੱਖੇ ਜਾਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰੈਵੀਨਿਊ ਆਫਸਿਰਜ ਐਸੋਸੀਏਸ਼ਨ ਦੇ ਪ੍ਰਧਾਨ ਗੁਰਦੇਵ ਸਿੰਘ ਧੰਮ ਨੇ ਦੱਸਿਆ ਕਿ ਬੀਤੇ ਦਿਨ ਸੂਬੇ ਭਰ ਵਿਚ ਅਹੁਦੇਦਾਰਾਂ ਦੀ ਜੂਮ ਮੀਟਿੰਗ ਵਿਚ ਮੈਂਬਰਾਂ ਨੂੰ ਆ ਰਹੀਆਂ ਮੁਸ਼ਕਿਲਾਂ ’ਤੇ ਵਿਚਾਰ ਚਰਚਾ ਹੋਈ। ਇਸ ਦੌਰਾਨ ਤਨਖਾਹਾਂ ਭੱਤਿਆਂ ਅਤੇ ਤਨਖਾਹ ਵਿਚ ਕਟੌਤੀ ਕਰਨ ਦਾ ਵਿਰੋਧ ਕਰਨ ਤੋਂ ਇਲਾਵਾ ਕਾਨੂੰਨਗੋ ਤੇ ਪਟਵਾਰ ਯੂਨੀਅਨਾਂ ਅਤੇ ਪੀ. ਐੱਸ. ਐੱਮ. ਐੱਸ. ਯੂ., ਡੀ. ਸੀ. ਈ. ਓ. ਯੂ. ਵੱਲੋਂ ਕੀਤੀ ਜਾ ਰਹੀ ਹੜਤਾਲ ਵਿਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ। ਜ਼ਕਿਰਯੋਗ ਹੈ ਕਿ ਸੰਯੁਕਤ ਕਰਮਚਾਰੀ ਮੋਰਚਾ (ਪੰਜਾਬ ਅਤੇ ਯੂ. ਟੀ.) ਵੱਲੋਂ ਸੂਬੇ ਭਰ ਵਿਚ 2 ਦਿਨਾਂ ਲਈ ਸਾਰੇ ਸਰਕਾਰੀ ਦਫਤਰਾਂ ਨੂੰ ਬੰਦ ਰੱਖਣ ਦਾ ਐਲਾਨ ਕੀਤਾ ਗਿਆ ਹੈ ਅਤੇ ਹਰਵੀਰ ਸਿੰਘ ਢੀਂਡਸਾ ਸੂਬਾ ਪ੍ਰਧਾਨ ਰੈਵੀਨਿਊ ਪਟਵਾਰ ਯੂਨੀਅਨ ਅਤੇ ਰੁਪਿੰਦਰ ਸਿੰਘ ਗਰੇਵਾਲ ਸੂਬਾ ਪ੍ਰਧਾਨ ਰੈਵੇਨਿਊ ਕਾਨੂੰਨਗੋ ਯੂਨੀਅਨ ਨੇ ਵੀ ਹੜਤਾਲ ਦਾ ਪੁਰਜੋਰ ਸਮਰਥਨ ਦੇਣ ਦਾ ਐਲਾਨ ਕੀਤਾ ਸੀ। ਡੀ. ਸੀ. ਆਫਿਸ ਇੰਪਲਾਈਜ ਯੂਨੀਅਨ ਪਹਿਲਾਂ ਹੀ ਕਲਮਛੋੜ ਹੜਤਾਲ ’ਤੇ ਡੀ. ਸੀ. ਆਫਿਸ ਇੰਪਲਾਈਜ ਯੂਨੀਅਨ ਜੋਕਿ ਪਹਿਲਾਂ ਹੀ ਜੁਆਇੰਟ ਐਕਸ਼ਨ ਕਮੇਟੀ ਦੇ ਸੱਦੇ ’ਤੇ ਪਿਛਲੀ 22 ਦਸੰਬਰ ਤੋਂ ਕਲਮਛੋੜ ਹੜਤਾਲ ’ਤੇ ਚੱਲ ਰਹੀ ਹੈ, ਜਿਸ ਕਾਰਨ ਡੀ. ਸੀ. ਆਫਿਸ ਨਾਲ ਸਬੰਧਤ ਸਾਰੇ ਵਿਭਾਗਾਂ ਦੇ ਕਰਮਚਾਰੀ ਪਿਛਲੇ ਹਫਤੇ ਤੋਂ ਦਫਤਰਾਂ ਵਿਚ ਤਾਂ ਮੌਜੂਦ ਹੁੰਦੇ ਹਨ ਪਰ ਉਹ ਕੋਈ ਵੀ ਵਿਭਾਗੀ ਕੰਮਕਾਜ ਨਹੀਂ ਕਰ ਰਹੇ, ਜਿਸ ਕਾਰਨ ਲੋਕਾਂ ਨੂੰ ਪਹਿਲਾਂ ਹੀ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਰਮਚਾਰੀ ਯੂਨੀਅਨ ਨੇ ਫਿਲਹਾਲ ਤੱਕ ਹੜਤਾਲ ਦਾ ਐਲਾਨ ਕੀਤਾ ਹੋਇਆ ਹੈ। ਇਸ ਸਬੰਧ ਵਿਚ ਯੂਨੀਅਨ ਦੇ ਚੇਅਰਮੈਨ ਤੇਜਿੰਦਰ ਸਿੰਘ ਨੇ ਦੱਸਿਆ ਕਿ ਨੂੰ ਹੜਤਾਲ ’ਤੇ ਜਾਣ ਅਤੇ ਅਗਲੇ ਸੰਘਰਸ਼ ਨੂੰ ਲੈ ਕੇ ਫੈਸਲਾ ਕੱਲ ਯੂਨੀਅਨ ਦੇ ਅਹੁਦੇਦਾਰਾਂ ਦੀ ਮੀਟਿੰਗ ਦੌਰਾਨ ਲਿਆ ਜਾਵੇਗਾ।

## ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਨੇ 54 ਅਧਿਕਾਰੀਆਂ ਨੂੰ ਪ੍ਰਮੋਸ਼ਨ ਪੱਤਰ ਸੌਂਪੇ

ਚੰਡੀਗੜ੍ਹ , (ਸੁਰਿੰਦਰ ਸਿੰਘ)–ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਭੂਮੀ ਅਤੇ ਜਲ ਸੰਭਾਲ ਵਿਭਾਗ ਅਤੇ ਤਕਨੀਕੀ ਸਿੱਖਿਆ ਵਿਭਾਗ ਦੇ 54 ਅਧਿਕਾਰੀਆਂ ਨੂੰ ਪ੍ਰਮੋਸ਼ਨ ਪੱਤਰ ਸੌਂਪੇ। ਪੰਜਾਬ ਭਵਨ ਵਿਖੇ ਇੱਕ ਸਾਦੇ ਸਮਾਰੋਹ ਵਿੱਚ ਭੂਮੀ ਅਤੇ ਜਲ ਸੰਭਾਲ ਵਿਭਾਗ ਦੇ 27 ਅਤੇ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ ਦੇ 27 ਅਧਿਕਾਰੀਆਂ ਨੂੰ ਵੱਖ ਵੱਖ ਅਹੁਦਿਆਂ ’ਤੇ ਪਦਉਨਤੀਆਂ ਲਈ ਪੱਤਰ ਸੌਂਪੇ ਗਏ। ਭੂਮੀ ਅਤੇ ਜਲ ਸੰਭਾਲ ਵਿਭਾਗ ’ਚ 1 ਭੂਮੀ ਪਾਲ, 3 ਉਪ ਮੰਡਲ ਭੂਮੀ ਰੱਖਿਆ ਅਫਸਰ ਅਤੇ 23 ਭੂਮੀ ਰੱਖਿਆ ਅਫਸਰ ਨੂੰ ਤਰੱਕੀ ਦਿੱਤੀ ਗਈ ਹੈ, ਜਦਕਿ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ ਦੇ 8 ਨੂੰ ਬਤੌਰ ਮੁਖੀ ਵਿਭਾਗ ਕੰਪਿਊਟਰ ਇੰਜੀਨੀਅਰਿੰਗ ਵਿਭਾਗ, 10 ਨੂੰ ਬਤੌਰ ਮੁਖੀ ਵਿਭਾਗ ਮਕੈਨੀਕਲ ਇੰਜੀਨੀਅਰਿੰਗ ਵਿਭਾਗ ਅਤੇ 9 ਨੂੰ ਬਤੌਰ ਇਲੈਕਟ੍ਰੀਕਲ ਇੰਜੀਨੀਅਰਿੰਗ ਵਿਭਾਗ ਤਰੱਕੀ ਦਿੱਤੀ ਗਈ ਹੈ। ਪਦਉਨਤ ਹੋਏ ਅਧਿਕਾਰੀਆਂ ਨੂੰ ਵਧਾਈ ਦਿੰਦਿਆਂ ਵਿਭਾਗ ਦੇ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਹਰੇਕ ਸਰਕਾਰੀ ਅਧਿਕਾਰੀ ਤੇ ਕਰਮਚਾਰੀ ਦੀ ਪਦੁਨਤੀ ਸਮੇ ਸਿਰ ਹੋਣੀ ਚਾਹੀਦੀ ਹੈ ਕਿਉਂਕਿ ਇਸ ਨਾਲ ਉਨ੍ਹਾ ਦਾ ਉਤਸ਼ਾਹ ਵਿਚ ਵਧਦਾ ਹੈ। ਉਨ੍ਹਾਂ ਪਦਉਨਤ ਹੋਏ ਅਧਿਕਾਰੀਆਂ ਨੂੰ ਆਪਣੀ ਜਿੰਮੇਵਾਰੀ ਨੂੰ ਰਾਜ ਪ੍ਰਤੀ ਹੋਰ ਸਮਰਪਿਤ ਹੋ ਕੇ ਨਿਭਾਉਣ ਲਈ ਕਿਹਾ।

## ਨਵਜੋਤ ਸਿੰਘ ਸਿੱਧੂ ਨੇ ਕਿਹਾ- ਕਿਸੇ ਨਾਲ ਨਿੱਜੀ ਲੜਾਈ ਨਹੀਂ, ਸਿਸਟਮ ਨੂੰ ਬਦਲਣ ਲਈ ਕੀਤਾ ਸੰਘਰਸ਼

ਪਟਿਆਲਾ , (ਰਾਹੁਲ ਸ਼ਰਮਾ)–ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਸੂਬੇ ਵਿੱਚ ਆਪਣੀ ਹੀ ਸਰਕਾਰ ਵੱਲੋਂ ਵੱਖ–ਵੱਖ ਵਰਗਾਂ ਲਈ ਕੀਤੇ ਜਾ ਰਹੇ ਐਲਾਨਾਂ ਦੀ ਰਫ਼ਤਾਰ ਤੋਂ ਸੰਤੁਸ਼ਟ ਨਹੀਂ ਹਨ। ਇਸ ਬਾਰੇ ਅਸਹਿਮਤੀ ਪ੍ਰਗਟਾਉਂਦੇ ਹੋਏ ਉਨ੍ਹਾਂ ਕਿਹਾ, ”ਜਦੋਂ ਮੇਰੇ ਕੋਲ ਦੇਣ ਲਈ ਕੁਝ ਨਹੀਂ ਹੈ ਤਾਂ ਜ਼ਮੀਨੀ ਪੱਧਰ ’ਤੇ ਇਸ ਸਕੀਮ ਨੂੰ ਕਿਵੇਂ ਲਾਗੂ ਕੀਤਾ ਜਾਵੇਗਾ।” ਇਸ ਦੇ ਨਾਲ ਹੀ ਉਹ ਸੂਬੇ ਦੇ ਵਿਕਾਸ ਲਈ ਆਪਣਾ 13 ਸੂਤਰੀ ਏਜੰਡਾ ਦੱਸਦਿਆਂ ਆਪਣੇ ਆਪ ਨੂੰ ਮੁੱਖ ਮੰਤਰੀ ਅਹੁਦੇ ਦਾ ਦਾਅਵੇਦਾਰ ਹੋਣ ਦੇ ਸਵਾਲ ਤੋਂ ਇਨਕਾਰ ਕੀਤਾ ਹੈ। ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਆਪਣੇ ਵੱਲੋਂ ਕਾਂਗਰਸ ਦਾ ਉਮੀਦਵਾਰ ਐਲਾਨੇ ਜਾਣ ਤੋਂ ਇਨਕਾਰ ਕਰਦਿਆਂ ਸਿੱਧੂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਸਿਰਫ਼ ਇੰਨਾ ਹੀ ਕਿਹਾ ਕਿ ਕੋਈ ਵੀ ਆਗੂ ਆਪਣਾ ਵਿਧਾਨ ਸਭਾ ਹਲਕਾ ਛੱਡ ਕੇ ਕਿਸੇ ਹੋਰ ਹਲਕੇ ਵਿੱਚ ਨਹੀਂ ਜਾਵੇਗਾ। ਪੇਸ਼ ਹੈ ਨਵਜੋਤ ਸਿੰਘ ਸਿੱਧੂ ਨਾਲ ਗੱਲਬਾਤ :

ਸਵਾਲ : ਪਹਿਲਾਂ ਕੈਪਟਨ ਅਮਰਿੰਦਰ ਦੀ ਕਾਰਗੁਜ਼ਾਰੀ ’ਚ ਖਾਮੀਆਂ ਪਾਈਆਂ ਗਈਆਂ ਅਤੇ ਹੁਣ ਸਮੇਂ–ਸਮੇਂ ’ਤੇ ਉਹ ਮੁੱਖ ਮੰਤਰੀ ਚੰਨੀ ਦੇ ਕੰਮ–ਕਾਜ ਬਾਰੇ ਵੀ ਅਸਹਿਮਤੀ ਪ੍ਰਗਟਾਈ ਜਾ ਰਹੀ ਹੈ, ਕੀ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ’ਚ ਕੋਈ ਤਾਲਮੇਲ ਨਹੀਂ ਹੈ?

ਜਵਾਬ : ਮੇਰੀ ਕਿਸੇ ਨਾਲ ਨਿੱਜੀ ਲੜਾਈ ਨਹੀਂ ਹੋਈ, ਸਿਸਟਮ ਨੂੰ ਬਦਲਣ ਲਈ ਸੰਘਰਸ਼ ਕੀਤਾ। ਇਹ ਕਹਿਣਾ ਠੀਕ ਨਹੀਂ ਲੱਗਦਾ ਕਿ ਆਹ ਵੀ ਲਾ ਲੋ, ਆਹ ਵੀ ਲਾਈ ਲੋ, ਮੇਰੇ ਕੋਲ ਕੁਝ ਨਹੀਂ ਹੈ, ਮੈਂ ਕਿਵੇਂ ਕਰਾਂ। ਜਦੋਂ ਜੜ੍ਹ ਹੀ ਨਹੀਂ ਤਾਂ ਫਲ ਕਿਵੇਂ ਮਿਲੇਗਾ, ਨੀਂਹ ਤੋਂ ਬਿਨਾਂ ਇਮਾਰਤ ਕਿਵੇਂ ਖੜ੍ਹੀ ਰਹੇਗੀ। ਰੇਤ ਸਸਤੀ ਹੋ ਗਈ, ਕੀ ਡਾਕਟਰਾਂ ਨੂੰ ਵੱਧ ਵਜ਼ੀਫਾ ਮਿਲਿਆ ਅਤੇ ਕੀ ਕਾਲਜ ਲੈਕਚਰਾਰਾਂ ਨੂੰ ਪੱਕੀ ਨੌਕਰੀ ਮਿਲੀ..? ਅਜਿਹਾ ਉਦੋਂ ਹੀ ਹੋਵੇਗਾ ਜਦੋਂ ਇਸ ਸਬੰਧੀ ’ਰੋਡ ਮੈਪ’ ਨੂੰ ਸਹੀ ਢੰਗ ਨਾਲ ਲਾਗੂ ਕੀਤਾ ਜਾਵੇਗਾ। ਇਹ ਐਲਾਨ ਇਸ ਸਮੇਂ ਇੱਕ ਸਕੀਮ ਜਾਂ ਜੁਗਾੜ ਨਾਲੋਂ ਵੱਧ ਹਨ ਅਤੇ ਇਨ੍ਹਾਂ ਨੂੰ ਲਾਗੂ ਕਰਨ ਲਈ ਯੋਜਨਾ ਦੀ ਲੋੜ ਹੈ।

ਸਵਾਲ : ਕੀ ਤੁਸੀਂ ਆਪਣੇ ਆਪ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕਰ ਰਹੇ ਹੋ?

ਜਵਾਬ : ਅਜਿਹਾ ਨਹੀਂ ਹੈ। ਮੈਂ ਜੋ 13 ਨੁਕਾਤੀ ਏਜੰਡਾ ਤਿਆਰ ਕੀਤਾ ਹੈ, ਉਸ ਨੂੰ ਮੈਂ ਇਕੱਲੇ ਲਾਗੂ ਨਹੀਂ ਕਰਨਾ, ਜੇਕਰ ਦੂਸਰੀ ਲੀਡਰਸ਼ਿਪ ਇਸ ਏਜੰਡੇ ਨੂੰ ਅਪਣਾ ਕੇ ਲਾਗੂ ਕਰਦੀ ਹੈ ਤਾਂ ਯਕੀਨਨ ਤਬਦੀਲੀ ਸੰਭਵ ਹੈ। ਜਿੱਥੋਂ ਤਕ ਮੁੱਖ ਮੰਤਰੀ ਦਾ ਸਵਾਲ ਹੈ, ਮੈਂ ਇਸ ਲਈ ਆਪਣੇ ਆਪ ਨੂੰ ਪੇਸ਼ ਨਹੀਂ ਕਰ ਰਿਹਾ। ਪਾਰਟੀ ਪ੍ਰਧਾਨ ਦਾ ਕੰਮ ਲੋਕਾਂ ਦੀ ਆਵਾਜ਼ ਬੁਲੰਦ ਕਰਨਾ ਹੈ ਅਤੇ ਮੈਂ ਇਹੀ ਕਰ ਰਿਹਾ ਹਾਂ। ਜਦੋਂ ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਸਨ, ਉਦੋਂ ਵੀ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਦੀ ਗੱਲ ਸੁਣੀ ਜਾਂਦੀ ਸੀ, ਇਹ ਇੱਥੇ ਵੀ ਲਾਗੂ ਹੁੰਦਾ ਹੈ। ਪੰਜਾਬ ਦਾ ਮੁੱਖ ਮੰਤਰੀ ਕੌਣ ਹੋਵੇਗਾ, ਇਹ ਵਿਧਾਇਕ ਜਾਂ ਕੋਈ ਹੋਰ ਨਹੀਂ ਸਗੋਂ ਪੰਜਾਬ ਦੇ ਲੋਕ ਤੈਅ ਕਰਨਗੇ।



ਸਵਾਲ : ਤੁਸੀਂ ਰੈਲੀਆਂ ਵਿੱਚ ਜਾ ਕੇ ਉਮੀਦਵਾਰਾਂ ਦਾ ਐਲਾਨ ਕਰ ਰਹੇ ਹੋ। ਕੀ ਇਹ ਪਾਰਟੀ ਪ੍ਰੋਟੋਕੋਲ ਦੀ ਉਲੰਘਣਾ ਨਹੀਂ ਹੈ ਕਿਉਂਕਿ ਇਸ ਸਬੰਧੀ ਸਕਰੀਨਿੰਗ ਕਮੇਟੀ ਬਣਾਈ ਗਈ ਹੈ?

ਜਵਾਬ : ਮੈਂ ਕਿਸੇ ਰੈਲੀ ਵਿੱਚ ਪਾਰਟੀ ਦੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ। ਹਾਲ ਹੀ ਵਿਚ ਕਿਹਾ ਗਿਆ ਹੈ ਕਿ ਜਿਹੜਾ ਆਗੂ ਜਿਸ ਹਲਕੇ ਤੋਂ ਪਿਛਲੀ ਚੋਣ ਲੜਿਆ ਜਾਂ ਲੰਮੇ ਸਮੇਂ ਤੋਂ ਇਕ ਹਲਕੇ ਵਿਚ ਕੰਮ ਕਰ ਰਿਹਾ ਹੈ, ਭਾਵੇਂ ਉਹ ਜਿੱਤੇ ਜਾਂ ਹਾਰੇ, ਉਸ ਨੂੰ ਇਸ ਵਾਰ ਵੀ ਉਸੇ ਸੀਟ ਤੋਂ ਚੋਣ ਲੜਨੀ ਹੋਵੇਗੀ ਅਤੇ ਉਹ ਆਪਣੀ ਸੀਟ ਨਹੀਂ ਬਦਲ ਸਕਣਗੇ। ਅਜਿਹੇ ’ਚ ਉਹ ਜਿਸ ਤਰ੍ਹਾਂ ਦਾ ਕੰਮ ਕਰੇਗਾ, ਉਸ ਦਾ ਫਲ ਉਸ ਨੂੰ ਜ਼ਰੂਰ ਮਿਲੇਗਾ। ਜਿੱਥੋਂ ਤੱਕ ਸਕਰੀਨਿੰਗ ਕਮੇਟੀ ਦਾ ਸਵਾਲ ਹੈ, ਕਮੇਟੀ ਨੇ ਤਿੰਨ ਉਮੀਦਵਾਰਾਂ ਦਾ ਪੈਨਲ ਤਿਆਰ ਕਰਕੇ ਕੇਂਦਰੀ ਕਮੇਟੀ ਨੂੰ ਭੇਜਣਾ ਹੁੰਦਾ ਹੈ। ਉਕਤ ਕਮੇਟੀ ਵਿੱਚ ਸੋਨੀਆ ਗਾਂਧੀ, ਰਾਹੁਲ ਗਾਂਧੀ, ਜਨਰਲ ਸਕੱਤਰ ਅਤੇ ਮੈਂ ਵੀ ਸ਼ਾਮਲ ਹੋਵਾਂਗਾ।

ਸਵਾਲ : ਚਰਚਾ ਹੈ ਕਿ ਅਕਾਲੀ ਆਗੂ ਬਿਕਰਮ ਮਜੀਠੀਆ ਖ਼ਿਲਾਫ਼ ਦਰਜ ਕੀਤਾ ਗਿਆ ਕੇਸ ਮਜ਼ਬੂਤ ਨਹੀਂ ਹੈ?

ਜਵਾਬ : ਇਹ ਬੇਬੁਨਿਆਦ ਹੈ। ਮੈਂ ਇਹ ਕੇਸ ਨਹੀਂ ਕਰਵਾਇਆ। ਹੁਣ ਤਕ ਸਿਰਫ਼ ਐੱਫਆਈਆਰ ਦਰਜ ਕੀਤੀ ਗਈ ਹੈ, ਇਹ ਸ਼ੁਰੂਆਤ ਹੈ। ਹੁਣ ਅਹਿਮ ਗੱਲ ਇਹ ਹੈ ਕਿ ਇਹ ਤਰਕ ਪੂਰਨ ਰੂਪ ਵਿੱਚ ਕਿਵੇਂ ਖ਼ਤਮ ਹੋਵੇਗਾ। ਇਹ ਕਿਸੇ ਸਿਆਸੀ ਰੰਜਿਸ਼ ਕਾਰਨ ਨਹੀਂ ਹੋਇਆ। ਬੇਅਦਬੀ ਅਤੇ ਨਸ਼ਿਆਂ ਦੇ ਮੁੱਦੇ ’ਤੇ ਸਰਕਾਰ ਬਣੀ ਸੀ। ਪਹਿਲਾਂ ਇਸ ’ਤੇ ਕੰਮ ਨਹੀਂ ਹੋਇਆ, ਹੁਣ ਕੰਮ ਕੀਤਾ ਜਾ ਰਿਹਾ ਹੈ। ਜਦੋਂ ਡੀਜੀਪੀ ਅਤੇ ਐਡਵੋਕੇਟ ਜਨਰਲ ਬਦਲ ਗਏ ਤਾਂ ਕੰਮ ਸ਼ੁਰੂ ਹੋ ਗਿਆ।

ਸਵਾਲ : ਪੁਲਿਸ ਵਾਲਿਆਂ ਦੀ ਪੈਂਟ ਗਿੱਲੀ ਕਰਨ ਵਾਲੇ ਬਿਆਨ ਨੂੰ ਲੈ ਕੇ ਚਰਚਾ ਤੇ ਵਿਵਾਦ ਛਿੜਿਆ ਹੈ, ਇਸ ਬਾਰੇ ਕੀ ਕਹੋਗੇ?

ਜਵਾਬ : ਮੈਂ ਹਮੇਸ਼ਾ ਹੀ ਚਰਚਾ ’ਚ ਰਹਿੰਦਾ ਹਾਂ। ਮੈਂ ਇਹ ਬਿਆਨ ਕਿਸੇ ਨੂੰ ਇਕ ਵਿਅਕਤੀ ਲਈ ਨਹੀਂ ਦਿੱਤਾ ਤੇ ਨਾ ਹੀ ਕਿਸੇ ਨੂੰ ਠੇਸ ਪਹੁੰਚਾਉਣ ਦਾ ਮਨਸੂਬਾ ਰੱਖਦਾ ਹਾਂ। ਜੇਕਰ ਕਿਸੇ ਨੂੰ ਠੇਸ ਪਹੁੰਚੀ ਹੈ ਤਾਂ ਇਸ ਲਈ ਖੇਦ ਹੈ।

ਸਵਾਲ : ਚਰਚਾ ਹੈ ਕਿ ਨਵਜੋਤ ਸਿੱਧੂ ਪਾਕਿਸਤਾਨ ਤੋਂ ਡ੍ਰੋਨ ਰਾਹੀਂ ਨਸ਼ਿਆਂ ਅਤੇ ਹਥਿਆਰਾਂ ਦੀ ਸਪਲਾਈ ਦਾ ਮੁੱਦਾ ਇਮਰਾਨ ਖਾਨ ਕੋਲ ਕਿਉਂ ਨਹੀਂ ਉਠਾਉਂਦੇ?

ਜਵਾਬ : ਇਹ ਬਿਲਕੁੱਲ ਗਲਤ ਹੈ। ਪਹਿਲਾਂ ਬੇਅਦਬੀ ਦੀਆਂ ਦੋ ਘਟਨਾਵਾਂ ਹੋਈਆਂ ਅਤੇ ਫਿਰ ਬੰਬ ਧਮਾਕਾ ਹੋਇਆ। ਅਜਿਹਾ ਆਮ ਤੌਰ ’ਤੇ ਵੋਟਾਂ ਦੌਰਾਨ ਹੀ ਹੁੰਦਾ ਹੈ। ਅਜਿਹਾ ਸੂਬੇ ਦੇ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰਨ ਲਈ ਕੀਤਾ ਗਿਆ ਹੈ। ਇਸ ਦਾ ਫਾਇਦਾ ਕਿਹੜੀ ਸਿਆਸੀ ਪਾਰਟੀ ਲੈਣਾ ਚਾਹੁੰਦੀ ਹੈ, ਲੋਕ ਸਭ ਸਮਝਦੇ ਹਨ।

ਸਵਾਲ : ਕੀ ਚੋਣਾਂ ਵਿੱਚ ਕਿਸਾਨ ਮੋਰਚੇ ਨਾਲ ਗਠਜੋੜ ਸੰਭਵ ਹੈ?

ਜਵਾਬ : ਹਰ ਤਰ੍ਹਾਂ ਦੀਆਂ ਸੰਭਾਵਨਾਵਾਂ ਹਨ। ਹੁਣ ਜਦੋਂ ਕਿਸਾਨ ਜਥੇਬੰਦੀਆਂ ਚੋਣਾਂ ਵਿੱਚ ਉਤਰ ਰਹੀਆਂ ਹਨ ਤਾਂ ਉਨ੍ਹਾਂ ਨੂੰ ਸਿਰਫ਼ ਕਿਸਾਨਾਂ ਦੇ ਮੁੱਦੇ ਹੀ ਨਹੀਂ, ਸਗੋਂ ਪੂਰੇ ਪੰਜਾਬ ਦੀ ਗੱਲ ਕਰਨੀ ਪਵੇਗੀ। ਇਸ ਦੇ ਲਈ ਉਨ੍ਹਾਂ ਨੂੰ ਵਿਸ਼ੇਸ਼ ਏਜੰਡਾ ਬਣਾ ਕੇ ਲੋਕਾਂ ਦੇ ਸਾਹਮਣੇ ਆਉਣਾ ਪਵੇਗਾ।

ਸਵਾਲ : ਚੰਡੀਗੜ੍ਹ ਨਿਗਮ ਚੋਣ ਦੇ ਨਤੀਜਿਆਂ ਦਾ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ’ਤੇ ਕੀ ਅਸਰ ਰਹੇਗਾ?

ਜਵਾਬ : ਨਹੀਂ ਇਸ ਦਾ ਕੋਈ ਅਸਰ ਨਹੀਂ ਪੈਣ ਵਾਲਾ, ਚੰਡੀਗੜ੍ਹ ਯੂਨੀਅਨ ਟੈਰੇਟਰੀ ਹੈ। ਚੋਣਾਂ ਤਾਂ ਹਿਮਾਚਲ ਪ੍ਰਦੇਸ਼ ਵਿਚ ਵੀ ਹੋਈਆਂ ਸਨ। ਜ਼ਮੀਨੀ ਚੋਣਾਂ ਜਾਂ ਨਿਗਮ ਚੋਣਾਂ ਦਾ ਵਿਧਾਨ ਸਭਾ ਚੋਣਾਂ ’ਤੇ ਕਦੇ ਕੋਈ ਅਸਰ ਨਹੀਂ ਪੈਂਦਾ।

### ਸਾਵਧਾਨ! ਪੰਜਾਬ ’ਚ ਲਾਜ਼ਮੀ ਹੋਈਆਂ ਵੈਕਸੀਨ ਦੀਆਂ ਦੋਵੇਂ ਡੋਜ਼, ਓਮੀਕ੍ਰੋਨ ਦੇ ਵਧਦੇ ਖ਼ਤਰੇ ਨੂੰ ਲੈ ਕੇ ਸਰਕਾਰ ਨੇ ਜਾਰੀ ਕੀਤੀਆਂ ਗਾਈਡਜ਼ਲਾਈਨਜ਼

ਚੰਡੀਗੜ੍ਹ , (ਸੁਰਿੰਦਰ ਸਿੰਘ)– ਦੇਸ਼ ’ਚ ਓਮੀਕ੍ਰੋਨ ਦੇ ਮਾਮਲੇ ਵਧਣ ਕਾਰਨ ਕਈ ਸੂਬਿਆਂ ਨੇ ਆਪਣੇ–ਆਪਣੇ ਰਾਜਾਂ ’ਚ ਪਾਬੰਦੀਆਂ ਲਾਗੀ ਕੀਤੀਆਂ ਹਨ। ਇਸ ਲਈ ਸਰਕਾਰਾਂ ਵੱਲੋਂ ਬਾਕਾਇਦਾ ਗਾਈਡਲਾਈਨਜ ਵੀ ਜਾਰੀ ਕੀਤੀਆਂ ਗਈਆਂ ਹਨ । ਇਸਦੇ ਚਲਦਿਆਂ ਪੰਜਾਬ ਸਰਕਾਰ ਨੇ ਵੀ ਸੂਬੇ ’ਚ ਵੈਕਸੀਨ ਦੀਆਂ ਦੋਵੇਂ ਡੋਜ ਲਾਜਮੀ ਕਰ ਦਿੱਤੀਆਂ ਹਨ।




ਪੰਜਾਬ ਸਰਕਾਰ ਨੇ ਵਧ ਰਹੇ ਕੋਰੋਨਾ ਕੇਸਾਂ ਦੇ ਮੱਦੇਨਜਰ ਇਹ ਫੈਸਲਾ ਲਿਆ ਹੈ। ਸਰਕਾਰ ਵੱਲੋਂ ਜਾਰੀ ਨਵੀਆਂ ਗਾਈਡਲਾਈਨਜ ਅਨੁਸਾਰ, ਪੰਜਾਬ ’ਚ ਆਉਣ ਲਈ ਵੈਕਸੀਨ ਦੀਆਂ ਦੋਵੇਂ ਡੋਜ ਲੱਗੀਆਂ ਹੋਣੀਆਂ ਚਾਹੀਦੀਆਂ ਹਨ। ਇਸ ਦੇ ਨਾਲ ਸਰਕਾਰ ਵੱਲੋਂ ਕਿਹਾ ਗਿਆ ਹੈ ਕਿ ਜੇਕਰ ਦੋਵੇਂ ਡੋਜ ਲੱਗੀਆਂ ਹੋਈਆਂ ਹਨ ਸਰਟੀਫਿਕੇਟ ਕੋਲ ਹੋਣਾ ਜਰੂਰੀ ਹੈ।

1. ਸਬਜੀ ਮੰਡੀ, ਪਬਲਿਕ ਟਰਾਂਸਪੋਰਟ, ਸ਼ਾਪਿੰਗ ਕੰਪਲੈਕਸ ’ਚ ਜਿਆਦਾ ਭੀੜ ਇਕੱਠੀ ਕਰਨ ’ਤੇ ਮਨਾਹੀ ਹੋਵੇਗੀ।
2. ਹੋਟਲ, ਬਾਰ, ਰੈਸਟੋਰੈਂਟ, ਮਾਲ, ਸ਼ਾਪਿੰਗ ਕੰਪਲੈਕਸ ’ਚ ਉਹੀ ਲੋਕ ਦਾਖਲ ਹੋ ਸਕਦੇ ਹਨ ਜਿਨ੍ਹਾਂ ਨੇ ਵੈਕਸੀਨ ਦੀਆਂ ਦੋਵੇਂ ਡੋਜ ਲਈਆਂ ਹਨ।
3. ਸਿਹਤ ਪ੍ਰੋਟੋਕਾਲ ਮੁਤਾਬਕ ਨਿੱਜੀ ਤੇ ਸਰਕਾਰੀ ਖੇਤਰ ਦੇ ਬੈਂਕਾਂ ਦੋਵੇਂ ਡੋਜਾਂ ਲਈਆਂ ਜਾਣ ਵਾਲਿਆਂ ਨੂੰ ਹੀ ਆਪਣੀ ਸੇਵਾਵਾਂ ਜਾਰੀ ਰੱਖਣ ਦੀ ਆਗਿਆ ਹੋਵੇਗੀ।

## ਨੌਂ ਦਿਨਾਂ ਬਾਅਦ ਕਿਸਾਨ ਰੇਲ ਟ੍ਰੈਕ ਤੋਂ ਹਟੇ, ਆਮ ਵਾਂਗ ਹੋਈ ਰੇਲ ਆਵਾਜਾਈ, ਪੜ੍ਹੋ ਕਿਹੜੀਆਣ ਟਰੇਨਾਂ ਚੱਲੀਆਂ ਤੇ ਕਿਹੜੀਆਂ ਹੋਈਆਂ ਰੱਦ

ਚੰਡੀਗੜ੍ਹ , (ਪੱਤਰ ਪ੍ਰੇਰਕ)– ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਮੰਗਲਵਾਰ ਨੂੰ ਚੱਲੀ ਲੰਬੀ ਬੈਠਕ ਤੋਂ ਬਾਅਦ ਸੂਬੇ ’ਚ ਨੌਂਵੇਂ ਦਿਨ ਸੱਤ ਜ਼ਿਲ੍ਹਿਆਂ ’ਚ ਰੇਲ ਟ੍ਰੈਕਾਂ ’ਤੇ ਬੈਠੇ ਕਿਸਾਨਾਂ ਨੇ ਧਰਨਾ ਖ਼ਤਮ ਕਰ ਦਿੱਤਾ। ਫਿਰੋਜ਼ਪੁਰ, ਤਰਨਤਾਰਨ, ਅੰਮ੍ਰਿਤਸਰ, ਟਾਂਡਾ ਸਮੇਤ ਸਾਰੀਆਂ ਥਾਵਾਂ ਤੋਂ ਕਿਸਾਨਾਂ ਨੇ ਰੇਲਵੇ ਟ੍ਰੈਕ ਖ਼ਾਲੀ ਕਰ ਦਿੱਤੇ ਹਨ। ਇਸ ਦੇ ਨਾਲ ਹੀ ਰੇਲ ਆਵਾਜਾਈ ਵੀ ਮੰਗਲਵਾਰ ਸ਼ਾਮ ਤਕ ਆਮ ਵਾਂਗ ਹੋ ਗਈ। ਸ਼ਾਮ ਸਾਢੇ ਚਾਰ ਵਜੇ ਕਿਸਾਨ ਜਲੰਧਰ ਕੈਂਟ ਸਟੇਸ਼ਨ ਤੋਂ ਉੱਠੇ ਤਾਂ ਇਸ ਤੋਂ ਦੋ ਘੰਟੇ ਬਾਅਦ ਟ੍ਰੇਨਾਂ ਵੀ ਬਹਾਲ ਕਰ ਦਿੱਤੀਆਂ ਗਈਆਂ। 20 ਮਿੰਟਾਂ ਦੀ ਦੇਰੀ ਨਾਲ ਪਸ਼ਚਿਮ ਐਕਸਪ੍ਰੈੱਸ ਜਲੰਧਰ ਕੈਂਟ ਸਟੇਸ਼ਨ ’ਤੇ ਸ਼ਾਮ 6.50 ਵਜੇ ਪਹੁੰਚੀ। ਉੱਥੇ ਕਰੀਬ ਇਕ ਘੰਟੇ ਤਕ ਉਸ ਨੂੰ ਕੈਂਟ ਸਟੇਸ਼ਨ ਦੇ ਆਊਟਰ ’ਤੇ ਰੋਕ ਕੇ ਰੱਖਿਆ ਗਿਆ। ਰੇਲਵੇ ਨੇ ਇੰਜਣ ਚਲਾ ਕੇ ਟ੍ਰੈਕ ਨੂੰ ਚੈੱਕ ਕੀਤਾ ਤੇ ਇਸ ਤੋਂ ਬਾਅਦ ਹੀ ਟ੍ਰੇਨ ਨੂੰ ਅੱਗੇ ਜਲੰਧਰ ਸਿਟੀ ਤੇ ਅੰਮ੍ਰਿਤਸਰ ਸਟੇਸ਼ਨ ਲਈ ਰਵਾਨਾ ਕੀਤਾ ਗਿਆ। ਉਮੀਦ ਹੈ ਕਿ ਬੁੱਧਵਾਰ ਨੂੰ ਸਾਰੀਆਂ ਟ੍ਰੇਨਾਂ ਦੀ ਆਵਾਜਾਈ ਆਮ ਵਾਂਗ ਹੋ ਜਾਵੇਗੀ। ਰੇਲਵੇ ਟ੍ਰੈਕ ਦਾ ਨਿਰੀਖਣ ਕਰ ਰਿਹਾ ਹੈ, ਉਸ ਤੋਂ ਬਾਅਦ ਜੰਮੂ ਤਵੀ ਰੂਟ ਨੂੰ ਵੀ ਬਹਾਲ ਕਰ ਦਿੱਤਾ ਜਾਵੇਗਾ।

ਪਿਛਲੇ ਕਈ ਦਿਨਾਂ ਤੋਂ ਕਿਸਾਨਾਂ ਦੇ ਅੰਦੋਲਨ ਕਾਰਨ ਅੰਮ੍ਰਿਤਸਰ ਅਤੇ ਜੰਮੂ ਤਵੀ ਵਾਇਆ ਮੁਰਾਦਾਬਾਦ ਜਾਣ ਵਾਲੀਆਂ ਕਈ ਐਕਸਪ੍ਰੈੱਸ ਗੱਡੀਆਂ ਰੱਦ ਕਰ ਦਿੱਤੀਆਂ ਗਈਆਂ ਸਨ। ਸਹਾਇਕ ਕਮਰਸੀਅਲ ਮੈਨੇਜਰ ਪੀ.ਐਸ.ਬਘੇਲ ਨੇ ਦੱਸਿਆ ਕਿ ਬੁੱਧਵਾਰ ਤੋਂ ਬੇਗਮਪੁਰਾ ਐਕਸਪ੍ਰੈੱਸ, ਸਹੀਦ ਐਕਸਪ੍ਰੈੱਸ, ਅੰਮ੍ਰਿਤਸਰ–ਨਿਊ ਜਲਪਾਈ ਗੁੜੀ ਐਕਸਪ੍ਰੈੱਸ, ਜਨਸੇਵਾ ਐਕਸਪ੍ਰੈੱਸ, ਸਿਆਲਦਾਹ ਐਕਸਪ੍ਰੈੱਸ, ਲੋਹਿਤ ਐਕਸਪ੍ਰੈੱਸ, ਪੰਜਾਬ ਮੇਲ ਅਤੇ ਹੋਰ ਟਰੇਨਾਂ ਚੱਲਣੀਆਂ ਸ਼ੁਰੂ ਹੋ ਜਾਣਗੀਆਂ। ਅੰਮ੍ਰਿਤਸਰ ਰੇਲਵੇ ਸਟੇਸਨ ਤੋਂ 9 ਦਸੰਬਰ ਨੂੰ ਰੇਲ ਗੱਡੀਆਂ ਰਵਾਨਾ ਹੋਣਗੀਆਂ।

ਇਨ੍ਹਾਂ ਵਿੱਚ ਅੰਮ੍ਰਿਤਸਰ–ਨਵੀਂ ਦਿੱਲੀ ਸਤਾਬਦੀ ਐਕਸਪ੍ਰੈੱਸ (12030), ਅੰਮ੍ਰਿਤਸਰ–ਨਵੀਂ ਦਿੱਲੀ ਸੁਪਰਫਾਸਟ (12460), ਅੰਮ੍ਰਿਤਸਰ–ਬਾਂਦਰਾ ਟਰਮੀਨਸ (12926), ਅੰਮ੍ਰਿਤਸਰ–ਨਵੀਂ ਜਲਪਾਈਗੁੜੀ (04654), ਅੰਮ੍ਰਿਤਸਰ–ਜਯਾਨਗਰ (14650), ਅੰਮ੍ਰਿਤਸਰ–ਨਵੀਂ ਦਿੱਲੀ (12498) ਸਾਮਲ ਹਨ।), ਅੰਮ੍ਰਿਤਸਰ–ਚੰਡੀਗੜ੍ਹ (12412), ਅੰਮ੍ਰਿਤਸਰ–ਹਾਵੜਾ (13006), ਅੰਮ੍ਰਿਤਸਰ–ਮੁੰਬਈ (12904), ਅੰਮ੍ਰਿਤਸਰ–ਸਹਰਸਾ (15212), ਅੰਮ੍ਰਿਤਸਰ–ਦੇਹਰਾਦੂਨ (14632), ਅੰਮ੍ਰਿਤਸਰ–ਵਿਸਾਖਾਪਟਨਮ (20808) ਅੰਮ੍ਰਿਤਸਰ।

ਇਨ੍ਹਾਂ ਟਰੇਨਾਂ ਨੂੰ ਰੱਦ ਕਰ ਦਿੱਤਾ ਜਾਵੇਗਾ

ਗਰੀਬ ਰੱਥ (12204), ਅੰਮ੍ਰਿਤਸਰ–ਨਾਂਦੇੜ (12716), ਅੰਮ੍ਰਿਤਸਰ–ਨਵੀਂ ਦਿੱਲੀ (12014), ਅੰਮ੍ਰਿਤਸਰ–ਚੰਡੀਗੜ੍ਹ (12242), ਅੰਮ੍ਰਿਤਸਰ–ਮੁੰਬਈ (11058), ਅੰਮ੍ਰਿਤਸਰ–ਜੈਨਗਰ (04652) ਰੇਲਗੱਡੀ ਅੰਮ੍ਰਿਤਸਰ ਤੋਂ ਸਹਰਸਾ ਤੱਕ ਨਹੀਂ ਚੱਲੇਗੀ।

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਪ੍ਰਧਾਨ ਸਤਨਾਮ ਸਿੰਘ ਪੰਨੂੰ ਤੇ ਜਨਰਲ ਸਕੱਤਰ ਸਰਵਨ ਸਿੰਘ ਪੰਧੇਰ ਨੇ ਧਰਨਾ ਹਟਾਉਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਕਿਸਾਨਾਂ ਨਾਲ ਬੈਠਕ ਕਰ ਕੇ ਉਨ੍ਹਾਂ ਦੀਆਂ ਮੰਗਾਂ ਇਕ ਹਫ਼ਤੇ ’ਚ ਪੂਰੀਆਂ ਕਰਨ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਅੰਦੋਲਨ ਚਾਰ ਜਨਵਰੀ ਤਕ ਮੁਲਤਵੀ ਕੀਤਾ ਗਿਆ ਹੈ ਤੇ ਸਰਕਾਰ ਦੀ ਨੀਅਤ ਦੇਖੀ ਜਾਵੇਗੀ। ਜੇਕਰ ਇਨ੍ਹਾਂ ਸੱਤ ਦਿਨਾਂ ’ਚ ਕਿਸਾਨਾਂ ਦੇ ਮਸਲੇ ਹੱਲ ਨਾ ਕੀਤੇ ਗਏ ਤਾਂ ਮੁੜ ਰੇਲਾਂ ਦਾ ਚੱਕਾ ਜਾਮ ਕਰ ਦਿੱਤਾ ਜਾਵੇਗਾ। ਨਾਲ ਹੀ ਉਨ੍ਹਾਂ ਟ੍ਰੇਨਾਂ ਬੰਦ ਹੋਣ ਨਾਲ ਯਾਤਰੀਆਂ ਨੂੰ ਹੋਈ ਪਰੇਸ਼ਾਨੀ ’ਤੇ ਅਫਸੋਸ ਪ੍ਰਗਟਾਇਆ।

ਮੁੱਖ ਮੰਤਰੀ ਨਾਲ ਹੋਈ ਬੈਠਕ ’ਚ ਕਿਸਾਨਾਂ ਨੇ ਬਾਸਮਤੀ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਵੀ ਕਪਾਹ ਦੀ ਤਰਜ਼ ’ਤੇ 17 ਹਜ਼ਾਰ ਰੁਪਏ ਪ੍ਰਤੀ ਏਕੜ ਕਰਨ ਦੀ ਮੰਗ ਕੀਤੀ। ਸਾਉਣੀ ਦੀ ਫ਼ਸਲ ਦੌਰਾਨ ਹੋਈ ਗੜੇਮਾਰੀ ਨਾਲ ਬਾਸਮਤੀ ਦੀ ਫ਼ਸਲ ਦਾ ਕਾਫ਼ੀ ਨੁਕਸਾਨ ਹੋ ਗਿਆ ਸੀ। ਦੋਵੇਂ ਕਿਸਾਨ ਆਗੂਆਂ ਨੇ ਕਿਹਾ ਕਿ ਦਿੱਲੀ ਪੁਲਿਸ ਤੇ ਆਰਪੀਐੱਫ ਵੱਲੋਂ ਕਿਸਾਨ ਅੰਦੋਲਨ ਦੌਰਾਨ ਦਰਜ ਹੋਏ ਕੇਸਾਂ ਨੂੰ ਵਾਪਸ ਲੈਣ, ਜਿਨ੍ਹਾਂ ਕਿਸਾਨਾਂ ਦੀ ਮੌਤ ਹੋਈ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਨੌਕਰੀ ਤੇ ਮੁਆਵਜ਼ਾ ਦੇਣ ਤੇ ਉਨ੍ਹਾਂ ਦਾ ਕਰਜ਼ ਮਾਫ਼ ਕਰਨ, ਬੇਜ਼ਮੀਨੇ ਕਿਸਾਨਾਂ ਨੂੰ ਜ਼ਮੀਨਾਂ ਦੀ ਮਲਕੀਅਤ ਵਾਲੇ ਹੱਕ ਦੇਣ ਵਰਗੇ ਮੁੱਦਿਆਂ ’ਤੇ ਲੰਬੀ ਗੱਲ ਹੋਈ ਤੇ ਮੁੱਖ ਮੰਤਰੀ ਨੇ ਉਨ੍ਹਾਂ ਦੀਆਂ ਮੰਗਾਂ ਮੰਨ ਲਈਆਂ।

# ਅਗਾਊਂ ਜ਼ਮਾਨਤ ਮੰਗਣ ਦਾ ਸਭ ਨੂੰ ਅਧਿਕਾਰ, ਮਜੀਠੀਆ ਵੀ ਅਧਿਕਾਰ ਦਾ ਇਸਤੇਮਾਲ ਕਰ ਰਹੇ ਹਨ : ਰੋਮਾਣਾ



ਚੰਡੀਗੜ੍ਹ, (ਪੱਤਰ ਪ੍ਰੇਰਕ)- ਯੂਥ ਅਕਾਲੀ ਦਲ ਦੇ ਪ੍ਰਧਾਨ ਪਰਮਬੰਸ ਸਿੰਘ ਰੋਮਾਣਾ ਦਾ ਕਹਿਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇਤਾ ਬਿਕਰਮ ਸਿੰਘ ਮਜੀਠੀਆ ਨੂੰ ਕਿਸੇ ਗੱਲ ਦਾ ਡਰ ਨਹੀਂ ਹੈ ਅਤੇ ਨਾ ਹੀ ਉਹ ਕਿਸੇ ਜਾਂਚ ਤੋਂ ਡਰਦੇ ਹਨ। ਉਹ ਤਾਂ ਮੌਜੂਦਾ ਸਮੇਂ 'ਚ ਕੇਵਲ ਕਾਨੂੰਨ ਦੇ ਤਹਿਤ ਦਿੱਤੇ ਗਏ ਆਪਣੇ ਅਧਿਕਾਰ ਦਾ ਇਸਤੇਮਾਲ ਕਰ ਰਹੇ ਹਨ। ਅਗਾਊਂ ਜ਼ਮਾਨਤ ਮੰਗਣ ਦਾ ਸਭ ਨੂੰ ਅਧਿਕਾਰ ਹੈ। ਕਾਨੂੰਨ ਦੇ ਤਹਿਤ ਅਗਾਊਂ ਜ਼ਮਾਨਤ ਦੀ ਵਿਵਸਥਾ ਰੱਖੀ ਗਈ ਹੈ ਤਾਂ ਉਸ ਦਾ ਇਸਤੇਮਾਲ ਕਰਨਾ ਸਭ ਦਾ ਹੱਕ ਹੈ। ਚੰਡੀਗੜ੍ਹ 'ਚ ਗੱਲਬਾਤ ਕਰਦਿਆਂ ਰੋਮਾਣਾ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਮਜੀਠੀਆ ਵਲੋਂ ਹਾਈ ਕੋਰਟ 'ਚ ਦਰਜ ਕੀਤੀ ਗਈ ਅਗਾਊਂ ਜ਼ਮਾਨਤ ਪਟੀਸ਼ਨ ਸਬੰਧੀ ਪੁੱਛੇ ਗਏ ਸਵਾਲਾਂ ਦਾ ਜਵਾਬ ਦੇ ਰਹੇ ਸਨ। ਰੋਮਾਣਾ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਜਾਣ ਬੁੱਝ ਕੇ ਮਜੀਠੀਆ ਦਾ ਅਕਸ ਖ਼ਰਾਬ ਕਰਨ ਦੀ ਕੋਸ਼ਿਸ਼ ਦੇ ਤਹਿਤ ਚੋਣਾਂ ਤੋਂ ਬਾਅਦ ਲੀਕ ਕਰ ਰਹੀ ਹੈ। ਪੰਜਾਬ 'ਚ ਹਰ ਕੋਈ ਜਾਣਦਾ ਹੈ ਕਿ ਗੈਂਗਸਟਰ ਜੱਗੂ ਭਗਵਾਨਪੁਰੀਆ ਅਤੇ ਵਰਤਮਾਨ ਗ੍ਰਹਿ ਮੰਤਰੀ ਸੁਖਜਿੰਦਰ ਰੰਧਾਵਾ ਨਾਲ ਸਬੰਧਾਂ ਦਾ ਪਰਦਾਫਾਸ਼ ਕਿਸਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਨੇ ਤੱਥਾਂ ਦੀ ਜਾਂਚ ਕੀਤੀ ਤਾਂ ਪਤਾ ਲੱਗਿਆ ਕਿ ਇਹ ਰਿਪੋਰਟ ਸਾਬਕਾ ਪੁਲਸ ਅਧਿਕਾਰੀ ਕੁੰਵਰ ਵਿਜੇ ਪ੍ਰਤਾਪ ਨਾਲ ਤਿਆਰ ਕੀਤੀ ਸੀ। ਉਨ੍ਹਾਂ ਕਿਹਾ ਕਿ ਰਾਜ 'ਚ ਹਰ ਕੋਈ ਜਾਣਦਾ ਹੈ ਕਿ ਕੁੰਵਰ ਵਿਜੇ ਪ੍ਰਤਾਪ ਨੂੰ ਕਿਸ ਨੇ ਸ਼ਹਿ ਦਿੱਤੀ ਅਤੇ ਕਿਸ ਦੇ ਨਿਰਦੇਸ਼ 'ਤੇ ਉਨ੍ਹਾਂ ਨੇ ਇਸ ਤਰ੍ਹਾਂ ਦੀ ਰਿਪੋਰਟ ਤਿਆਰ ਕੀਤੀ। ਯੂਥ ਅਕਾਲੀ ਦਲ ਪ੍ਰਧਾਨ ਨੇ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਦੀ ਅਗਵਾਈ 'ਚ ਅਕਾਲੀ ਦਲ ਨੇ ਭਗਵਾਨਪੁਰੀਆ ਅਤੇ ਹੋਰ ਗੈਂਗਸਟਰਾਂ ਖਿਲਾਫ਼ ਡੀ.ਜੀ.ਪੀ. ਕੋਲ ਸ਼ਿਕਾਇਤ ਦਰਜ ਕਰਾਈ ਸੀ, ਪਰ ਅੱਜ ਤੱਕ ਇਸ ਮਾਮਲੇ 'ਚ ਕੋਈ ਕਾਰਵਾਈ ਨਹੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਚੋਣਾਤਮਕ ਆਧਾਰ 'ਤੇ ਕੰਮ ਕਰਦੀ ਹੈ, ਇਹ ਤੱਥਾਂ ਤੋਂ ਸਾਬਿਤ ਹੁੰਦਾ ਹੈ, ਕਿਉਂਕਿ ਨਾਭਾ ਜੇਲ 'ਚ ਮਾਰੇ ਗਏ ਮਹਿੰਦਰ ਬਿੱਟੂ ਦੀ ਹੱਤਿਆ ਦੇ ਮਾਮਲੇ 'ਚ ਕੋਈ ਕਾਰਵਾਈ ਨਹੀ ਕੀਤੀ ਗਈ ਅਤੇ ਇਸੇ ਤਰ੍ਹਾਂ 2700 ਕਰੋੜ ਰੁਪਏ ਦੇ ਡਰੱਗਜ਼ ਮਾਮਲੇ ਦੇ ਮੁਲਜ਼ਮ ਗੁਰਪਿੰਦਰ ਸਿੰਘ ਦੀ ਹੱਤਿਆ ਕਰ ਦਿੱਤੀ ਗਈ, ਪਰ ਅੱਜ ਤੱਕ ਕੋਈ ਰਿਪੋਰਟ ਦਰਜ ਨਹੀ ਕੀਤੀ ਗਈ। ਰੋਮਾਣਾ ਨੇ ਗ੍ਰਹਿ ਮੰਤਰੀ ਰੰਧਾਵਾ ਨੂੰ ਯਾਦ ਕਰਵਾਇਆ ਕਿ ਇਸ ਸਰਕਾਰ ਕੋਲ ਹੁਣ ਕੁੱਝ ਹੀ ਦਿਨ ਬਾਕੀ ਬਚੇ ਹਨ ਅਤੇ ਸੱਤਾ 'ਚ ਆਉਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ-ਬਸਪਾ ਗਠਜੋੜ ਸਰਕਾਰ ਸਾਰੇ ਝੂਠੇ ਅਤੇ ਨਿਰਾਧਾਰ ਮਾਮਲਿਆਂ ਦੀ ਜਾਂਚ ਦੇ ਹੁਕਮ ਦੇਵੇਗੀ ਅਤੇ ਉਸ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਰੋਮਾਣਾ ਨੇ ਚੁੱਕੇ 5 ਸਵਾਲ, ਮੰਗੇ ਸਰਕਾਰ ਤੋਂ ਜਵਾਬ: ਰੋਮਾਣਾ ਨੇ 5 ਸਵਾਲ ਚੁੱਕਦਿਆਂ ਸਰਕਾਰ ਤੋਂ ਜਵਾਬ ਮੰਗਿਆ ਹੈ। ਰੋਮਾਣਾ ਨੇ ਪੁੱਛਿਆ ਕਿ ਜਿਸ ਅਫ਼ਸਰ ਦੀ ਇੰਪੈਨਲਮੈਂਟ ਯੂ.ਪੀ.ਐੱਸ.ਸੀ. ਵੱਲੋਂ ਰੱਦ ਕੀਤੀ ਜਾਂਦੀ ਹੈ, ਉਨ੍ਹਾਂ ਨੂੰ ਕੁਝ ਦਿਨਾਂ ਲਈ ਪੰਜਾਬ ਦਾ ਡੀ.ਜੀ.ਪੀ. ਲਗਾਉਣ ਦਾ ਕਾਰਣ ਸਰਕਾਰ ਦੱਸੇ? ਜਦੋਂ ਯੂ.ਪੀ.ਐੱਸ.ਸੀ. ਨੇ ਡੀ.ਜੀ.ਪੀ. ਦੇ ਰੈਂਕ ਪੁਲਸਿੰਗ 'ਚ ਤਜਰਬੇ ਨੂੰ ਲੋੜੀਂਦੇ ਤੋਂ ਘੱਟ ਪਾਇਆ ਹੈ ਤਾਂ ਫਿਰ ਪੰਜਾਬ ਨੂੰ ਕਿਸ 'ਚ ਪਾ ਕੇ ਡੀ.ਜੀ.ਪੀ. ਤਾਇਨਾਤ ਕਿਉਂ ਕੀਤਾ ਗਿਆ? ਕਾਂਗਰਸ ਵਿਧਾਇਕ ਪਿੰਕੀ ਨੇ ਮੌਜੂਦਾ ਡੀ.ਜੀ.ਪੀ. 'ਤੇ ਗੰਭੀਰ ਦੋਸ਼ ਲਗਾਏ ਹਨ। ਵਿਧਾਇਕ ਨੇ ਜਾਨ ਦਾ ਖ਼ਤਰਾ ਦੱਸਿਆ ਹੈ, ਤਾਂ ਵਿਧਾਇਕ ਦੇ ਦੋਸ਼ 'ਤੇ ਇੰਕੁਆਇਰੀ ਆਰਡਰ ਕਿਉਂ ਨਹੀਂ ਕੀਤੀ ਗਈ? ਇੰਟੈਲੀਜੈਂਸ ਏਜੰਸੀ ਨੇ ਪੰਜਾਬ ਸਰਕਾਰ ਨੂੰ ਜੋ ਇਨਪੁਟਸ ਦਿੱਤੇ, ਉਨ੍ਹਾਂ ਇਨਪੁਟਸ 'ਤੇ ਕਾਰਵਾਈ ਕਿਉਂ ਨਹੀਂ ਕੀਤੀ ਗਈ? ਜਿਸ ਮੌਜੂਦਾ ਗ੍ਰਹਿ ਮੰਤਰੀ ਅਤੇ ਸਾਬਕਾ ਜੇਲ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਕਾਰਜਕਾਲ 'ਚ ਜੇਲਾਂ 'ਚ ਮਰਡਰ ਹੋਏ, ਡਰੱਗਜ਼ ਰੈਕੇਟ ਚੱਲੇ, ਉਸ ਜੇਲ ਮੰਤਰੀ ਖਿਲਾਫ਼ ਕਾਰਵਾਈ ਕਿਉਂ ਨਹੀਂ ਹੋਈ?

# ਪੰਜਾਬ ਦੀ ਵਾਗਡੋਰ ਕਾਬਲ ਮੁੱਖ ਮੰਤਰੀ ਦੇ ਹੱਥ 'ਚ : ਬ੍ਰਮ ਮਹਿੰਦਰਾ



ਨਾਭਾ, (ਪੱਤਰ ਪ੍ਰੇਰਕ)-ਪੰਜਾਬ ਤੇ ਸਥਾਨਕ ਸਰਕਾਰਾਂ, ਸੰਸਦੀ ਮਾਮਲੇ, ਚੋਣਾਂ ਤੇ ਸ਼ਿਕਾਇਤ ਨਿਵਾਰਨ ਮੰਤਰੀ ਬ੍ਰਮ ਮਹਿੰਦਰਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ 'ਚ ਰਾਜ ਦੇ ਹਰ ਵਰਗ ਦੇ ਲੋਕਾਂ ਦੀ ਬਿਹਤਰੀ ਲਈ ਇਤਿਹਾਸਕ ਫੈਸਲੇ ਕੀਤੇ ਹਨ। ਬ੍ਰਮ ਮਹਿੰਦਰਾ ਅੱਜ ਨਾਭਾ ਵਿਖੇ ਨਗਰ ਸੁਧਾਰ ਟਰੱਸਟ ਦੀ ਨਵੀਂ ਵਿਕਸਤ ਹੋਣ ਵਾਲੀ ਸਕੀਮ 'ਮਾਤਾ ਚਿੰਤਪੂਰਨੀ ਕਮਰਸ਼ੀਅਲ ਕੰਪਲੈਕਸ' ਦਾ ਨੀਂਹ ਪੱਥਰ ਰੱਖਣ ਪੁੱਜੇ ਹੋਏ ਸਨ। ਮਹਿੰਦਰਾ ਨੇ ਪਟਿਆਲਾ ਗੇਟ ਨੇੜੇ 6 ਕਨਾਲ 11 ਮਰਲੇ 'ਚ ਵਿਕਸਤ ਕੀਤੀ ਜਾ ਰਹੀ ਇਸ 28 ਵਪਾਰਕ ਸ਼ੋਅ ਰੂਮਜ਼ ਵਾਲੀ ਸਕੀਮ ਦੀ ਸ਼ੁਰੂਆਤ ਸਾਬਕਾ ਮੰਤਰੀ ਤੇ ਹਲਕਾ ਵਿਧਾਇਕ ਸਾਧੂ ਸਿੰਘ ਧਰਮਸੋਤ, ਨਗਰ ਸੁਧਾਰ ਟਰਸਟ ਦੇ ਚੇਅਰਮੈਨ ਅਮਰਦੀਪ ਸਿੰਘ ਖੰਨਾ ਤੇ ਨਗਰ ਕੌਂਸਲ ਦੇ ਪ੍ਰਧਾਨ ਰਜਨੀਸ਼ ਮਿੱਤਲ ਸ਼ੈਂਟੀ ਦੀ ਮੌਜੂਦਗੀ 'ਚ ਕਰਵਾਈ। ਉਨ੍ਹਾਂ ਨੇ ਨਗਰ ਸੁਧਾਰ ਟਰਸਟ ਤੇ ਨਗਰ ਕੌਂਸਲ ਨੂੰ ਇਸ ਪ੍ਰਾਜੈਕਟ ਦੀ ਸ਼ੁਰੂਆਤ ਕਰਨ ਲਈ ਵਧਾਈ ਦਿੰਦਿਆਂ ਕਿਹਾ ਕਿ ਸ਼ਹਿਰ ਦੇ ਲੋਕਾਂ ਨੂੰ ਇਸ ਦਾ ਬਹੁਤ ਵੱਡਾ ਲਾਭ ਪੁੱਜੇਗਾ। ਸਥਾਨਕ ਸਰਕਾਰਾਂ ਮੰਤਰੀ ਮਹਿੰਦਰਾ ਨੇ ਇਸ ਤੋਂ ਮਗਰੋਂ ਰੋਟਰੀ ਕਲੱਬ ਵਿਖੇ ਕਰਵਾਏ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਪੰਜਾਬ ਦੀ ਇਹ ਖੁਸ਼ਕਿਸਮਤੀ ਹੈ ਕਿ ਰਾਜ ਦੀ ਵਾਗਡੋਰ ਇਕ ਕਾਬਲ ਮੁੱਖ ਮੰਤਰੀ ਦੇ ਹੱਥਾਂ 'ਚ ਹੈ, ਜੋ ਕਿ ਸੂਬੇ ਦੇ ਲੋਕਾਂ ਦੀ ਤਰੱਕੀ ਬਾਬਤ ਫ਼ਿਕਰਮੰਦ ਹਨ। ਉਨ੍ਹਾਂ ਦੱਸਿਆ ਮੁਲਾਜ਼ਮ ਪੱਖੀ ਪੰਜਾਬ ਸਰਕਾਰ ਨੇ ਰਾਜ ਦੇ 36000 ਕੱਚੇ ਕਰਮਚਾਰੀ ਪੱਕੇ ਕੀਤੇ ਹਨ, ਜਦ ਕਿ ਆਪਣੀ ਜਾਨ ਜ਼ੋਖਮ 'ਚ ਪਾ ਕੇ ਸੀਵਰੇਜ ਦੀ ਸਫ਼ਾਈ ਦਾ ਕੰਮ ਕਰਨ ਵਾਲਿਆਂ ਨੂੰ ਪੱਕੇ ਕਰਨ ਤੋਂ ਇਲਾਵਾ ਉਨ੍ਹਾਂ ਦਾ ਜੀਵਨ ਬੀਮਾ ਕਰਨ ਦੀ ਵੀ ਤਜਵੀਜ਼ ਹੈ। ਉਨ੍ਹਾਂ ਨੇ ਸਫਾਈ ਕਾਮਿਆਂ ਦੀ ਭਰਵੀਂ ਸ਼ਲਾਘਾ ਕੀਤੀ, ਜਿਨ੍ਹਾਂ ਨੇ ਕੋਵਿਡ 'ਚ ਵੀ ਸਫ਼ਾਈ ਦਾ ਕੰਮ ਬਾਖ਼ੂਬੀ ਕੀਤਾ।ਬ੍ਰਮ ਮਹਿੰਦਰਾ ਤੇ ਸਾਧੂ ਸਿੰਘ ਧਰਮਸੋਤ ਨੇ ਇਸ ਗੱਲ ਨੂੰ ਸਿਰੇ ਦੀ ਝੂਠੀ ਗੱਪ ਕਰਾਰ ਦਿੱਤਾ ਕਿ ਉਹ ਕਾਂਗਰਸ ਪਾਰਟੀ ਨੂੰ ਛੱਡ ਕੇ ਕਿਸੇ ਹੋਰ ਪਾਰਟੀ 'ਚ ਜਾ ਰਹੇ ਹਨ। ਉਨ੍ਹਾਂ ਕਿਹਾ ਉਨ੍ਹਾਂ ਦੀ ਪਾਰਟੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਕਰ ਕੇ ਲੋਕਾਂ ਦਾ ਵਿਸ਼ਵਾਸ ਹਾਸਲ ਹੈ ਅਤੇ ਕਾਂਗਰਸ ਮੁੜ ਤੋਂ ਸੂਬੇ 'ਚ ਸਰਕਾਰ ਬਣਾਏਗੀ।ਬ੍ਰਮ ਮਹਿੰਦਰਾ ਦਾ ਸਵਾਗਤ ਕਰਦਿਆਂ ਸਾਧੂ ਸਿੰਘ ਧਰਮਸੋਤ ਨੇ ਕਿਹਾ ਪੰਜਾਬ ਸਰਕਾਰ ਨੇ ਨਾਭਾ ਸ਼ਹਿਰ ਸਮੇਤ ਪੂਰੇ ਹਲਕੇ 'ਚ ਵਿਕਾਸ ਕਾਰਜਾਂ ਲਈ ਹਮੇਸ਼ਾ ਖੁੱਲ੍ਹੇ ਫੰਡ ਦਿੱਤੇ ਹਨ ਤੇ ਸ਼ਹਿਰ 'ਚ ਕੋਈ ਵਿਕਾਸ ਕਾਰਜ ਅਧੂਰਾ ਨਹੀਂ ਰਹੇਗਾ। ਇੰਪਰੂਵਮੈਂਟ ਟਰਸਟ ਦੇ ਚੇਅਰਮੈਨ ਅਮਰਦੀਪ ਸਿੰਘ ਖੰਨਾ ਨੇ ਦੱਸਿਆ ਇਹ ਜਗ੍ਹਾ ਨਗਰ ਕੌਂਸਲ ਦੀ ਸੀ, ਜਿਸ ਨੂੰ ਪ੍ਰਧਾਨ ਰਜਨੀਸ਼ ਮਿੱਤਲ ਦੀ ਅਗਵਾਈ ਹੇਠ ਦੋਵਾਂ ਸਥਾਨਕ ਇਕਾਈਆਂ ਨੇ ਮਿਲ ਕੇ ਵਿਕਸਤ ਕਰਨ ਦਾ ਸਾਂਝਾ ਫੈਸਲਾ ਕੀਤਾ। ਉਨ੍ਹਾਂ ਦੱਸਿਆ ਇੱਥੇ 28 ਸ਼ੋਅ ਰੂਮ ਬਣ ਰਹੇ ਹਨ, ਜਿਨ੍ਹਾਂ ਦੀ ਰਾਖਵੀਂ ਕੀਮਤ 87000 ਰੁਪਏ ਵਰਗ ਗਜ ਮਿੱਥੀ ਗਈ ਹੈ ਅਤੇ ਇਨ੍ਹਾਂ ਦੀ ਆਨਲਾਈਨ ਬੋਲੀ ਹੋ ਰਹੀ ਹੈ ਜਦ ਕਿ 8 ਦੀ ਵਿਕਰੀ ਹੋ ਚੁੱਕੀ ਹੈ। ਇਸ ਮੌਕੇ ਨਗਰ ਸੁਧਾਰ ਟਰਸਟ ਪਟਿਆਲਾ ਦੇ ਚੇਅਰਮੈਨ ਸੰਤ ਬਾਂਗਾ, ਕਾਂਗਰਸ ਦੇ ਅਬਜ਼ਰਵਰ ਸੰਜੇ ਠਾਕੁਰ, ਚਰਨਜੀਤ ਬਾਤਿਸ਼, ਚੇਅਰਮੈਨ ਜਗਜੀਤ ਸਿੰਘ ਦੁਲੱਦੀ, ਟਰਸਟੀ ਕ੍ਰਿਸ਼ਨ ਲਾਲ, ਅੰਜਨਾ ਬਾਤਿਸ਼, ਨੀਰੂ ਸ਼ਰਮਾ, ਧਰਮਪਾਲ ਮਿੱਤਲ, ਪ੍ਰਮੋਦ ਕੁਮਾਰ ਜਿੰਦਲ, ਐੱਸਡੀਐੱਮ ਕੰਨੂ ਗਰਗ, ਡੀਐੱਸਪੀ ਰਜੇਸ਼ ਛੱਬੜ, ਕਾਰਜ ਸਾਧਕ ਅਫ਼ਸਰ ਯਾਦਵਿੰਦਰ ਸ਼ਰਮਾ, ਐੱਸਡੀਓ ਇੰਦਰਪਾਲ ਸਿੰਘ ਸਮੇਤ ਕੌਂਸਲਰ ਤੇ ਹੋਰ ਪਤਵੰਤੇ ਮੌਜੂਦ ਸਨ।

# ਪੰਜਾਬ ਨੂੰ ਬਚਾਉਣ ਲਈ ਸੂਬੇ 'ਚ ਭਾਜਪਾ ਸਰਕਾਰ ਜ਼ਰੂਰੀ : ਮਨਜਿੰਦਰ ਸਿੰਘ ਸਿਰਸਾ



ਚੰਡੀਗੜ੍ਹ , (ਸੁਰਿੰਦਰ ਸਿੰਘ)-ਭਾਜਪਾ ਦੇ ਸਿੱਖ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਅੱਜ ਕਿਹਾ ਕਿ ਪੰਜਾਬ ਨੂੰ ਹੋਰ ਤਬਾਹੀ ਤੋਂ ਬਚਾਉਣ ਵਾਸਤੇ ਸੂਬੇ ਵਿਚ ਭਾਜਪਾ ਸਰਕਾਰ ਦਾ ਬਣਨਾ ਜ਼ਰੂਰੀ ਹੈ। ਇਥੇ ਜਾਰੀ ਕੀਤੇ ਇਕ ਬਿਆਨ 'ਚ ਸਿਰਸਾ ਨੇ ਕਿਹਾ ਕਿ ਜੇਕਰ ਭਾਜਪਾ ਨੇ ਸੂਬੇ ਦੀ ਵਾਗਡੋਰ ਸੰਭਾਲੀ ਹੁੰਦੀ ਤਾਂ ਹਾਲਾਤ ਵੱਖਰੇ ਹੁੰਦੇ । ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦੇ ਸਿਰ 4 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਸੂਬੇ ਨੂੰ ਨਸ਼ਿਆਂ ਦਾ ਮਸਲਾ ਤੇ ਗੈਂਗਸਟਰ ਸੱਭਿਆਚਾਰ ਦਰਪੇਸ਼ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਨੂੰ ਤਰੱਕੀ ਦੇ ਅਗਲੇ ਪੜਾਅ 'ਚ ਲੈ ਕੇ ਜਾਣਾ ਹੈ ਤਾਂ ਫਿਰ ਇਹ ਮਸਲੇ ਹੱਲ ਕਰਨੇ ਪੈਣਗੇ। ਸਿਰਸਾ ਨੇ ਕਿਹਾ ਕਿ ਭਾਜਪਾ ਇਹ ਸਮਝਦੀ ਹੈ ਕਿ ਪੰਜਾਬ ਤੇ ਇਸ ਦੇ ਲੋਕਾਂ ਦੀ ਦੇਸ਼ ਅਤੇ ਦੁਨੀਆ ਵਾਸਤੇ ਅਹਿਮੀਅਤ ਕੀ ਹੈ ਤੇ ਸਿਰਫ ਭਾਜਪਾ ਹੀ ਸੂਬੇ ਨੂੰ ਤਰੱਕੀ ਦੇ ਰਾਹ ਲੈ ਕੇ ਜਾ ਸਕਦੀ ਹੈ ਤੇ ਸੂਬੇ ਨੂੰ ਦਰਪੇਸ਼ ਮੁਸ਼ਕਿਲਾਂ ਤੋਂ ਇਸ ਦਾ ਖਹਿੜਾ ਛੁਡਾ ਸਕਦੀ ਹੈ। ਉਨ੍ਹਾਂ ਕਿਹਾ ਕਿ ਹੋਰ ਪਾਰਟੀਆਂ 'ਚ ਸੰਨ੍ਹ ਲਾਉਣ ਦੇ ਦਾਅਵੇ ਬਿਲਕੁਲ ਗਲਤ ਹਨ ਅਤੇ ਜਿਹੜੇ ਵੀ ਪੰਜਾਬ ਤੇ ਇਸ ਦੇ ਲੋਕਾਂ ਦੀ ਭਲਾਈ ਸੋਚਦੇ ਹਨ, ਉਹ ਭਾਜਪਾ 'ਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਵੱਖ-ਵੱਖ ਪਾਰਟੀਆਂ ਦੇ ਆਗੂ ਘਟੀਆ ਰਾਜਨੀਤੀ ਕਰ ਰਹੇ ਹਨ ਤੇ ਕੋਈ ਪੁਲਸ ਨੂੰ ਮਾੜਾ ਆਖ ਰਿਹਾ ਹੈ ਤੇ ਕੋਈ ਲੋਕਾਂ ਨੂੰ ਖੁਸ਼ ਕਰਨ ਵਾਸਤੇ ਭੰਗੜੇ ਪਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਸੰਜੀਦਾ ਲੀਡਰਸ਼ਿਪ ਦੀ ਜ਼ਰੂਰਤ ਹੈ, ਜੋ ਪੰਜਾਬ ਦੀਆਂ ਸਮੱਸਿਆਵਾਂ ਸਮਝਦੀ ਹੋਵੇ, ਇਸ ਦੇ ਭੂਗੋਲਿਕ ਮਸਲੇ ਸਮਝਦੀ ਹੋਵੇ ਤੇ ਇਸ ਦੇ ਮਸਲੇ ਹੱਲ ਕਰ ਸਕਦੀ ਹੋਵੇ। ਸਿਰਸਾ ਨੇ ਕਿਹਾ ਕਿ ਸੂਬੇ ਨੂੰ ਅੱਜ ਭਾਜਪਾ ਸਰਕਾਰ ਦੀ ਜ਼ਰੂਰਤ ਹੈ।ਉਨ੍ਹਾਂ ਕਿਹਾ ਕਿ ਸਮੇਂ ਦੇ ਸ਼ਾਸਕਾਂ ਨੇ ਇਸ ਸੂਬੇ ਦਾ ਵੱਡਾ ਨੁਕਸਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਅੱਜ ਭਾਜਪਾ ਇਹ ਸੋਚਦੀ ਹੈ ਕਿ ਇਸ ਵੱਲੋਂ ਆਪਣੇ ਭਾਈਵਾਲਾਂ ਨੂੰ ਰਾਜ ਸੱਤਾ ਚਲਾਉਣ ਦੇਣ ਦਾ ਪੰਜਾਬ ਨੂੰ ਵੱਡਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਤੁਲਨਾ ਹਿਮਾਚਲ ਪ੍ਰਦੇਸ਼ ਜਾਂ ਓਡਿਸ਼ਾ ਸਮੇਤ ਹੋਰ ਸੂਬਿਆਂ ਨਾਲ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸਿਰਫ ਦੇਸ਼ ਹੀ ਨਹੀਂ ਬਲਕਿ ਪੂਰੇ ਵਿਸ਼ਵ 'ਚ ਬਹੁਤ ਮਹੱਤਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਿਆ ਗਿਆ ਸੀ ਤਾਂ ਅਮਰੀਕਾ ਦੇ ਰਾਸ਼ਟਰਪਤੀ ਨੇ ਵੀ ਇਸ ਦੀ ਵਡਿਆਈ ਕੀਤੀ ਸੀ। ਉਨ੍ਹਾਂ ਕਿਹਾ ਕਿ ਭਾਜਪਾ ਸਮਝਦੀ ਹੈ ਕਿ ਇਹ ਢੁੱਕਵਾਂ ਸਮਾਂ ਹੈ, ਸੂਬੇ ਨੂੰ ਸਹੀ ਰਾਹ ਪਾਇਆ ਜਾਵੇ ਅਤੇ ਲੋਕ ਸਮਝਣ ਕਿ ਭਾਜਪਾ ਇਸ ਦੇ ਲਈ ਕਿੰਨੀ ਸੰਜੀਦਾ ਹੈ। ਉਨ੍ਹਾਂ ਕਿਹਾ ਕਿ ਆਉਂਦੀਆਂ ਚੋਣਾਂ ਤੋਂ ਬਾਅਦ ਸੂਬੇ 'ਚ ਭਾਜਪਾ ਦਾ ਆਪਣਾ ਮੁੱਖ ਮੰਤਰੀ ਹੋਵੇਗਾ, ਜੋ ਸੂਬੇ ਦੀ ਤਰੱਕੀ, ਲੋਕਾਂ ਦੀ ਭਲਾਈ ਤੇ ਸੂਬੇ ਦੀ ਖੁਸ਼ਹਾਲੀ ਵਾਸਤੇ ਕੰਮ ਕਰੇਗਾ।

## ਮੰਤਰੀ ਮੰਡਲ ਵੱਲੋਂ ਪੰਜਾਬ ਕੋਆਪਰੇਟਿਵ ਆਡਿਟ (ਗਰੁੱਪ-ਬੀ) ਸਰਵਿਸ ਰੂਲਜ਼ 'ਚ ਸੋਧ ਨੂੰ ਪ੍ਰਵਾਨਗੀ

ਚੰਡੀਗੜ੍ਹ , (ਸੁਰਿੰਦਰ ਸਿੰਘ)- ਕਰਮਚਾਰੀਆਂ ਦੇ ਹਿੱਤਾਂ ਤੇ ਸਹਿਕਾਰਤਾ ਵਿਭਾਗ ਦੇ ਕੰਮਕਾਜ ਵਿਚ ਕੁਸ਼ਲਤਾ ਨੂੰ ਯਕੀਨੀ ਬਣਾਉਣ ਲਈ ਪ੍ਰਸ਼ਾਸਕੀ ਲੋੜ ਨੂੰ ਧਿਆਨ ਵਿਚ ਰੱਖਦਿਆਂ, ਪੰਜਾਬ ਮੰਤਰੀ ਮੰਡਲ ਨੇ ਅੱਜ ਪੰਜਾਬ ਕੋਆਪਰੇਟਿਵ ਆਡਿਟ (ਗਰੁੱਪ-ਬੀ) ਸਰਵਿਸ ਰੂਲਜ਼, 2016 ਵਿਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਹ ਫੈਸਲਾ ਅੱਜ ਸ਼ਾਮ ਇੱਥੇ ਪੰਜਾਬ ਭਵਨ ਵਿਖੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਅਨੁਸਾਰ ਵਿਭਾਗ ਦੇ ਪੁਨਰਗਠਨ ਕਾਰਨ ਉਪਬੰਧਾਂ ਵਿੱਚ ਕੀਤੀ ਗਈ ਸੋਧ ਨਾਲ ਆਡਿਟ ਅਫਸਰ, ਸੁਪਰਡੈਂਟ ਗ੍ਰੇਡ-2, ਸੀਨੀਅਰ ਆਡੀਟਰ, ਇੰਸਪੈਕਟਰ ਆਡਿਟ ਤੇ ਸੀਨੀਅਰ ਸਹਾਇਕ ਦੀਆਂ ਅਸਾਮੀਆਂ ਲਈ ਸਿੱਧੇ/ਪ੍ਰਮੋਸ਼ਨਲ ਮੌਕੇ ਪ੍ਰਦਾਨ ਹੋਣਗੇ।

# ਅਧਿਆਪਕਾਂ ਦਾ ਧਰਨਾ ਤੇ ਭੁੱਖ ਹੜਤਾਲ 28ਵੇਂ ਦਿਨ 'ਚ ਦਾਖਲ



ਅੰਮ੍ਰਿਤਸਰ, (ਰਵੀ ਠਾਕੁਰ)-ਪੰਜਾਬ ਚੰਡੀਗੜ੍ਹ ਕਾਲਜ ਟੀਚਰਜ਼ ਯੂਨੀਅਨ ਦੇ ਸੱਦੇ 'ਤੇ ਬੀਤੇ 28 ਦਿਨਾਂ ਤੋਂ 7ਵੇਂ ਪੇਅ ਕਮਿਸ਼ਨ ਨੂੰ ਲਾਗੂ ਅਤੇ ਡੀਲੰਕਿੰਗ ਨੂੰ ਖ਼ਤਮ ਕਰਵਾਉਣ ਅਤੇ ਕਈ ਹੋਰ ਭੱਖਦੇ ਮਸਲਿਆਂ ਤੇ ਮੰਗਾਂ ਨੂੰ ਲੈ ਕੇ ਸੰਘਰਸ਼ ਅਤੇ ਘੋਲ ਦਾ ਰਾਹ ਅਪਣਾਈ ਬੈਠੇ ਉੱਚ ਵਿੱਦਿਅਕ ਅਧਿਆਪਕ ਵਰਗ ਦੇ ਜ਼ਿਲ੍ਹਾ ਪੱਧਰੀ ਰੋਸ ਧਰਨੇ ਤੇ ਭੁੱਖ ਹੜਤਾਲ ਦਾ ਸਿਲਸਿਲਾ ਜਿੱਥੇ ਮਰਜ਼ ਦਾ ਰੂਪ ਧਾਰਨ ਕਰੀ ਬੈਠੇ ਹਨ। ਉੱਥੇ ਹੁਣ ਇਹ ਰੋਸ ਪ੍ਰਦਰਸ਼ਨ ਪਹਿਲੇ ਦਿਨਾਂ ਦੇ ਮੁਕਾਬਲੇ ਹੋਰ ਵੀ ਤਿੱਖੇ ਅਤੇ ਤੇਜ਼ ਹੁੰਦੇ ਜਾ ਰਹੇ ਹਨ। ਜੀਐੱਨਡੀਯੂ ਦੇ ਮੁੱਖ ਗੇਟ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਐਸੋਸੀਏਸ਼ਨ ਦੇ ਪ੍ਰਬੰਧਾਂ ਹੇਠ ਸ਼ਹਿਰ ਦੇ ਵੱਖ-ਵੱਖ ਕਾਲਜਾਂ ਤੋਂ ਇਕੱਠੇ ਹੋਏ ਮਹਿਲਾ ਪੁਰਸ਼ ਉੱਚ ਵਿੱਦਿਅਕ ਅਧਿਆਪਕਾਂ ਨੇ ਅੱਜ ਫਿਰ ਜੰਮ ਕੇ ਸਰਕਾਰ ਨੂੰ ਕੋਸਿਆ। ਇਸ ਮੌਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੂਮੈਨ ਵਿੰਗ ਕਨਵੀਨਰ ਤੇ ਜ਼ਿਲ੍ਹਾ ਸੈਕਟਰੀ ਪ੍ਰੋ. ਡਾ. ਮੈਡਮ ਸੀਮਾ ਜੇਤਲੀ ਨੇ ਕਿਹਾ ਕਿ ਸਮਾਜ ਦਾ ਸੱਭ ਤੋਂ ਪੜ੍ਹਿਆ ਲਿਖਿਆ ਵਰਗ ਜੋ ਕਿ ਦੇਸ਼ ਦੇ ਕਾਇਦੇ ਕਾਨੂੰਨ ਦੇ ਲਾਗੂ ਹੋਣ ਦੇ ਕਾਰਨਾ ਅਤੇ ਇਸ ਦੀ ਪਰਿਭਾਸ਼ਾ ਨੂੰ ਚੰਗੀ ਤਰ੍ਹਾਂ ਜਾਣਦਾ ਹੈ ਨੂੰ ਅਗਰ ਆਪਣੇ ਹੱਕ ਅਧਿਕਾਰ ਲੈਣ ਦੀ ਖਾਤਿਰ ਸੜਕਾਂ 'ਤੇ ਬੈਠ ਕੇ ਹਾਅ ਦੇ ਨਾਅਰੇ ਲਾਉਣੇ ਪੈ ਰਹੇ ਹਨ ਤਾਂ ਫਿਰ ਹੋਰਨਾਂ ਵਰਗਾਂ ਦਾ ਤਾਂ ਰੱਬ ਹੀ ਰਾਖਾ ਹੈ। ਉਨ੍ਹਾਂ ਕਿਹਾ ਕਿ ਉੱਚ ਵਿੱਦਿਅਕ ਅਧਿਆਪਕ ਵਰਗ ਨੂੰ ਲਗਭਗ ਇੱਕ ਮਹੀਨਾ ਰੋਸ ਧਰਨੇ ਅਤੇ ਭੁੱਖ ਹੜਤਾਲ ਤੇ ਬੈਠਿਆ ਨੂੰ ਹੋ ਗਿਆ ਹੈ ਪਰ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੂੰ ਕੁੰਭਕਰਨੀ ਨੀਂਦ ਤੋਂ ਜਗਾਉਣ ਲਈ ਉੱਚ ਵਿੱਦਿਅਕ ਅਧਿਆਪਕ ਪਹਿਲਾਂ ਹੀ ਰਣਨੀਤੀ ਤੈਅ ਕਰ ਚੁੱਕਾ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਗੁਰਦਾਸ ਸਿੰਘ ਸ਼ੇਖੋਂ, ਏਰੀਆ ਸੈਕਟਰੀ ਪ੍ਰੋ. ਡਾ. ਬੀਬੀ ਯਾਦਵ ਤੇ ਜੀਐਨਡੀਯੂ ਟੀਚਰਜ਼ ਐਸੋਸੀਏਸ਼ਨ ਦੇ ਪ੍ਰਧਾਨ ਪ੍ਰੋ. ਡਾ. ਲਖਵਿੰਦਰ ਸਿੰਘ ਤੇ ਸਕੱਤਰ ਪ੍ਰੋ. ਡਾ. ਐੱਨਪੀਐਸ ਸੈਣੀ ਨੇ ਵੀ ਆਪਣੇ ਵਿਚਾਰ ਰੱਖੇ। ਰੋਸ ਪ੍ਰਦਰਸ਼ਨ ਦੌਰਾਨ ਅਧਿਆਪਕਾਂ ਨੇ ਜੰਮੇ ਕੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ।

# ਸਾਂਝੇ ਫਰੰਟ ਦੇ ਸੱਦੇ 'ਤੇ ਮੁਲਾਜ਼ਮਾਂ ਵੱਲੋਂ ਮੁਕੰਮਲ ਹੜਤਾਲ



ਰਈਆ, (ਪੱਤਰ ਪ੍ਰੇਰਕ)-ਪੰਜਾਬ-ਯੂਟੀ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੱਦੇ 'ਤੇ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਤਹਿਸੀਲ ਬਾਬਾ ਬਕਾਲਾ ਦੀ ਅਗਵਾਈ ਹੇਠ ਆਸ਼ਾ ਵਰਕਰਾਂ, ਫੈਸਿਲੀਟੇਟਰਾਂ, ਮਿਡ-ਡੇ-ਮੀਲ ਵਰਕਰਾਂ, ਜੰਗਲਾਤ ਵਰਕਰਾਂ, ਅਧਿਆਪਕਾਂ ਅਤੇ ਜਲ ਸਪਲਾਈ ਤੇ ਨਹਿਰੀ ਕਾਮਿਆਂ ਨੇ 28- ਦੀ ਦੋ ਰੋਜ਼ਾ ਮੁਕੰਮਲ ਹੜਤਾਲ ਦੀ ਸ਼ੁਰੂਆਤ ਕੀਤੀ ਅਤੇ ਆਪਣੇ ਕੰਮਾਂ ਦਾ ਬਾਈਕਾਟ ਕਰਕੇ ਸਿਵਲ ਹਸਪਤਾਲ ਬਾਬਾ ਬਕਾਲਾ ਵਿਖੇ ਰੋਸ ਰੈਲੀ ਕੀਤੀ ਅਤੇ ਤਹਿਸੀਲ ਕੰਪਲੈਕਸ ਦੇ ਸਾਹਮਣੇ ਜੀਟੀ. ਰੋਡ 'ਤੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਰਥੀ ਫੂਕੀ। ਇਹਨਾ ਰੋਸ ਮੁਜ਼ਾਹਰੇ ਨੂੰ ਸੰਬੋਧਨ ਕਰਦਿਆਂ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਪ੍ਰਧਾਨ ਜਰਮਨਜੀਤ ਸਿੰਘ, ਮਮਤਾ ਸ਼ਰਮਾਂ, ਰਣਜੀਤ ਦੁਲਾਰੀ, ਅਜੀਤਪਾਲ ਸਿੰਘ, ਗੁਰਦੀਪ ਸਿੰਘ ਕਲੇਰ ਅਤੇ ਸੁਖਦੇਵ ਸਿੰਘ ਉਮਰਾਨੰਗਲ ਨੇ ਕਿਹਾ ਕਿ ਪੰਜਾਬ ਸਰਕਾਰ ਸਮੂਹ ਵਿਭਾਗਾਂ ਦੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ, ਮਾਣ ਭੱਤਾ 'ਤੇ ਕੰਮ ਕਰਦੀਆਂ ਆਸ਼ਾ ਵਰਕਰਾਂ, ਮਿਡ-ਡੇ-ਮੀਲ ਵਰਕਰਾਂ ਅਤੇ ਫੈਸਿਲੀਟੇਟਰਾਂ 'ਤੇ ਘੱਟੋ ਘੱਟ ਉਜਰਤਾਂ ਦਾ ਕਾਨੂੰਨ ਲਾਗੂ ਕਰਨ, ਪੁਰਾਣੀ ਪੈਨਸ਼ਨ ਬਹਾਲ ਕਰਨ ਅਤੇ ਛੇਵੇਂ ਤਨਖਾਹ ਕਮਿਸ਼ਨ ਨਾਲ ਸਬੰਧਿਤ ਮੰਗਾਂ ਦਾ ਕੋਈ ਵੀ ਨਿਪਟਾਰਾ ਕਰਨ ਵਿੱਚ ਡੰਗ ਟਪਾਊ ਨੀਤੀ 'ਤੇ ਚੱਲ ਰਹੀ ਹੈ। ਇਸ ਮੌਕੇ ਕੇਵਲ ਸਿੰਘ ਲੋਹਗੜ੍ਹ, ਸਰਬਜੀਤ ਕੌਰ ਭੋਰਸ਼ੀ, ਪਲਵਿੰਦਰ ਕੌਰ ਵਡਾਲਾ, ਸੁੱਖਾ ਸਿੰਘ ਲੋਹਗੜ੍ਹ, ਮਨੋਹਰ ਲਾਲ ਕਰਤਾਰਪੁਰੀ, ਅਮਰੀਕ ਸਿੰਘ ਜਲ ਸਰੋਤ ਅਤੇ ਲਖਬੀਰ ਸਿੰਘ ਠੱਠੀਆਂ ਨੇ ਕਿਹਾ ਕਿ ਆਸ਼ਾ ਵਰਕਰਾਂ, ਫੈਸਲੀਟੇਟਰਾਂ ਅਤੇ ਮਿਡ-ਡੇ-ਮੀਲ ਵਰਕਰਾਂ ਪਿਛਲੇ ਕਈ ਸਾਲਾਂ ਤੋਂ ਨਿਗੂਣੇ ਭੱਤਿਆਂ ਉਪਰ ਕੰਮ ਕਰ ਰਹੀਆਂ ਹਨ, ਪਰ ਸਰਕਾਰ ਵੱਲੋਂ ਉਹਨਾਂ ਦੀ ਕੋਈ ਸਾਰ ਨਹੀਂ ਲਈ ਜਾ ਰਹੀ। ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਪੰਜਾਬ ਸਰਕਾਰ ਨੇ ਉਹਨਾਂ ਦੀਆਂ ਮੰਗਾਂ ਦਾ ਨਿਪਟਾਰਾ ਨਾ ਕੀਤਾ ਤਾਂ ਸਾਂਝੇ ਫਰੰਟ ਦੀ ਅਗਵਾਈ ਹੇਠ ਪੰਜਾਬ ਦੇ 50 ਹਜ਼ਾਰ ਮੁਲਾਜ਼ਮਾਂ ਵੱਲੋਂ 8 ਜਨਵਰੀ ਨੂੰ ਲਾਡੋਵਾਲ ਟੋਲ ਪਲਾਜ਼ਾ ਲੁਧਿਆਣਾ ਵਿਖੇ ਇਤਿਹਾਸਕ ਰੈਲੀ ਕਰਕੇ ਪੂਰੇ ਦਿਨ ਲਈ ਮੁਕੰਮਲ ਟ੍ਰੈਫਿਕ ਜਾਮ ਰੱਖਿਆ ਜਾਵੇਗਾ। ਇਸ ਰੋਸ ਮੁਜ਼ਾਹਰੇ ਵਿੱਚ ਉਕਤ ਆਗੂਆਂ ਤੋਂ ਇਲਾਵਾ ਜਸਵਿੰਦਰ ਕੌਰ ਮਹਿਤਾ, ਬਲਜੀਤ ਕੌਰ ਬੂਲੇਨੰਗਲ, ਹਰਪ੍ਰੀਤ ਕੌਰ ਰਜਧਾਨ, ਬਾਬਾ ਜਗੀਰ ਸਿੰਘ ਰਧਾਨ, ਸੁੱਚਾ ਸਿੰਘ ਰਜਧਾਨ, ਭੁਪਿੰਦਰ ਸਿੰਘ ਗੱਗੜਭਾਣਾ, ਸਰਬਜੀਤ ਸਿੰਘ ਖਵਾਸਪੁਰ, ਸੁਖਮਿੰਦਰ ਸਿੰਘ ਬਿਆਸ, ਪ੍ਰਭਜੋਤ ਸਿੰਘ ਵੀਲਾ ਬੱਜੂ ਅਤੇ ਕੁਲਵੰਤ ਸਿੰਘ ਜੱਲੂਪੁਰ ਨੇ ਵੀ ਸੰਬੋਧਨ ਕੀਤਾ।

# ਨਵਜੋਤ ਸਿੱਧੂ ਨੂੰ ਕਰਾਰਾ ਜਵਾਬ

ਅੰਮ੍ਰਿਤਸਰ , (ਪੱਤਰ ਪ੍ਰੇਰਕ)- ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਪੰਜਾਬ ਪੁਲਿਸ 'ਤੇ ਕੀਤੀ ਟਿੱਪਣੀ ਤੋਂ ਪੰਜਾਬ ਪੁਲਿਸ ਅਜੇ ਵੀ ਨਾਰਾਜ ਹੈ। ਚੰਡੀਗੜ੍ਹ ਦੇ ਡੀਐਸਪੀ ਤੇ ਜਲੰਧਰ ਦੇ ਐਸਆਈ ਤੋਂ ਬਾਅਦ ਹੁਣ ਸਿੱਧੂ ਦੇ ਵਿਧਾਨ ਸਭਾ ਹਲਕੇ ਅੰਮ੍ਰਿਤਸਰ ਪੂਰਬੀ ਦੇ ਹੌਲਦਾਰ ਸੰਦੀਪ ਸਿੰਘ ਨੇ ਇਸ 'ਤੇ ਇਤਰਾਜ ਜਤਾਇਆ ਹੈ। ਸੰਦੀਪ ਨੇ ਵੀਡੀਓ ਬਣਾ ਕੇ ਕਿਹਾ ਕਿ ਵਿਧਾਨ ਸਭਾ ਚੋਣਾਂ 'ਚ ਉਸ ਨੇ ਸਿੱਧੂ ਨੂੰ ਵੋਟ ਪਾਈ ਸੀ ਪਰ ਹੁਣ ਪੁਲਿਸ 'ਤੇ ਕੀਤੀ ਟਿੱਪਣੀ ਤੋਂ ਉਹ ਦੁਖੀ ਹੈ।

ਹੌਲਦਾਰ ਸੰਦੀਪ ਸਿੰਘ ਨੇ ਕਿਹਾ ਕਿ ਪੰਜਾਬ ਪੁਲਿਸ ਦਾ ਬਹੁਤ ਹੰਕਾਰ ਹੈ, ਇਸ ਨੂੰ ਰੋਲ ਨਾ ਕਰੋ। ਮੇਰੇ ਬਹਾਦਰ ਤੁਹਾਡੀ ਰੱਖਿਆ ਕਰਦੇ ਹਨ। ਤੁਸੀਂ ਬਦਲੇ ਵਿਚ ਉਨ੍ਹਾਂ ਨੂੰ ਕਹਿ ਰਹੇ ਹੋ ਇਹ ਤੁਹਾਡੇ ਅਨੁਕੂਲ ਨਹੀਂ ਹੈ। ਮੈਂ ਤੁਹਾਡੇ ਨਾਲੋਂ ਕਮਜ਼ੋਰ ਹਾਂ। ਭਾਵ ਮੈਂ ਸਕਤੀ ਪੱਖੋਂ ਕਮਜੋਰ ਹਾਂ ਕਿਉਂਕਿ ਤੁਹਾਡੇ ਕੋਲ ਇਸ ਸਮੇਂ ਸਕਤੀ ਹੈ। ਮੈਂ ਵਿਧਾਨ ਸਭਾ ਚੋਣਾਂ 2022 ਵਿਚ ਤੁਹਾਡੇ ਸਵਾਲ ਦਾ ਜਵਾਬ ਦੇਵਾਂਗਾ। ਇਸ ਨੂੰ ਈਸਟ ਹਾਲ ਵਿਚ ਰਹਿੰਦੇ ਹੋਏ ਕਰੀਬ 15 ਸਾਲ ਹੋ ਗਏ ਹਨ ਅਤੇ ਉੱਥੇ 20 ਤੋਂ ਵੱਧ ਪਰਿਵਾਰਾਂ ਨਾਲ ਬਹੁਤ ਚੰਗੇ ਸਬੰਧ ਹਨ।

ਜਲੰਧਰ 'ਚ ਤਾਇਨਾਤ ਐੱਸਆਈ : ਇੱਥੇ ਜਲੰਧਰ ਦੇਹਾਤ ਪੁਲਿਸ 'ਚ ਤਾਇਨਾਤ ਸਬ ਇੰਸਪੈਕਟਰ ਐੱਸਆਈ ਬਲਬੀਰ ਸਿੰਘ ਨੇ ਇੰਟਰਨੈੱਟ ਮੀਡੀਆ 'ਤੇ ਇਕ ਵੀਡੀਓ ਜਾਰੀ ਕਰਦਿਆਂ ਕਿਹਾ ਕਿ ਸਿੱਧੂ ਦੀ ਟਿੱਪਣੀ ਮਨਜੂਰ ਨਹੀਂ ਹੈ। ਉੱਚ ਅਹੁਦੇ 'ਤੇ ਬੈਠੇ ਵਿਅਕਤੀ ਤੋਂ ਅਜਿਹੀ ਭਾਸ਼ਾ ਦੀ ਉਮੀਦ ਨਹੀਂ ਕੀਤੀ ਜਾਂਦੀ। ਸਿੱਧੂ ਦੀ ਇਹ ਟਿੱਪਣੀ ਕਿਸੇ ਇਕ ਐਸਐਚਓ ਲਈ ਨਹੀਂ ਸਗੋਂ ਪੂਰੇ ਪੁਲਿਸ ਵਿਭਾਗ ਲਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਦੀ ਬਹਾਦਰੀ ਦੇ ਕਿੱਸੇ ਕਿਸੇ ਪਛਾਣ ਦੀ ਲੋੜ ਨਹੀਂ ਰੱਖਦੇ। ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਪੰਜਾਬ ਪੁਲਿਸ ਦੇ ਜਵਾਨਾਂ ਨੇ ਅੱਤਵਾਦ ਤੋਂ ਲੈ ਕੇ ਕਰੋਨਾ ਦੌਰ ਤਕ ਆਪਣੀ ਬਹਾਦਰੀ ਦਿਖਾਈ ਪਰ ਹੁਣ ਉਨ੍ਹਾਂ ਦੇ ਬੱਚੇ ਸਵਾਲ ਕਰਦੇ ਹਨ।

# 5157 ਜਣਿਆਂ ਨੇ ਕਰਵਾਇਆ ਕੋਰੋਨਾ ਰੋਕੂ ਟੀਕਾਕਰਨ

ਪਟਿਆਲਾ , (ਰਾਹੁਲ ਸ਼ਰਮਾ)- ਸਿਵਲ ਸਰਜਨ ਡਾ. ਪ੍ਰਿੰਸ ਸੋਢੀ ਤੇ ਜ਼ਿਲ੍ਹਾ ਟੀਕਾਕਰਨ ਅਧਿਕਾਰੀ ਡਾ. ਵੀਨੂੰ ਗੋਇਲ ਨੇ ਦੱਸਿਆ ਕਿ ਅੱਜ ਜ਼ਿਲ੍ਹੇ 'ਚ ਟੀਕਾਕਰਨ ਕੈਂਪਾਂ 'ਚ 5157 ਨਾਗਰਿਕਾਂ ਵੱਲੋਂ ਕੋਵਿਡ ਵੈਕਸੀਨ ਦੇ ਟੀਕੇ ਲਵਾਏ ਗਏ। ਇਸ ਨਾਲ ਜ਼ਿਲ੍ਹੇ 'ਚ ਕੋਵਿਡ ਰੋਕੂ ਟੀਕਾਕਰਨ ਦੀ ਗਿਣਤੀ 16 ਲੱਖ 28 ਹਜ਼ਾਰ 091 ਹੋ ਗਈ ਹੈ। ਉਨ੍ਹਾਂ ਕਿਹਾ ਅੱਜ ਬੁੱਧਵਾਰ ਨੂੰ 18 ਸਾਲ ਤੋਂ ਵੱਧ ਉਮਰ ਦੇ ਨਾਗਰਿਕਾਂ ਦਾ ਕੋਵੀਸ਼ੀਲਡ ਕੋਵਿਡ ਵੈਕਸੀਨ ਨਾਲ ਪਟਿਆਲਾ ਸ਼ਹਿਰ ਦੇ ਅਨੈਕਸੀ ਕਮਿਊਨਿਟੀ ਸਿਹਤ ਕੇਂਦਰ ਮਾਡਲ ਟਾਊਨ, ਅਨੈਕਸੀ ਕਮਿਊਨਿਟੀ ਸਿਹਤ ਕੇਂਦਰ ਤ੍ਰਿਪੜੀ, ਸਰਕਾਰੀ ਰਾਜਿੰਦਰਾ ਹਸਪਤਾਲ, ਡੀਐੱਮਡਬਲਿਊ ਰੇਲਵੇ ਹਸਪਤਾਲ, ਪੁਲਿਸ ਲਾਈਨਜ਼, ਸਮਾਣਾ ਦੇ ਸਬ-ਡਵੀਜ਼ਨ ਹਸਪਤਾਲ, ਨਾਭਾ ਦੇ ਸਬ-ਡਵੀਜ਼ਨ ਹਸਪਤਾਲ, ਰਾਜਪੁਰਾ ਦੇ ਸਿਵਲ ਹਸਪਤਾਲ ਤੋਂ ਇਲਾਵਾ ਬਲਾਕ ਕੋਲੀ, ਭਾਦਸੋਂ, ਕਾਲੋਮਾਜਰਾ, ਹਰਪਾਲਪੁਰ, ਦੁਧਨਸਾਧਾ, ਸ਼ੁਤਰਾਣਾ 'ਚ ਤੇ ਅਧੀਨ ਆਉਂਦੇ ਪਿੰਡਾਂ 'ਚ ਵੀ ਕੋਵਿਡ ਰੋਕੂ ਟੀਕਾਕਰਨ ਕੀਤਾ ਜਾਵੇਗਾ। ਮਾਤਾ ਕੁਸ਼ੱਲਿਆ ਹਸਪਤਾਲ 'ਚ ਇੰਟਰਨੈਸ਼ਨਲ ਸਟੂਡੈਂਟਸ/ਟ੍ਰੈਵਲਰਜ਼ ਨੂੰ ਪਹਿਲੀ ਡੋਜ਼ ਦੇ 28 ਦਿਨਾਂ ਬਾਅਦ ਕੋਵੀਸ਼ੀਲਡ ਵੈਕਸੀਨ ਦੀ ਦੂਸਰੀ ਡੋਜ਼ ਵੀ ਲਾਈ ਜਾਵੇਗੀ।

# ਆਬਾਦੀ ਦੇ ਹਿਸਾਬ ਨਾਲ ਰਾਖਵਾਂਕਰਨ ਦੇਵੇ ਸਰਕਾਰ : ਡਾ. ਮੱਟੂ



ਪਟਿਆਲਾ , (ਰਾਹੁਲ ਸ਼ਰਮਾ)-ਪਿੰਡ ਅਬਲੋਵਾਲ ਵਿਖੇ ਸਿੱਖ ਪੰਥ ਦੇ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਲਾਕੇ ਦੀ ਸੇਵਾ ਸੁਸਾਇਟੀ ਵੱਲੋਂ ਸਮਾਗਮ ਕਰਵਾਇਆ ਗਿਆ। ਇਸ 'ਚ ਮੁੱਖ ਬੁਲਾਰੇ ਦੇ ਤੌਰ 'ਤੇ ਪੰਜਾਬ ਵਿੱਚ ਅਨੁਸੂਚਿਤ ਜਾਤੀ ਲੋਕਾਂ ਦੀ ਪ੍ਰਤੀਨਿਧਤਾ ਕਰ ਰਹੇ ਡਾ. ਅੰਬੇਡਕਰ ਕਰਮਚਾਰੀ ਮਹਾਂਸੰਘ ਦੇ ਸੂਬਾ ਪ੍ਰਧਾਨ ਡਾ. ਜਤਿੰਦਰ ਸਿੰਘ ਮੱਟੂ ਨੇ ਸ਼ਿਰਕਤ ਕੀਤੀ। ਇਸ ਮੌਕੇ ਸ਼ਹੀਦਾਂ ਨੂੰ ਯਾਦ ਕਰਦਿਆਂ ਡਾ. ਜਤਿੰਦਰ ਸਿੰਘ ਮੱਟੂ ਨੇ ਕਿਹਾ ਕਿ ਬਾਬਾ ਜੀਵਨ ਸਿੰਘ ਜੀ ਨੇ ਸਿੱਖ ਧਰਮ 'ਚ ਬਹੁਤ ਵੱਡੀ ਕੁਰਬਾਨੀ ਦਿੱਤੀ ਸੀ, ਜਿਸ ਕਾਰਨ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਇਸ ਕੌਮ ਨੂੰ ਰੰਘਰੇਟੇ ਗੁਰੂ ਕੇ ਬੇਟੇ ਹੋਣ ਦਾ ਮਾਣ ਬਖਸ਼ਿਆ ਸੀ। ਉਨ੍ਹਾਂ ਕਿਹਾ ਪਿੰਡਾਂ 'ਚ ਐੱਸਸੀ ਵਰਗ ਕੋਲ ਆਮ ਬੁਨਿਆਦੀ ਸਹੂਲਤਾਂ ਵੀ ਅਜੇ ਤਕ ਨਹੀਂ ਪਹੁੰਚ ਸਕੀਆਂ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਅਨੁਸੂਚਿਤ ਜਾਤੀਆਂ ਦੀ ਆਬਾਦੀ ਦੇ ਹਿਸਾਬ ਨਾਲ ਬਣਦਾ ਰਾਖਵਾਂਕਰਨ ਦਿੱਤਾ ਜਾਵੇ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਤੋਂ ਜਸਪਾਲ ਸਿੰਘ ਕਲਿਆਣ, ਲੈਕ. ਰਛਪਾਲ ਸਿੰਘ, ਜੇਡੀਐੱਮ ਮਨਪ੍ਰੀਤ ਕੌਰ, ਮੇਵਾ ਸਿੰਘ, ਸ਼ਾਮ ਸਿੰਘ, ਜਸਵਿੰਦਰ ਸਿੰਘ, ਜਗਤਾਰ ਸਿੰਘ, ਬਾਬਾ ਜੀਵਨ ਸਿੰਘ ਵਿਦਿਅਕ ਭਲਾਈ ਟਰੱਸਟ ਤੋਂ ਜਸਪਾਲ ਸਿੰਘ, ਸੁਰਿੰਦਰ ਸਿੰਘ ਸਾਬਕਾ ਲੇਬਰ ਇੰਸਪੈਕਟਰ ਆਦਿ ਹਾਜ਼ਰ ਸਨ।

## ਖ਼ੂਨਦਾਨ ਕੈਂਪ 'ਚ 102 ਸ਼ਰਧਾਲੂਆਂ ਵੱਲੋਂ ਖ਼ੂਨਦਾਨ

ਚੰਡੀਗੜ੍ਹ , (ਸੁਰਿੰਦਰ ਸਿੰਘ)- ਮਾਨਵਤਾ ਦੇ ਭਲੇ ਲਈ ਹਸਪਤਾਲਾਂ 'ਚ ਬਲੱਡ ਪੂਰਾ ਕਰਨ ਲਈ ਪਿੰਡ ਦੰਦਲਾਵੜ ਦੇ ਵਾਸੀਆਂ ਵੱਲੋਂ ਸ੍ਰੀ ਸ਼ਿਵ ਕਾਂਵੜ ਮਹਾਂਸੰਘ ਚੈਰੀਟੇਬਲ ਟਰੱਸਟ ਪੰਚਕੂਲਾ, ਬਲੱਡ ਬੈਂਕ ਸਿਵਲ ਹਸਪਤਾਲ ਪੰਚਕੂਲਾ ਵੈੱਲਫੇਅਰ ਟਰੱਸਟ ਤੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਪੰਚਕੂਲਾ ਦੇ ਸਹਿਯੋਗ 38ਵੇਂ ਜਾਗਰਣ 'ਤੇ ਸ਼ਰਧਾ ਨਾਲ ਖ਼ੂਨਦਾਨ ਕੈਂਪ ਲਾਇਆ ਗਿਆ। ਕੈਂਪ 'ਚ 102 ਸ਼ਰਧਾਲੂਆਂ ਵੱਲੋਂ ਖ਼ੂਨਦਾਨ ਕੀਤਾ ਗਿਆ।ਕੈਂਪ ਦਾ ਉਦਘਾਟਨ ਜੇਜੇਪੀ ਦੇ ਯੂਵਾ ਜ਼ਿਲ੍ਹਾ ਪ੍ਰਧਾਨ ਅਮਿਤ ਸੈਣੀ ਤੇ ਐਡਵੋਕੇਟ ਬਲਬੀਰ ਸੈਣੀ ਸਟੇਟ ਸੈਕਟਰੀ ਯੂਵਾ ਜੇਜੇਪੀ ਵੱਲੋਂ ਸ਼ੁਭ ਕਰ-ਕਮਲਾਂ ਨਾਲ ਕੀਤਾ ਗਿਆ। ਉਨ੍ਹਾਂ ਵੱਲੋਂ ਪਿੰਡਾਂ ਦੇ ਨੌਜਵਾਨਾਂ ਨੂੰ ਸੱਦਾ ਦਿੱਤਾ ਗਿਆ ਕਿ ਉਹ ਖ਼ੂਨਦਾਨ ਦਿਵਸ 'ਤੇ ਇਹ ਪ੍ਰਣ ਜ਼ਰੂਰ ਕਰਨ ਕਿ ਲੋਕ ਸੇਵਾ ਨੂੰ ਮੁੱਖ ਰੱਖਦਿਆਂ ਉਨ੍ਹਾਂ ਵੱਲੋਂ ਹਰ ਸਾਲ ਤਿੰਨ ਜਾਂ ਚਾਰ ਵਾਰ ਨਿਰਵਿਘਨ ਬਲੱਡ ਡੋਨੇਟ ਕਰਨ 'ਚ ਆਪਣਾ ਹਿੱਸਾ ਪਾਉਂਦੇ ਰਹਿਣਗੇ।

# ਪਿੰਡ ਪੰਨੀਵਾਲਾ ਮੋਟਾ 'ਚ ਦਿਨ-ਦਿਹਾੜੇ ਸੋਨੇ ਦੇ ਗਹਿਣੇ ਚੋਰੀ

ਸਿਰਸਾ, (ਪੱਤਰ ਪ੍ਰੇਰਕ)-ਸਿਰਸਾ ਜਲ੍ਹਿਾ ਦੇ ਪਿੰਡ ਪੰਨੀਵਾਲਾ ਮੋਟਾ ਵਿਚ ਦਿਨਦਹਾੜੇ ਨਾਥ ਬਰਾਦਰੀ ਦੀ ਇੱਕ ਮਹਿਲਾ ਦੇ ਘਰੋਂ ਸੋਨੇ ਦੇ ਗਹਿਣੇ ਚੋਰੀ ਹੋ ਗਏ . ਥਾਣਾ ਔਢਾਂ ਪੁਲੀਸ ਵਲੋਂ ਸੁਮਨ ਪਤਨੀ ਜਸਬੀਰ ਨਾਥ ਦੀ ਸਕਿਾਇਤ 'ਤੇ ਅਣਪਛਾਤੇ ਵਿਅਕਤੀ ਦੇ ਖਿਲਾਫ ਕੇਸ ਦਰਜ ਕਰਕੇ ਜਾਂਚ ਸੁਰੂ ਕਰ ਦਿੱਤੀ ਹੈ . ਆਪਣੇ ਬਿਆਨ 'ਚ ਸੁਮਨ ਨੇ ਦੱਸਿਆ ਕਿ ਉਹ ਨੂੰ ਸਵੇਰੇ 9 ਵਜੇ ਆਪਣੀਆਂ ਦੋ ਛੋਟੀ ਲੜਕੀਆਂ ਨੂੰ ਘਰ ਵਿਚ ਛੱਡ ਕੇ ਦਿਹਾੜੀ ਮਜਦੂਰੀ ਕਰਨ ਚੱਲੀ ਗਈ . ਬਾਅਦ ਵਿੱਚ ਲੜਕੀਆਂ ਗਲੀ ਵਿੱਚ ਖੇਡਣ ਚਲੀਆਂ ਗਈਆਂ ਤਾਂ ਪਿੱਛੋਂ ਕੋਈ ਅਣਪਛਾਤਾ ਵਿਅਕਤੀ ਘਰ ਵਿੱਚ ਵੜ ਗਿਆ . ਚੋਰ ਨੇ ਕਮਰੇ ਵਿਚ ਰੱਖੇ ਸੰਦੂਕ ਵਿਚੋਂ ਢਾਈ ਤੋਲਾ ਸੋਨੇ ਦੇ ਗਹਿਣੇ ਚੋਰੀ ਕਰ ਲਏ ਅਤੇ ਫਰਾਰ ਹੋ ਗਿਆ . ਜਾਂਚ ਅਧਿਕਾਰੀ ਅਜੀਤ ਕੁਮਾਰ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ ਪੁਲੀਸ ਵਲੋਂ ਛੇਤੀ ਹੀ ਚੋਰਾਂ ਨੂੰ ਕਾਬੂ ਕਰ ਲਿਆ ਜਾਵੇਗਾ .

# ਦੇਵ ਮਾਨ 'ਆਪ' ਦੇ ਨਾਭਾ ਤੋਂ ਉਮੀਦਵਾਰ




ਨਾਭਾ , (ਪੱਤਰ ਪ੍ਰੇਰਕ)- ਅੱਜ 'ਆਪ' ਵੱਲੋਂ ਐਲਾਨੀ ਉਮੀਦਵਾਰਾਂ ਦੀ ਸੂਚੀ 'ਚ ਗੁਰਦੇਵ ਸਿੰਘ ਦੇਵ ਮਾਨ ਨੂੰ ਰਿਜ਼ਰਵ ਹਲਕਾ ਨਾਭਾ ਤੋਂ ਉਮੀਦਵਾਰ ਬਣਾਇਆ ਹੈ। ਦੇਵ ਮਾਨ ਨੇ ਇਸ ਮੌਕੇ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਦਾ ਧੰਨਵਾਦ ਕੀਤਾ। ਇਸ ਮੌਕੇ ਰਾਣਾ ਨਾਭਾ, ਤਜਿੰਦਰ ਸਿੰਘ, ਗੁਰਪ੍ਰੀਤ ਗੋਪੀ, ਅਸ਼ੋਕ ਅਰੋੜਾ, ਸੰਦੀਪ ਸ਼ਰਮਾ, ਹਰਮੀਕ ਬਾਜਵਾ, ਜੋਗਾ ਸਿੰਘ ਮੈਹਸ, ਸਿਮਰਨ ਚੌਹਾਨ, ਦਵਿੰਦਰ ਸਿੰਘ, ਗੁਰਲਾਲ ਫੈਜਗੜ੍ਹ, ਕਰਮਾ ਟੌਪਰ, ਮਨਦੀਪ ਘਣੀਵਾਲ, ਭੰਗੂ ਫਲੇੜੇ ਵਾਲਾ, ਲਾਭ ਸਿੰਘ, ਬਿੰਦਰ ਬੌੜਾ, ਸੁਖਜੀਤ ਹਾਂਸ, ਮਨਪ੍ਰੀਤ ਕਾਲੀਆ, ਭੁਪਿੰਦਰ ਕੱਲਰਮਾਜਰੀ, ਗੁਲਾਬ ਮਾਨ, ਜਗਤਾਰ ਧਾਰੋਕੀ, ਗੁਰਧਿਆਨ ਗੁਣੀਕੇ, ਰਮਨਦੀਪ ਕੌਰ ਧੀਮਾਨ, ਰਣਵੀਰ ਕੌਰ, ਸੁਖਵਿੰਦਰ ਕੌਰ ਮੌਜੂਦ ਸਨ।

# ਮਿੰਨੀ ਸਕੱਤਰੇਤ 'ਚ ਮੁਲਾਜ਼ਮਾਂ ਨੇ ਕੀਤਾ ਪ੍ਰਦਰਸ਼ਨ



ਰਾਜਪੁਰਾ , (ਪੱਤਰ ਪ੍ਰੇਰਕ)- ਸਬ-ਡਵੀਜ਼ਨ ਕੰਪਲੈਕਸ ਮਿੰਨੀ ਸਕੱਤਰੇਤ ਦੇ ਸਮੂਹ ਵਿਭਾਗਾਂ ਦੇ ਮੁਲਾਜ਼ਮਾਂ ਵੱਲੋਂ ਸਾਂਝਾ ਮੁਲਾਜ਼ਮ ਮੰਚ ਪੰਜਾਬ ਤੇ ਯੂਟੀ ਤੇ ਪੀਐੱਸਐੱਮਐੱਸਯੂ ਜਥੇਬੰਦੀ ਵੱਲੋਂ ਉਲੀਕੇ ਸੰਘਰਸ਼ ਤਹਿਤ ਦੋ ਦਿਨਾਂ ਦੀ ਕਲਮ ਛੋੜ ਹੜਤਾਲ ਦੌਰਾਨ ਪੰਜਾਬ ਸਰਕਾਰ ਵਿਰੁੱਧ ਪ੍ਰਦਰਸ਼ਨ ਕੀਤਾ। ਮੁਲਾਜ਼ਮ ਮੰਚ ਤੋਂ ਕਨਵੀਨਰ ਗੁਰਮੁਖ ਸਿੰਘ, ਐੱਸਡੀਐੱਮ ਦਫਤਰ ਤੋਂ ਨਾਜਰ ਮੁਹੰਮਦ ਹਨੀਫ, ਸੁਪਰਡੈਂਟ ਮੈਡਮ ਹਰਵਿੰਦਰ ਕੌਰ, ਸਟੈਨੋ ਮੀਨੂੰ ਖੰਨਾ, ਗੁਰਜੰਟ ਸਿੰਘ ਰੀਡਰ, ਬਲਬੀਰ ਕੌਰ, ਜਲ ਸਪਲਾਈ ਤੋਂ ਗੁਰਮੀਤ ਸਿੰਘ, ਅਜੀਤ ਸਿੰਘ, ਗਗਨ ਸਿੰਘ, ਰਵਿੰਦਰਪਾਲ, ਗੌਰਮਿੰਟ ਟੀਚਰ ਯੂਨੀਅਨ ਜ਼ਿਲ੍ਹਾ ਪ੍ਰਧਾਨ ਪੁਸ਼ਪਿੰਦਰ ਸਿੰਘ ਹਰਪਾਲਪੁਰ ਨੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਬਹਾਲ ਕਰਨ ਦੀ ਮੰਗ ਕੀਤੀ। ਰੋਸ ਪ੍ਰਦਰਸ਼ਨ 'ਚ ਸਾਂਝਾ ਮੁਲਾਜ਼ਮ ਮੰਚ ਦੇ ਸੰਦੀਪ ਕੁਮਾਰ ਰਾਜਪੁਰਾ, ਰਾਜਿੰਦਰ ਸਿੰਘ, ਸਰਬਜੀਤ ਸਿੰਘ, ਅਮਿਤ, ਸੰਜੀਵ ਕੁਮਾਰ, ਦੀਪਕ ਕੁਮਾਰ, ਹਰਭਜਨ ਸਿੰਘ, ਧਨਰਾਜ, ਵਿਵੇਕ ਕੁਮਾਰ, ਪ੍ਰਦੀਪ ਕੁਮਾਰ, ਸੁਮਿਤ ਕੁਮਾਰ ਕੰਪਿਊਟਰ ਫੈਕਲਟੀ ਸਮੇਤ ਹੋਰਨਾ ਨੇ ਵੀ ਕੰਮਾਂ ਦਾ ਬਾਈਕਾਟ ਕਰ ਕੇ ਰੋਸ ਪ੍ਰਦਰਸ਼ਨ ਕੀਤਾ।

# ਜੀ. ਐਨ. ਜੀ. ਦੀ ਦਿਵਿਆ ਨੇ ਜਿੱਤਿਆ ਚਾਂਦੀ ਦਾ ਤਗਮਾ

ਯਮੁਨਾਨਗਰ, (ਪੱਤਰ ਪ੍ਰੇਰਕ)- ਗੁਰੂ ਨਾਨਕ ਗਰਲਜ ਕਾਲਜ ਛੋਟੀ ਲਾਈਨ ਦੀ ਵਿਦਿਆਰਥਣ ਦਿਵਿਆ ਨੇ ਕੁਰੂਕਸੇਤਰ ਯੂਨੀਵਰਸਿਟੀ ਵਲੋਂ ਕਰਵਾਏ 58ਵੇਂ ਅੰਤਰ ਕਾਲਜ ਸਾਲਾਨਾ ਐਥਲੈਟਿਕ ਮੁਕਾਬਲੇ 2021-2022 'ਚ ਪੰਜ ਕਿਲੋਮੀਟਰ ਪੈਦਲ ਦੌੜ 'ਚ ਚਾਂਦੀ ਦਾ ਤਗਮਾ ਜਿੱਤ ਕੇ ਕਾਲਜ ਦਾ ਨਾਂਅ ਰੌਸਨ ਕੀਤਾ ਹੈ . ਕਾਲਜ ਪਹੁੰਚਣ 'ਤੇ ਕਾਲਜ ਪ੍ਰਬੰਧਕ ਕਮੇਟੀ ਵਲੋਂ ਵਿਦਿਆਰਥੀਆਂ ਦਾ ਸਾਨਦਾਰ ਸਵਾਗਤ ਕੀਤਾ ਗਿਆ . ਇਸ ਮੌਕੇ ਕਾਲਜ ਦੇ ਡਾਇਰੈਕਟਰ ਡਾ. ਵਰਿੰਦਰ ਗਾਂਧੀ ਅਤੇ ਪ੍ਰਿੰ. ਡਾ. ਅਨੂ ਅਤਰੇਜਾ ਨੇ ਵਿਦਿਆਰਥਣ ਨੂੰ ਤਗਮਾ ਦੇ ਕੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ . ਇਸ ਮੌਕੇ ਜਾਣਕਾਰੀ ਦਿੰਦਿਆਂ ਕਾਲਜ ਦੇ ਸਰੀਰਕ ਸਿੱਖਿਆ ਵਿਭਾਗ ਦੀ ਚੇਅਰਪਰਸਨ ਡਾ. ਮੀਨਾਕਸੀ ਗੁਪਤਾ ਨੇ ਦੱਸਿਆ ਕਿ ਵਿਦਿਆਰਥਣ ਦਿਵਿਆ ਨੇ ਇਸ ਤੋਂ ਪਹਿਲਾ ਸੈਸਨ 2019-2020 'ਚ 20 ਕਿਲੋਮੀਟਰ ਪੈਦਲ ਦੌੜ ਮੁਕਾਬਲੇ 'ਚ ਵੀ ਚਾਂਦੀ ਦਾ ਤਗਮਾ ਜਿੱਤਿਆ ਸੀ . ਇੰਨਾ ਹੀ ਨਹੀਂ ਸੈਸਨ 2018-2019 'ਚ ਉਸ ਨੇ ਪੰਜ ਕਿਲੋਮੀਟਰ ਵਾਕ ਈਵੈਂਟ ਮੁਕਾਬਲੇ 'ਚ ਚਾਂਦੀ ਦਾ ਤਗਮਾ ਵੀ ਹਾਸਲ ਕੀਤਾ . ਕਾਲਜ ਦੇ ਡਾਇਰੈਕਟਰ ਡਾ. ਵਰਿੰਦਰ ਗਾਂਧੀ ਨੇ ਵਿਦਿਆਰਥਣ ਦੀ ਇਸ ਕਾਮਯਾਬੀ ਦਾ ਸਿਹਰਾ ਉਸ ਦੀ ਲਗਨ ਅਤੇ ਮਿਹਨਤ ਨੂੰ ਦਿੰਦੇ ਹੋਏ ਵਿਦਿਆਰਥਣ ਦੇ ਮਾਪਿਆਂ ਨੂੰ ਵੀ ਵਧਾਈ ਦਿੱਤੀ ਇਸ ਮੌਕੇ ਪ੍ਰਿੰ. ਡਾ. ਅਨੂ ਅਤਰੇਜਾ ਨੇ ਵਿਦਿਆਰਥਣ ਨੂੰ ਜੀਵਨ 'ਚ ਹੋਰ ਵੀ ਬੁਲੰਦੀਆਂ ਨੂੰ ਛੂਹਣ ਲਈ ਪ੍ਰੇਰਿਤ ਕੀਤਾ ਗਿਆ .

# "ਸਰਕਾਰ ਦਾ ਹਿੱਸਾ ਬਣੋ" ਰੈਲੀ 'ਚ ਬਸਪਾ ਅਕਾਲੀ ਵਰਕਰਾਂ ਦਾ ਹੋਇਆ ਇਕੱਠ

ਡੇਰਾਬੱਸੀ , (ਪੱਤਰ ਪ੍ਰੇਰਕ)- ਪੰਜਾਬ ਸੂਬੇ 'ਤੇ ਰਾਜ ਕਰਨ ਲਈ ਹਮੇਸ਼ਾ ਪਾੜੋ ਤੇ ਰਾਜ ਕਰੋ ਦੀ ਨੀਤੀ ਅਪਨਾਈ ਹੈ ਅਤੇ ਗਰੀਬਾਂ ਦੇ ਖ਼ੂਨ-ਪਸੀਨੇ ਦੀ ਕਮਾਈ 'ਤੇ ਰੱਜ ਕੇ ਮੌਜਾਂ ਲੁੱਟੀਆਂ ਹਨ। ਪੰਜਾਬ ਨੂੰ ਸਭ ਤੋਂ ਵੱਧ ਸੰਤਾਪ ਭੋਗਣਾ ਪਿਆ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨਜਸਵੀਰ ਸਿੰਘ ਗੜ੍ਹੀ ਨੇ ਰਾਮਲੀਲ੍ਹਾ ਮੈਦਾਨ ਡੇਰਾਬੱਸੀ ਵਿਖੇ ਬਸਪਾ ਤੇ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਆਯੋਜਿਤ 'ਸਰਕਾਰ ਦਾ ਹਿੱਸਾ ਬਣੋ' ਰੈਲੀ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਰੈਲੀ ਦੇ ਵਿਸ਼ਾਲ ਇਕੱਠ ਤੋਂ ਗਦਗਦ ਹੁੰਦਿਆਂ ਕਿਹਾ ਕਿ ਪੰਜਾਬ 'ਚ ਅਗਲੀ ਸਰਕਾਰ ਸਿਰਫ਼ ਤੇ ਸਿਰਫ਼ ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਗਠਜੋੜ ਦੀ ਹੀ ਬਣੇਗੀ। ਉਨ੍ਹਾਂ ਕਿਹਾ 1947 ਨੇ ਸਿਰਫ਼ ਪੰਜਾਬ ਨੂੰ ਵੰਡਿਆ ਸੀ ਇਸ ਵੰਡ ਸਮੇਂ 20 ਲੱਖ ਪੰਜਾਬੀਆਂ ਦੀ ਕਤਲੋਗਾਰਤ ਕੀਤੀ ਗਈ। 1984 ਤੋਂ 1994 ਤਕ ਦੇ ਕਾਲੇ ਦੌਰ 'ਚ ਨੌਜਵਾਨਾਂ ਦੀਆਂ ਜਾਨਾਂ ਗਈਆਂ, ਬਜ਼ੁਰਗ ਮਾਰੇ ਗਏ ਧੀਆਂ ਭੈਣਾਂ ਦੀ ਬੇਹੁਰਮਤੀ ਕੀਤੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਪੰਜਾਬ ਦੇ ਭਲੇ ਲਈ ਅੱਜ ਸ਼੍ਰੋਮਣੀ ਅਕਾਲੀ ਬਸਪਾ ਗਠਜੋੜ ਨੂੰ ਜਿਤਾਉਣਾ ਸਮੇਂ ਦੀ ਮੁੱਖ ਮੰਗ ਹੈ। ਉਨ੍ਹਾਂ ਲੋਕਾਂ ਨੂੰ ਵਿਧਾਇਕ ਸ਼ਰਮਾ ਨੂੰ ਇਕ ਵਾਰ ਫਿਰ ਵੱਧ ਤੋਂ ਵੋਟਾਂ ਪਾ ਕੇ ਜਿਤਾਉਣ ਦੀ ਅਪੀਲ ਕੀਤੀ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਹਲਕਾ ਡੇਰਾਬੱਸੀ ਤੋਂ ਵਿਧਾਇਕ ਐੱਨਕੇ ਸ਼ਰਮਾ ਨੇ ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੂੰ ਜੀ ਆਇਆ ਕਿਹਾ। ਉਨ੍ਹਾਂ ਹਲਕੇ ਬਾਰੇ ਗੱਲ ਕਰਦਿਆਂ ਕਿਹਾ ਹਲਕਾ ਡੇਰਾਬੱਸੀ ਦਾ ਵਿਕਾਸ ਜੇ ਹੋਇਆ ਤਾਂ ਸਿਰਫ਼ ਸ਼੍ਰੋਮਣੀ ਅਕਾਲੀ ਦਲ ਦੇ ਰਾਜ 'ਚ ਹੀ ਹੋਇਆ ਹੈ। ਉਨ੍ਹਾਂ ਕਿਹਾ ਇਸ ਹਲਕੇ ਦਾ ਸੇਵਾਦਾਰ ਹੋਣ ਦੇ ਨਾਤੇ ਜਿਹੜੇ ਵਾਅਦੇ ਉਨ੍ਹਾਂ ਲੋਕਾਂ ਨਾਲ ਕੀਤੇ ਉਹ ਪੂਰੀ ਇਮਾਨਦਾਰੀ ਨਾਲ ਪੂਰੇ ਵੀ ਕੀਤੇ।

## ਤੀਜਾ ਸਿਰਸਾ ਕੱਪ ਤਾਇਕਵਾਂਡੋ ਚੈਂਪੀਅਨਸਪਿ ’ਚ ਮਿਲੇਨੀਅਮ ਸਕੂਲ ਦੇ ਖਿਡਾਰੀਆਂ ਨੇ ਜਿੱਤੇ ਤਗਮੇ

ਸਿਰਸਾ, (ਪੱਤਰ ਪ੍ਰੇਰਕ)–ਸਿਰਸਾ ਜਲ੍ਹਿਾ ਦੀ ਮੰਡੀ ਕਾਲਾਂਵਾਲੀ ਦੀ ਔਢਾਂ ਰੋਡ ’ਤੇ ਸਥਿਤ ਦਿ ਮਿਲੇਨੀਅਮ ਸਕੂਲ ਦੇ ਖਿਡਾਰੀਆਂ ਸਿਰਸਾ ਵਿੱਚ ਹੋਈ ’ਤੀਜਾ ਕੱਪ ਤਾਇਕਵਾਂਡੋ ਚੈਂਪੀਅਨਸਪਿ ਵਿੱਚ ਵੱਖ-ਵੱਖ ਸੈਸਨਾਂ ’ਚ ਭਾਗ ਲਿਆ ਅਤੇ ਕਈ ਮੈਡਲ ਜਿੱਤੇ ਹਨ . ਜਿਸ ’ਚ ਖਿਡਾਰੀਅ ਦੇਵਾਂਸ ਗਰਗ ਅਤੇ ਹਰਮਨਪ੍ਰੀਤ ਕੌਰ ਨੇ ਗੋਲਡ ਮੈਡਲ ਜਿੱਤੇ ਹਨ . ਇਸ ਤਰ੍ਹਾਂ ਹੀ ਕਰਨਵੀਰ ਸਿੰਘ ਸਰਾਂ ਨੇ ਸਿਲਵਰ ਮੈਡਲ ਅਤੇ ਅਭਿਨਵ ਮੋਂਗਾ ਨੇ ਕਾਂਸੀ ਦਾ ਮੈਡਲ ਹਾਸਲ ਕੀਤਾ ਹੈ . ਇਹਨਾਂ ਖਿਡਾਰੀਆਂ ਦੀ ਜਿੱਤ ’ਤੇ ਪ੍ਰਿੰਸੀਪਲ ਡਾ. ਗੁਰਦੀਪ ਸਿੰਘ ਨੇ ਵਧਾਈ ਦਿੱਤੀ ਅਤੇ ਉਹਨਾਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ . ਇਸ ਮੌਕੇ ’ਤੇ ਪ੍ਰਿੰਸੀਪਲ ਡਾ. ਗੁਰਦੀਪ ਸਿੰਘ ਨੇ ਕਿਹਾ ਕਿ ਸਕੂਲ ਦੇ ਖਿਡਾਰੀਆਂ ਵੱਲੋਂ ਹਾਸਲ ਕੀਤੇ ਮੈਡਲਾਂ ਨਾਲ ਸਕੂਲ ਅਤੇ ਖੇਤਰ ਦਾ ਮਾਣ ਵਧਿਆ ਹੈ . ਇਸ ਮੌਕੇ ਉੱਤੇ ਸਕੂਲ ਦੇ ਚੇਅਰਮੈਨ ਅਸੋਕ ਸਿੰਗਲਾ ਨੇ ਸਾਰੇ ਖਿਡਾਰੀਆਂ ਅਤੇ ਟੀਮ ਦੇ ਕੋਚ ਨੂੰ ਵਧਾਈ ਦਿੱਤੀ ਹੈ .

# ਕੈਬਨਿਟ ਮੰਤਰੀ ਵੱਲੋਂ ਇੰਪਰੂਵਮੈਂਟ ਟਰੱਸਟ ਨਾਭਾ ਦੀ ਮਾਤਾ ਚਿੰਤਪੁਰਨੀ ਕਮਰਸ਼ੀਅਲ ਕੰਪਲੈਕਸ ਸਕੀਮ ਦਾ ਆਗਾਜ਼



ਨਾਭਾ , (ਪੱਤਰ ਪ੍ਰੇਰਕ)– ਪੰਜਾਬ ਤੇ ਸਥਾਨਕ ਸਰਕਾਰਾਂ, ਸੰਸਦੀ ਮਾਮਲੇ, ਚੋਣਾਂ ਤੇ ਸ਼ਿਕਾਇਤ ਨਿਵਾਰਨ ਮੰਤਰੀ ਬ੍ਰਹਮ ਮਹਿੰਦਰਾ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠ ਰਾਜ ਦੇ ਹਰ ਵਰਗ ਦੇ ਲੋਕਾਂ ਦੀ ਬਿਹਤਰੀ ਲਈ ਇਤਿਹਾਸਕ ਫੈਸਲੇ ਕੀਤੇ ਹਨ। ਮੰਤਰੀ ਬ੍ਰਹਮ ਮਹਿੰਦਰਾ ਅੱਜ ਨਾਭਾ ਵਿਖੇ ਨਗਰ ਸੁਧਾਰ ਟਰਸਟ ਦੀ ਨਵੀਂ ਵਿਕਸਤ ਹੋਣ ਵਾਲੀ ਸਕੀਮ ’ਮਾਤਾ ਚਿੰਤਪੁਰਨੀ ਕਮਰਸ਼ੀਅਲ ਕੰਪਲੈਕਸ’ ਦਾ ਨੀਂਹ ਪੱਥਰ ਰੱਖਣ ਪੁੱਜੇ ਹੋਏ ਸਨ।ਕੈਬਨਿਟ ਮੰਤਰੀ ਨੇ ਪਟਿਆਲਾ ਗੇਟ ਨੇੜੇ 6 ਕਨਾਲ 11 ਮਰਲੇ ’ਚ ਵਿਕਸਤ ਕੀਤੀ ਜਾ ਰਹੀ ਇਸ 28 ਵਪਾਰਕ ਸ਼ੋਅ ਰੂਮਜ ਵਾਲੀ ਸਕੀਮ ਦੀ ਸ਼ੁਰੂਆਤ ਸਾਬਕਾ ਮੰਤਰੀ ਤੇ ਹਲਕਾ ਵਿਧਾਇਕ ਸਾਧੂ ਸਿੰਘ ਧਰਮਸੋਤ, ਨਗਰ ਸੁਧਾਰ ਟਰਸਟ ਦੇ ਚੇਅਰਮੈਨ ਅਮਰਦੀਪ ਸਿੰਘ ਖੰਨਾ ਅਤੇ ਨਗਰ ਕੌਂਸਲ ਦੇ ਪ੍ਰਧਾਨ ਰਜਨੀਸ਼ ਮਿੱਤਲ ਸ਼ੈਂਟੀ ਦੀ ਮੌਜੂਦਗੀ ’ਚ ਕਰਵਾਈ। ਉਨ੍ਹਾਂ ਨੇ ਨਗਰ ਸੁਧਾਰ ਟਰਸਟ ਤੇ ਨਗਰ ਕੌਂਸਲ ਨੂੰ ਇਸ ਪ੍ਰਾਜੈਕਟ ਦੀ ਸ਼ੁਰੂਆਤ ਕਰਨ ਲਈ ਵਧਾਈ ਦਿੰਦਿਆਂ ਕਿਹਾ ਕਿ ਸ਼ਹਿਰ ਦੇ ਲੋਕਾਂ ਨੂੰ ਇਸ ਦਾ ਬਹੁਤ ਵੱਡਾ ਲਾਭ ਪੁੱਜੇਗਾ। ਸਥਾਨਕ ਸਰਕਾਰਾਂ ਮੰਤਰੀ ਮਹਿੰਦਰਾ ਨੇ ਇਸ ਤੋਂ ਮਗਰੋਂ ਰੋਟਰੀ ਕਲੱਬ ਵਿਖੇ ਕਰਵਾਏ ਇੱਕ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਇਹ ਖੁਸ਼ਕਿਸਮਤੀ ਹੈ ਕਿ ਰਾਜ ਦੀ ਵਾਗਡੋਰ ਇੱਕ ਕਾਬਲ ਮੁੱਖ ਮੰਤਰੀ ਦੇ ਹੱਥਾਂ ਵਿੱਚ ਹੈ, ਜੋ ਕਿ ਸੂਬੇ ਦੇ ਲੋਕਾਂ ਦੀ ਤਰੱਕੀ ਬਾਬਤ ਫ਼ਿਕਰਮੰਦ ਹਨ। ਉਨ੍ਹਾਂ ਦੱਸਿਆ ਕਿ ਮੁਲਾਜਮ ਪੱਖੀ ਪੰਜਾਬ ਸਰਕਾਰ ਨੇ ਰਾਜ ਦੇ 36000 ਕੱਚੇ ਕਰਮਚਾਰੀ ਪੱਕੇ ਕੀਤੇ ਹਨ ਜਦਕਿ ਆਪਣੀ ਜਾਨ ਜੋਖਮ ’ਚ ਪਾ ਕੇ ਸੀਵਰੇਜ ਦੀ ਸਫ਼ਾਈ ਦਾ ਕੰਮ ਕਰਨ ਵਾਲਿਆਂ ਨੂੰ ਪੱਕੇ ਕਰਨ ਤੋਂ ਇਲਾਵਾ ਉਨ੍ਹਾਂ ਦੇ ਜੀਵਨ ਬੀਮਾ ਕਰਨ ਦੀ ਵੀ ਤਜਵੀਜ ਹੈ। ਉਨ੍ਹਾਂ ਨੇ ਸਫਾਈ ਕਾਮਿਆਂ ਦੀ ਭਰਵੀਂ ਸ਼ਲਾਘਾ ਕੀਤੀ, ਜਿਨ੍ਹਾਂ ਨੇ ਕੋਵਿਡ ’ਚ ਵੀ ਸਫ਼ਾਈ ਦਾ ਕੰਮ ਬਾਖੂਬੀ ਕੀਤਾ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੰਤਰੀ ਬ੍ਰਹਮ ਮਹਿੰਦਰਾ ਅਤੇ ਹਲਕਾ ਵਿਧਾਇਕ ਸਾਧੂ ਸਿੰਘ ਧਰਮਸੋਤ ਨੇ ਇਸ ਗੱਲ ਨੂੰ ਸਿਰੇ ਦੀ ਝੂਠੀ ਗੱਪ ਕਰਾਰ ਦਿੱਤਾ ਕਿ ਉਹ ਕਾਂਗਰਸ ਪਾਰਟੀ ਨੂੰ ਛੱਡਕੇ ਕਿਸੇ ਹੋਰ ਪਾਰਟੀ ’ਚ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਕਰਕੇ ਲੋਕਾਂ ਦਾ ਵਿਸ਼ਵਾਸ਼ ਹਾਸਲ ਹੈ ਅਤੇ ਕਾਂਗਰਸ ਮੁੜ ਤੋਂ ਸੂਬੇ ’ਚ ਸਰਕਾਰ ਬਣਾਏਗੀ। ਮੰਤਰੀ ਬ੍ਰਹਮ ਮਹਿੰਦਰਾ ਦਾ ਸਵਾਗਤ ਕਰਦਿਆਂ ਹਲਕਾ ਵਿਧਾਇਕ ਸਾਧੂ ਸਿੰਘ ਧਰਮਸੋਤ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਨਾਭਾ ਸ਼ਹਿਰ ਸਮੇਤ ਪੂਰੇ ਹਲਕੇ ’ਚ ਵਿਕਾਸ ਕਾਰਜਾਂ ਲਈ ਹਮੇਸ਼ਾ ਖੁੱਲ੍ਹੇ ਫੰਡ ਦਿੱਤੇ ਹਨ ਅਤੇ ਸ਼ਹਿਰ ’ਚ ਕੋਈ ਵਿਕਾਸ ਕਾਰਜ ਅਧੂਰਾ ਨਹੀਂ ਰਹੇਗਾ। ਇੰਪਰੂਵਮੈਂਟ ਟਰਸਟ ਦੇ ਚੇਅਰਮੈਨ ਅਮਰਦੀਪ ਸਿੰਘ ਖੰਨਾ ਨੇ ਦੱਸਿਆ ਕਿ ਇਹ ਜਗ੍ਹਾ ਨਗਰ ਕੌਂਸਲ ਦੀ ਸੀ, ਜਿਸ ਨੂੰ ਪ੍ਰਧਾਨ ਰਜਨੀਸ਼ ਮਿੱਤਲ ਸ਼ੈਟੀ ਦੀ ਅਗਵਾਈ ਹੇਠ ਦੋਵਾਂ ਸਥਾਨਕ ਇਕਾਈਆਂ ਨੇ ਮਿਲਕੇ ਵਿਕਸਤ ਕਰਨ ਦਾ ਸਾਂਝਾ ਫੈਸਲਾ ਕੀਤਾ। ਉਨ੍ਹਾਂ ਦੱਸਿਆ ਕਿ ਇੱਥੇ 28 ਸ਼ੋਅ ਰੂਮ ਬਣ ਰਹੇ ਹਨ, ਜਿਨ੍ਹਾਂ ਦੀ ਰਾਖਵੀਂ ਕੀਮਤ 87000 ਰੁਪਏ ਵਰਗ ਗਜ ਮਿੱਥੀ ਗਈ ਹੈ ਅਤੇ ਇਨ੍ਹਾਂ ਦੀ ਆਨਲਾਈਨ ਬੋਲੀ ਹੋ ਰਹੀ ਹੈ ਜਦਕਿ 8 ਦੀ ਵਿਕਰੀ ਹੋ ਚੁੱਕੀ ਹੈ।ਇਸ ਮੌਕੇ ਨਗਰ ਸੁਧਾਰ ਟਰਸਟ ਪਟਿਆਲਾ ਦੇ ਚੇਅਰਮੈਨ ਸੰਤ ਬਾਂਗਾ, ਕਾਂਗਰਸ ਦੇ ਅਬਜਰਵਰ ਸੰਜੇ ਠਾਕੁਰ, ਚਰਨਜੀਤ ਬਾਤਿਸ਼, ਪ੍ਰਧਾਨ ਰਜਨੀਸ਼ ਮਿੱਤਲ ਸ਼ੈਂਟੀ, ਚੇਅਰਮੈਨ ਜਗਜੀਤ ਸਿੰਘ ਦੁਲੱਦੀ, ਟਰਸਟੀ ਕ੍ਰਿਸ਼ਨ ਲਾਲ, ਅੰਜਨਾ ਬਾਤਿਸ਼, ਨੀਰੂ ਸ਼ਰਮਾ, ਧਰਮਪਾਲ ਮਿੱਤਲ, ਪ੍ਰਮੋਦ ਕੁਮਾਰ ਜਿੰਦਲ,ਕੌਂਸਲਰ ਮਮਤਾ ਮਿੱਤਲ, ਸੀਨੀਅਰ ਵਾਈਸ ਪ੍ਰਧਾਨ ਦਲੀਪ ਬਿੱਟੂ, ਸੀਨੀਅਰ ਕੌਂਸਲਰ ਅਸ਼ੋਕ ਕੁਮਾਰ ਬਿੱਟੂ,ਸਾਬਕਾ ਪ੍ਰਧਾਨ ਹਰੀ ਕ੍ਰਿਸ਼ਨ ਸੇਠ, ਐਸ.ਡੀ.ਐਮ. ਕੰਨੂ ਗਰਗ, ਡੀ.ਐਸ.ਪੀ. ਰਜੇਸ਼ ਛਿੱਬੜ, ਕਾਰਜ ਸਾਧਕ ਅਫ਼ਸਰ ਯਾਦਵਿੰਦਰ ਸ਼ਰਮਾ, ਐਸ.ਡੀ.ਓ ਇੰਦਰਪਾਲ ਸਿੰਘ ਸਮੇਤ ਕੌਂਸਲਰ ਅਤੇ ਹੋਰ ਸ਼ਹਿਰ ਵਾਸੀ ਵੱਡੀ ਗਿਣਤੀ ਚ ਮੌਜੂਦ ਸਨ ।

## ਸਿੱਖ ਫਾਰ ਜਸਟਿਸ ਦਾ ਪ੍ਰਚਾਰ ਕਰਨ ਵਾਲੇ ਤਿੰਨ ਗ੍ਰਿਫ਼ਤਾਰ, ਧਾਰਮਿਕ ਸਥਾਨਾਂ ’ਤੇ ਚਿਪਕਾ ਰਹੇ ਸੀ ਖਾਲਿਸਤਾਨ ਪੱਖੀ ਪੋਸਟਰ

ਪਟਿਆਲਾ , (ਰਾਹੁਲ ਸ਼ਰਮਾ)–ਪੁਲਿਸ ਨੇ ਸਿੱਖ ਫਾਰ ਜਸਟਿਸ ਦਾ ਪ੍ਰਚਾਰ ਕਰਨ ਵਾਲੇ ਤਿੰਨ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਕੋਲੋਂ ਖਾਲਿਸਤਾਨੀ ਪੱਖੀ ਪ੍ਰਚਾਰ ਸਮੱਗਰੀ ਵੀ ਬਰਾਮਦ ਕੀਤੀ ਗਈ ਹੈ। ਐੱਸਐੱਸਪੀ ਹਰਚਰਨ ਸਿੰਘ ਭੁੱਲਰ ਅਨੁਸਾਰ ਜਗਮੀਤ ਸਿੰਘ ਵਾਸੀ ਦੁਰਗਾਪੁਰ ਗੁਰਦਾਸਪੁਰ ਅਤੇ ਰਵਿੰਦਰ ਸਿੰਘ ਵਾਸੀ ਪਿੰਡ ਜੱਸੜ ਜਿਲ੍ਹਾ ਫਤਿਹਗੜ੍ਹ ਸਾਹਿਬ ਵੱਲੋਂ ਧਾਰਮਿਕ ਸਥਾਨਾਂ ਤੇ ਖਾਲਿਸਤਾਨੀ ਪੱਖੀ ਨਾਅਰੇ ਲਿਖਣ ਦੇ ਨਾਲ ਸਿੱਖ ਫਾਰ ਜਸਟਿਸ ਦੀ ਪ੍ਰਚਾਰ ਸਮੱਗਰੀ ਵੀ ਵੰਡ ਰਹੇ ਸਨ। ਇਨ੍ਹਾਂ ਨੂੰ ਪ੍ਰਚਾਰ ਸਮੱਗਰੀ ਜਗਮੀਤ ਸਿੰਘ ਦੀ ਮਾਤਾ ਜਸਵੀਰ ਕੌਰ ਵੱਲੋਂ ਮੁਹੱਈਆ ਕਰਵਾਈ ਜਾ ਰਹੀ ਸੀ। ਐਸਐਸਪੀ ਅਨੁਸਾਰ ਤਿੰਨਾਂ ਮੁਲਜਮਾਂ ਨੂੰ ਬਨੂੜ ਤੋਂ ਗ੍ਰਿਫਤਾਰ ਕਰਕੇ ਵੱਖ ਵੱਖ ਧਾਰਾਵਾਂ ਹੇਠ ਮਾਮਲਾ ਦਰਜ ਕੀਤਾ ਗਿਆ ਹੈ ਐਸਐਸਪੀ ਅਨੁਸਾਰ ਗ੍ਰਿਫਤਾਰ ਕੀਤੀ ਗਈ ਜਸਵੀਰ ਕੌਰ ਦਾ ਜੇਠ ਮਨਜੀਤ ਸਿੰਘ ਅੱਤਵਾਦੀ ਰਿਹਾ ਹੈ ਅਤੇ ਬੱਬਰ ਖਾਲਸਾ ਇੰਟਰਨੈਸ਼ਨਲ ਦਾ ਏਰੀਆ ਕਮਾਂਡਰ ਸੀ। ਇਨ੍ਹਾਂ ਵੱਲੋਂ ਛੱਬੀ ਦਸੰਬਰ ਨੂੰ ਫਤਹਿਗੜ੍ਹ ਸਾਹਿਬ ਵਿਖੇ ਖਾਲਿਸਤਾਨੀ ਪੱਖੀ ਪ੍ਰਚਾਰ ਸਮੱਗਰੀ ਵੰਡੀ ਜਾਣੀ ਸੀ ਅਤੇ ਦੇ ਪੋਸਟਰ ਲਗਾਏ ਜਾਣੇ ਸਨ।

## ਡਾਇਰੈਕਟਰ ਜੌਲੀ ਨੂੰ ਸੌਂਪਿਆ ਪੱਤਰ



ਪਟਿਆਲਾ , (ਰਾਹੁਲ ਸ਼ਰਮਾ)– ਮੁਲਾਜ਼ਮ ਯੂਨਾਈਟਿਡ ਆਰਗੇਨਾਈਜੇਸ਼ਨ ਪੀਐੱਸਪੀਸੀਐੱਲ/ ਪੀਐੱਸਟੀਸੀਐੱਲ ਦੀ ਮੀਟਿੰਗ ਸੂਬਾ ਪ੍ਰਧਾਨ ਬਲਕੌਰ ਸਿੰਘ ਮਾਨ ਦੀ ਅਗਵਾਈ ਹੇਠ ਪਟਿਆਲਾ ਬਾਂਰਾਦਰੀ ਪਾਰਕ ਵਿਖੇ ਹੋਈ। ਉਸ ਤੋਂ ਬਾਅਦ ਸਾਥੀਆਂ ਦੀਆਂ ਮੰਗਾਂ ਸਬੰਧੀ ਪਾਵਰਕਾਮ ਦੇ ਡਾਇਰੈਕਟਰ ਪ੍ਰਬੰਧਕੀ ਗਗਨਦੀਪ ਸਿੰਘ ਜੌਲੀ, ਡਿਪਟੀ ਸੈਕਟਰੀ ਆਈਆਰਬੀਐੱਸ ਗੁਰਮ ਨੂੰ ਮੰਗ ਪੱਤਰ ਸੌਂਪਿਆ। ਇਸ ਮੌਕੇ ਮੁਲਾਜ਼ਮਾਂ ਨੇ ਰਹਿੰਦੇ ਸਹਾਇਕ ਲਾਈਨਮੈਨ ਸਾਥੀਆਂ ਤੇ 42 ਤੋਂ ਵੱਧ ਸਾਲ ਵਾਲੇ ਸਹਾਇਕ ਲਾਈਨਮੈਨ ਸਾਥੀਆਂ ਨੂੰ ਤੇ ਹੈਂਡੀਕੈਪਡ ਸਹਾਇਕ ਲਾਈਨਮੈਨ ਸਾਥੀਆਂ ਨੂੰ ਜਲਦੀ ਨਿਯੁਕਤੀ ਪੱਤਰ ਦੇਣ ਸਬੰਧੀ ਪਰਖਕਾਲ ਸਮਾਂ ਖਤਮ ਕੀਤਾ ਜਾਵੇ। ਡਾਇਰੈਕਟਰ ਪ੍ਰਬੰਧਕੀ ਨੇ ਵਿਸ਼ਵਾਸ ਦਿਵਾਇਆ ਕਿ ਤੁਹਾਡੀਆਂ ਸਾਰੀਆਂ ਜਾਇਜ਼ ਮੰਗਾਂ ਦਾ ਹੱਲ ਕਰਨ ਭਰੋਸਾ ਦਿੱਤਾ। ਇਸ ਮੌਕੇ ਸੂਬਾ ਕਾਰਜਕਾਰੀ ਪ੍ਰਧਾਨ ਬੂਟਾ ਸਿੰਘ ਜਖੇਪਲ, ਮੁਲਾਜ਼ਮ ਯੂਨਾਈਟਿਡ ਔਰਗੇਨਾਈਜੇਸ਼ਨ ਦੇ ਸੂਬਾ ਮੀਤ ਪ੍ਰਧਾਨ ਮੇਵਾ ਸਿੰਘ ਮੀਮਸਾ, ਸੂਬਾ ਜਰਨਲ ਸਕੱਤਰ ਹਿਤੇਸ਼ ਕੁਮਾਰ ਫਿਰੋਜ਼ਪੁਰ, ਸੂਬਾ ਮੁੱਖ ਸਲਾਹਕਾਰ ਨਿਸ਼ਾਨ ਸਿੰਘ, ਸੂਬਾ ਖਜ਼ਾਨਚੀ ਸ਼ਸ਼ੀਕਾਂਤ ਸ਼ਰਮਾ, ਸੂਬਾ ਪ੍ਰੈੱਸ ਸਕੱਤਰ ਚੌਧਰੀ ਵਿਨੈ ਧਰਵਾਲ ਹੁਸ਼ਿਆਰਪੁਰ, ਹਰਜਿੰਦਰ ਸਿੰਘ ਰੁੜਕੇ, ਮਨਜਿੰਦਰ ਸ਼ਰਮਾ, ਸੰਤੋਖ ਸ਼ਰਮਾ, ਹਰਦੀਪ ਭੁਪਾਲ ਆਦਿ ਹਾਜ਼ਰ ਸਨ।

### ਵੱਲ੍ਹਾ ਪੁਲਿਸ ਵੱਲੋਂ ਹੈਰੋਇਨ ਸਣੇ ਮੁਲਜ਼ਮ ਗ੍ਰਿਫ਼ਤਾਰ

ਵੇਰਕਾ, (ਪੱਤਰ ਪ੍ਰੇਰਕ)–ਪੁਲਿਸ ਕਮਿਸ਼ਨਰ ਅੰਮ੍ਰਿਤਸਰ ਡਾ. ਸੁਖਚੈਨ ਸਿੰਘ ਗਿੱਲ ਦੇ ਦਿਸ਼ਾ-ਨਿਰਦੇਸ਼ਾਂ ’ਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਵਿੱਢੀ ਸਖਤ ਕਾਰਵਾਈ ਤਹਿਤ ਥਾਣਾ ਵੱਲ੍ਹਾ ਦੇ ਐੱਸਐੱਚਓ ਜਸਬੀਰ ਸਿੰਘ ਦੀ ਕਮਾਂਡ ਹੇਠ ਕੰਮ ਕਰਦੀ ਪੁਲਿਸ ਟੀਮ ਦੇ ਐੱਸਆਈ ਜਸਪਾਲ ਸਿੰਘ ਨੇ ਸਣੇ ਸਾਥੀ ਕਰਮਚਾਰੀਆਂ ਨਾਲ ਐਤਵਾਰ ਦੌਰਾਨੇ ਗਸ਼ਤ ਭੈੜੇ ਪੁਰਸ਼ਾਂ ਦੀ ਤਲਾਸ਼ ਦੇ ਸਬੰਧ ਵਿਚ ਪਿੰਡ ਵੱਲ੍ਹਾ ਤੋਂ ਸਬਜੀ ਮੰਡੀ ਵੱਲ੍ਹਾ ਫਲਾਈ ਓਵਰ ਦੇ ਹੇਠਾਂ ਜਾ ਰਹੇ ਸੀ। ਜਦੋਂ ਪੁਲਿਸ ਪਾਰਟੀ ਮੋੜ ਸ਼ਮਸ਼ਾਨਘਾਟ ਕੋਲ ਪਹੁੰਚੀ ਤਾਂ ਜਗਦੀ ਸਟ੍ਰੀਟ ਲਾਈਟ ਵਿਚ ਇਕ ਮੋਨਾ ਨੌਜਵਾਨ ਸਬਜੀ ਮੰਡੀ ਵੱਲ੍ਹਾ ਮੋੜ ਵੱਲੋਂ ਪੈਦਲ ਆਉਂਦਾ ਦਿਖਾਈ ਦਿੱਤਾ। ਜੋ ਪੁਲਿਸ ਨੂੰ ਦੇਖ ਕੇ ਘਬਰਾਉਂਦਾ ਹੋਇਆ ਪਿੱਛੇ ਮੁੜਦੇ ਸਮੇਂ ਆਪਣੀ ਪੈਂਟ ਦੀ ਸੱਜੀ ਜੇਬ ਵਿਚੋਂ ਇਕ ਮੋਮੀ ਲਿਫਾਫਾ ਕੱਢ ਕੇ ਸੁੱਟਣ ਦੀ ਤਾਕ ਵਿਚ ਐੱਸਆਈ ਨੇ ਦਬੋਚ ਕੇ ਨਾਂਅ ਪਤਾ ਪੁੱਛਿਆ।

## ਕਿਰਪਾਨ ਹਥਿਆਰ ਨਹੀਂ ਸਿੱਖਾਂ ਦੇ ਅੰਗ ਦਾ ਹਿੱਸਾ : ਪੇਸ਼ਾਵਰੀ ਸਿੱਖ

ਅੰਮ੍ਰਿਤਸਰ, (ਰਵੀ ਠਾਕੁਰ)– ਪਾਕਿਸਤਾਨ ਦੇ ਸੂਬਾ ਖੈਬਰ ਪਖਤੂਨ ਖਾਂ ਦੀ ਸਰਕਾਰ ਵੱਲੋਂ ਸਿੱਖਾਂ ਦੇ ਧਾਰਮਿਕ ਚਿੰਨ੍ਹ ਕਿਰਪਾਨ ਪਾ ਕੇ ਸਰਕਾਰੀ ਜਾਂ ਗੈਰ-ਸਰਕਾਰੀ ਦਫਤਰਾਂ ਵਿਚ ਪਾਬੰਦੀ ਦੇ ਦਿੱਤੇ ਆਦੇਸ਼ਾਂ ਖ਼ਿਲਾਫ਼ ਹੁਣ ਪੇਸ਼ਾਵਰੀ ਸਿੱਖ ਆਪਣੀ ਸਰਕਾਰ ਖ਼ਿਲਾਫ਼ ਬਿਗਲ ਵਜਾਉਂਦੇ ਹੋਏ ਕੇਸ ਦਾਇਰ ਕਰ ਰਹੇ ਹਨ। ਜਾਣਕਾਰੀ ਮੁਤਾਬਕ ਪਾਕਿਸਤਾਨ ਦੇ ਸੂਬਾ ਖੈਬਰ ਪਖਤੂਨ ਖਾਂ ਦੇ ਸ਼ਹਿਰ ਪਿਸ਼ਾਵਰ ਵਿਖੇ ਸਥਿਤ ਸਿੱਖਾਂ ਦੇ ਧਾਰਮਕ ਅਸਥਾਨ ਗੁਰਦੁਆਰਾ ਭਾਈ ਜੋਗਾ ਸਿੰਘ ਤੇ ਪਿਸ਼ਾਵਰ ਦੀਆਂ ਸੰਗਤਾਂ ਬਾਬਾ ਹਰਮੀਤ ਸਿੰਘ, ਬਾਬਾ ਗੁਰਪਾਲ ਸਿੰਘ ਪਿਸ਼ਾਵਰ ਵੱਲੋਂ ਪਿਸ਼ਾਵਰ ਦੀ ਅਦਾਲਤ ਵਿਚ ਸਿੱਖ ਧਰਮ ਨਾਲ ਸਬੰਧਤ ਦਸਤਾਵੇਜ਼ ਲਗਾ ਕੇ ਕੇਸ ਦਾਇਰ ਕੀਤਾ ਹੈ। ਇਸ ਦੌਰਾਨ ਖੈਬਰ ਪਖਤੂਨਖਵਾ ਦੀ ਸਰਕਾਰ ਵੱਲੋਂ ਸਿੱਖਾਂ ਦੇ ਕਕਾਰ ਪਹਿਨ ਕੇ ਅਦਾਲਤੀ ਕੰਪਲੈਕਸ ਜਾਂ ਸਰਕਾਰੀ ਅਦਾਰਿਆਂ ’ਚ ਲਾਈ ਗਈ ਰੋਕ ਸਬੰਧੀ ਉਨ੍ਹਾਂ ਪਿਸ਼ਾਵਰੀ ਅਦਾਲਤ ਵਿਚ ਦੱਸਿਆ ਕਿ ਕਿਰਪਾਨ ਕੋਈ ਹਥਿਆਰ ਨਹੀਂ ਬਲਕਿ ਸਿੱਖਾਂ ਦੇ ਗੁਰੂਆਂ ਵੱਲੋਂ ਪਹਿਨਾਏ ਗਏ ਸਿੰਘਾਂ ਨੂੰ ਪੰਜ ਕਕਾਰਾਂ ਵਿਚ ਸ਼ਾਮਲ ਹੈ ਜਿਸ ਲਈ ਪੂਰੀ ਦੁਨੀਆਂ ਵਿਚ ਸਿੱਖਾਂ ਨੂੰ ਕਿਰਪਾਨ ਪਹਿਨਣ ਦੀ ਆਗਿਆ ਹੈ। ਉਨ੍ਹਾਂ ਦੱਸਿਆ ਕਿ ਦੁਨੀਆਂ ਦੇ ਕਈ ਦੇਸ਼ਾਂ ਨੇ ਸਿੱਖਾਂ ਨੂੰ ਕਿਰਪਾਨ ਪਹਿਨਣ ਦੀ ਆਜ਼ਾਦੀ ਦਿੱਤੀ ਹੋਈ ਹੈ। ਉਨ੍ਹਾਂ ਕਿਹਾ ਕਿ ਪੂਰੇ ਪਾਕਿਸਤਾਨ ਵਿਚ ਨਹੀਂ ਬਲਕਿ ਖੈਬਰ ਪਖਤੂਨ ਖ਼ਾਂ ਦੀ ਪਿਸ਼ਾਵਰ ਵਿਚ ਸਰਕਾਰ ਨੇ ਹੀ ਇਸ ’ਤੇ ਅਦਾਲਤੀ ਕੰਪਲੈਕਸਾਂ ਜਾਂ ਸਰਕਾਰੀ ਸਿੱਖਾਂ ਨੂੰ ਪਹਿਨ ਕੇ ਆਉਣ ’ਤੇ ਰੋਕ ਲਗਾਈ ਹੈ ਜਿਸ ਲਈ ਉਹ ਪਿਸ਼ਾਵਰ ਅਦਾਲਤ ਵਿਚ ਇਹ ਬਿਆਨ ਦਰਜ ਕਰਵਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿਸ਼ਾਵਰ ਸਿੱਖਾਂ ਲਈ ਖੈਬਰ ਪਖਤੂਨ ਖ਼ਾਨ ਦੀ ਸਰਕਾਰ ਸਿੱਖਾਂ ਨੂੰ ਕਿਰਪਾਨ ਰੱਖਣ ਲਈ ਕਾਨੂੰਨ ਦੇ ਹਥਿਆਰ ਰੱਖਣ ਵਾਲੇ ਲਾਇਸੈਂਸ ’ਚ ਲਿਆ ਰਹੀ ਹੈ ਜਿਸ ਦਾ ਉਹ ਪਿਛਲੇ ਕਈ ਸਾਲਾਂ ਤੋਂ ਵਿਰੋਧ ਕਰਦੇ ਆ ਰਹੇ ਹਨ।

## ਪਾਣੀ ਦੀ ਗੁਣਵੱਤਾ ਜਾਂਚਣ ਸਬੰਧੀ ਕੀਤਾ ਜਾਗਰੂਕ




ਰਾਜਪੁਰਾ , (ਪੱਤਰ ਪ੍ਰੇਰਕ)– ਬਲਾਕ ਰਾਜਪੁਰਾ ਅਧੀਨ ਵੱਖ-ਵੱਖ ਪਿੰਡਾਂ ’ਚ ਗੈਰ ਸਰਕਾਰੀ ਸੰਸਥਾ ਇੰਪੈਕਟ ਦੇ ਟੀਮ ਲੀਡਰ ਰਘੁਬੀਰ ਸਿੰਘ ਦੀ ਅਗਵਾਈ ’ਚ ਪਾਣੀ ਦੀ ਜਾਂਚ ਸਬੰਧੀ ਪਿੰਡ ਦੀਆਂ ਔਰਤਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਗੈਰ ਸਰਕਾਰੀ ਸੰਸਥਾ ਇੰਪੈਕਟ ਇਹ ਜਾਗਰੂਕਤਾ ਮੁਹਿੰਮ ਚਲਾ ਰਹੀ ਹੈ। ਇਸ ਮੌਕੇ ਇੰਪੈਕਟ ਸੰਸਥਾ ਦੇ ਸੂਚਨਾ, ਸਿੱਖਿਆ ਤੇ ਸੰਚਾਰ ਮਾਹਿਰ ਅਮਨਦੀਪ ਸਿੰਘ ਨੇ ਪਿੰਡ ਦੀਆਂ ਮਹਿਲਾਵਾਂ ਨੂੰ ਪਾਣੀ ਦੀ ਜਾਂਚ ਸਬੰਧੀ ਵੇਰਵਾ ਦਿੱਤਾ ਤੇ ਪਾਣੀ ਦੇ ਵੱਖ-ਵੱਖ ਟੈਸਟ ਕਰਨ ਬਾਰੇ ਜਾਗਰੂਕ ਕੀਤਾ। ਇਸ ਮੌਕੇ ਪਿੰਡ ਦੀਆਂ ਜੀਪੀਡਬਲਿਊਐੱਸਸੀ ਮੈਂਬਰ ਮਹਿਲਾਵਾਂ, ਆਸ਼ਾ ਵਰਕਰ, ਆਂਗਨਵਾੜੀ ਵਰਕਰ ਤੇ ਹੋਰ ਪਿੰਡ ਦੀਆਂ ਔਰਤਾਂ ਮੌਜੂਦ ਰਹੀਆਂ। ਪਿੰਡ ਬਟੇਰੀ, ਅਲੂਣਾ, ਬਸੰਤਪੁਰਾ, ਉਪਲਹੇੜੀ ਖੁਰਦ, ਕਾਲੋਮਾਜਰਾ, ਰਾਮ ਨਗਰ ’ਚ ਪਾਣੀ ਦੇ ਜਾਂਚ ਸਬੰਧੀ ਟੈਸਟ ਕੀਤੇ ਗਏ।

## ਚੇਅਰਮੈਨ ਗਾਗਾ ਦੀ ਅਗਵਾਈ ’ਚ ਸੁਨਾਮ ਰੈਲੀ ਲਈ ਕਾਫ਼ਲਾ ਰਵਾਨਾ



ਸੁਨਾਮ , (ਪੱਤਰ ਪ੍ਰੇਰਕ)–ਅੱਜ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਸੁਨਾਮ ਉਧਮ ਸਿੰਘ ਵਾਲਾ ਵਿਖੇ ਰੈਲੀ ਨੂੰ ਸੰਬੋਧਨ ਕਰਨ ਲਈ ਪਹੁੰਚਣ ਤੇ ਪਿੰਡ ਛਾਜਲੀ ਤੋਂ ਇੰਡੀਅਨ ਯੂਥ ਕਾਂਗਰਸ ਦੇ ਸੈਕਟਰੀ ਅਤੇ ਮਾਰਕੀਟ ਕਮੇਟੀ ਸਲੂਰ ਘਰਾਟ ਦੇ ਚੇਅਰਮੈਨ ਜਗਦੇਵ ਸਿੰਘ ਗਾਗਾ ਦੀ ਯੋਗ ਅਗਵਾਈ ਹੇਠ ਵੱਡਾ ਕਾਫਲਾ ਸੁਨਾਮ ਰੈਲੀ ’ਚ ਪਹੁੰਚਣ ਲਈ ਛਾਜਲੀ ਤੋਂ ਰਵਾਨਾ ਹੋਇਆਂ। ਗਾਗਾ ਨੇ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਦੀ ਸਰਕਾਰ ਜਿਸ ਤਰ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰ ਰਹੀ ਹੈ ਅਤੇ ਕਾਂਗਰਸ ਦੀਆਂ ਰੈਲੀਆਂ ਵਿੱਚ ਵੱਡੀ ਪੱਧਰ ’ਤੇ ਲੋਕਾਂ ਦਾ ਇੱਕਠ ਹੋ ਰਹੇ ਹਨ ਉਸ ਤੋਂ ਸਹਿਜ ਹੀ ਅੰਦਾਜ਼ਾ ਲਾਇਆ ਜਾ ਸਕਦੇ ਕਿ ਆਉਣ ਵਾਲ਼ੀਆਂ ਚੋਣਾਂ ’ਚ ਲੋਕ ਵੱਡੀ ਲੀਡ ਨਾਲ ਕਾਂਗਰਸ ਦੀ ਮੁੜ ਸਰਕਾਰ ਬਣਾਉਣਗੇ । ਇਸ ਮੌਕੇ ਤੇ ਕਾਫ਼ਲੇ ਨਾਲ ਦਵਿੰਦਰ ਸਿੰਘ ਛਾਜਲੀ ਯੂਥ ਕਾਂਗਰਸ ਸੈਕਟਰੀ ਪੰਜਾਬ ,ਬਲਵੰਤ ਸਿੰਘ ਸਾਬਕਾ ਸਰਪੰਚ ਛਾਜਲੀ , ਰੱਬਦਾਸ ਸਿੰਘ, ਪ੍ਰੀਤਮ ਸਿੰਘ ਭੋਲਾ, ਗਿਆਨ ਸਿੰਘ , ਕਾਲਾ ਸਿੰਘ, ਰਾਜਾ ਸਿੰਘ ਆਦਿ ਹਾਜ਼ਰ ਸਨ ।

## ਫ਼ਾਇਰਿੰਗ ਦੇ ਦੋਸ਼ਾਂ ’ਚ 8 ਨਾਮਜ਼ਦ

ਰਾਜਪੁਰਾ , (ਪੱਤਰ ਪ੍ਰੇਰਕ)– ਰਾਜਪੁਰਾ-ਅੰਬਾਲਾ ਰੋਡ ’ਤੇ ਪਿੰਡ ਚਮਾਰੂ ਨੇੜੇ ਇਕ ਵਿਅਕਤੀ ਦੁਆਰਾ ਪਤਨੀ ਨਾਲ ਖਰੀਦ-ਫਰੋਖਤ ਕਰਨ ਸਮੇਂ ਮੌਕੇ ’ਤੇ ਮੋਟਰਸਾਈਕਲ ’ਤੇ ਗੇੜੀਆਂ ਮਾਰ ਰਹੇ ਵਿਅਕਤੀਆਂ ਵੱਲੋਂ ਤੰਗ ਕਰਨ ਤੇ ਮੌਕੇ ’ਤੇ ਬਹਿਸ ਕਰ ਕੇ ਮਾਰਨ ਦੀ ਨੀਯਤ ਨਾਲ ਫਾਇਰਿੰਗ ਕਰ ਕੇ ਫਰਾਰ ਹੋਣ ’ਤੇ 8 ਵਿਅਕਤੀਆਂ ਖਿਲਾਫ ਇਰਾਦਾ ਏ ਕਤਲ, ਆਰਮਜ਼ ਐਕਟ ਸਮੇਤ ਹੋਰਨਾਂ ਧਰਾਵਾਂ ਹੇਠ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਇਸ ਸਬੰਧੀ ਗੁਰਪ੍ਰੀਤ ਸਿੰਘ ਵਾਸੀ ਪਿੰਡ ਚਮਾਰੂ ਨੇ ਬਿਆਨ ਦਰਜ ਕਰਵਾਏ ਕਿ ਉਹ ਪਿੰਡ ਚਮਾਰੂ ਵਿਖੇ ਹੀ ਪਤਨੀ ਸਮੇਤ ਬਾਜ਼ਾਰ ’ਚੋਂ ਸਾਮਾਨ ਖਰੀਦ ਰਿਹਾ ਸੀ। ਇਸ ਦੌਰਾਨ 3 ਵਿਅਕਤੀ ਤੇਜਿੰਦਰ ਸਿੰਘ ਵਾਸੀ ਪਿੰਡ ਚਤਰਨਗਰ, ਖੁਸ਼ਪ੍ਰੀਤ ਸਿੰਘ ਵਾਸੀ ਪਿੰਡ ਸੰਭੂ ਖੁਰਦ ਸਮੇਤ ਹੋਰ ਜਦ ਮੋਟਰਸਾਈਕਲ ’ਤੇ ਗੇੜੇ ਮਾਰ ਰਹੇ ਸਨ ਤਾਂ ਵਾਰ-ਵਾਰ ਹੋਰਨ ਮਾਰ ਕੇ ਲੋਕਾਂ ਨੂੰ ਤੰਗ ਕਰ ਰਹੇ ਸਨ। ਇਸ ’ਤੇ ਉਸ ਨੇ ਉਕਤ ਵਿਅਕਤੀਆਂ ਨੂੰ ਰੋਕਿਆ ਤਾਂ ਬਾਅਦ ’ਚ ਬਹਿਸ ਕਰਦਿਆਂ ਮੌਕੇ ’ਤੇ ਪੰਜ ਹੋਰ ਵਿਅਕਤੀ ਆਏ ਤੇ ਖੁਸ਼ਪ੍ਰੀਤ ਸਿੰਘ ਦੇ ਹੱਥ ’ਚ ਫੜੇ ਪਿਸਟਲ ਨਾਲ ਜਾਨੋਂ-ਮਾਰਨ ਦੀ ਨੀਅਤ ਨਾਲ ਫਾਇਰ ਕੀਤਾ ਤੇ ਥੱਲੇ ਬੈਠ ਕੇ ਆਪਣੀ ਜਾਨ ਬਚਾਈ। ਇਸ ਦੌਰਾਨ ਉਕਤਾਨ ਲੋਕਾਂ ਦਾ ਇਕੱਠ ਦੇਖ ਕੇ ਮੌਕੇ ਤੋਂ ਫਰਾਰ ਹੋ ਗਏ। ਥਾਣਾ ਸੰਭੂ ਪੁਲਿਸ ਨੇ ਉਕਤ ਮਾਮਲੇ ’ਚ ਤੇਜਿੰਦਰ ਸਿੰਘ, ਖੁਸ਼ਪ੍ਰੀਤ ਸਿੰਘ ਸਮੇਤ 6 ਹੋਰ ਅਣਪਛਾਤਿਆਂ ਖਿਲਾਫ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਉਸਾਰੀ ਕਿਰਤੀਆਂ ਨੇ ਕੀਤੀ ਮੀਟਿੰਗ



ਸਮਾਣਾ , (ਪੱਤਰ ਪ੍ਰੇਰਕ)–ਪਿੰਡ ਗਾਜੀਪੁਰ ’ਚ ਉਸਾਰੀ ਕਿਰਤੀਆਂ ਦੀ ਭਰਵੀਂ ਮੀਟਿੰਗ ਹੋਈ। ਇਸ ’ਚ ਗੁਰਮੀਤ ਸਿੰਘ ਕਾਲਾਝਾੜ ਨੇ ਕਿਹਾ ਕਿਰਤੀ ਕਾਮਿਆਂ ਵੱਲੋਂ 2017 ਤੋਂ 19 ਤਕ ਜੋ ਬੋਰਡ ਦੀਆਂ ਵੱਖ-ਵੱਖ ਸਕੀਮਾਂ ਤਹਿਤ ਫਾਰਮ ਭਰੇ ਸਨ, ਉਸ ਦਾ ਬੋਰਡ ਵੱਲੋਂ ਕਿਰਤੀਆਂ ਨੂੰ ਕੋਈ ਲਾਭ ਨਹੀਂ ਮਿਲਿਆ ਅਤੇ ਜੋ ਹੁਣ 2019 ਤੋਂ 21 ਤਕ ਜੋ ਫਾਰਮ ਭਰ ਕੇ ਅਪਲਾਈ ਕੀਤਾ ਹੈ, ਉਨ੍ਹਾਂ ’ਤੇ ਬੇਵਜਾ ਇਤਰਾਜ਼ ਲਾ ਕੇ ਕਿਰਤੀਆਂ ਨੂੰ ਖੱਜਲ-ਖੁਆਰ ਕੀਤਾ ਜਾ ਰਿਹਾ ਹੈ। ਕਿਰਤੀਆਂ ਨੂੰ ਆਰਥਿਕ ਤੌਰ ’ਤੇ ਨੁਕਸਾਨ ਝੱਲਣਾ ਪੈ ਰਿਹਾ ਹੈ ਤੇ ਸੇਵਾ ਕੇਂਦਰਾਂ ਦੀ ਘਾਟ ਕਾਰਨ ਉਨਾਂ ਨੂੰ ਕਈ-ਕਈ ਦਿਨ ਸੇਵਾ ਕੇਂਦਰਾਂ ’ਚ ਲੰਮੀਆਂ ਲਾਈਨਾਂ ’ਚ ਖੜਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਜੋ ਇਤਰਾਜ਼ ਉਨ੍ਹਾਂ ਦੇ ਫਾਰਮਾਂ ’ਤੇ ਲਾਏ ਜਾ ਰਹੇ ਹਨ ਉਸ ਸੰਬਧੀ ਉਨਾਂ ਨੂੰ ਕੋਈ ਜਾਣਕਾਰੀ ਨਹੀਂ। ਉਨਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕਿਰਤੀਆਂ ਦੀਆਂ ਮੁਸ਼ਕਿਲਾਂ ਦਾ ਤੁਰੰਤ ਹੱਲ ਕੀਤਾ ਜਾਵੇ ਅਤੇ ਬਕਾਇਆ ਰਾਸ਼ੀ ਉਨਾਂ ਦੇ ਖਾਤਿਆਂ ’ਚ ਪਾਈ ਜਾਵੇ। ਇਸ ਮੌਕੇ ਬਲਵਿੰਦਰ ਸਿੰਘ, ਸੁਖਪਾਲ ਸਿੰਘ, ਰਾਜਵਿੰਦਰ ਸਿੰਘ, ਕਾਕਾ ਸਿੰਘ, ਰਾਜਪਾਲ ਸਿੰਘ, ਕਸ਼ਮੀਰ ਸਿੰਘ ਤੇ ਮਹਿੰਦਰ ਸਿੰਘ ਹਾਜ਼ਰ ਸਨ।

## ਮੁਲਾਜ਼ਮਾਂ ਤੇ ਡਾਕਟਰਾਂ ਨੇ ਸ਼ੁਰੂ ਕੀਤੀ ਅਣਮਿੱਥੇ ਸਮੇਂ ਦੀ ਹੜਤਾਲ

ਅੰਮ੍ਰਿਤਸਰ, (ਰਵੀ ਠਾਕੁਰ)–ਈਐੱਸਈ ਇੰਪਲਾਈਜ਼ ਫੈਡਰੇਸ਼ਨ ਪੰਜਾਬ ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਈਐੱਸਈ ਹਸਪਤਾਲ ਅੰਮ੍ਰਿਤਸਰ ਵਿਖੇ ਸਮੂਹ ਸਿਹਤ ਮੁਲਾਜ਼ਮਾਂ ਤੇ ਡਾਕਟਰਾਂ ਵੱਲੋਂ ਛੇਵੇਂ ਤਨਖਾਹ ਕਮਿਸ਼ਨ ਦੀਆਂ ਮੁਲਾਜ਼ਮ ਵਿਰੋਧੀ ਸਿਫ਼ਾਰਸ਼ਾਂ ਵਿਚ ਸੋਧ ਨਾ ਕਰਨ ਅਤੇ ਮੁਲਾਜ਼ਮਾਂ ਨੂੰ ਨੋਟੀਫਾਈਡ ਕਰ ਕੇ ਦਿੱਤੇ ਗਏ ਪੇਂਡੂ ਭੱਤਾ, ਬੱਝਵਾਂ ਸਫ਼ਰੀ ਭੱਤਾ, ਵਰਦੀ ਭੱਤਾ, ਖੁਰਾਕ ਭੱਤਾ ਅਤੇ ਬਾਅਦ ਵਿੱਚ ਇਹ ਭੱਤੇ ਵਾਪਸ ਲੈਣ ਦੇ ਵਿਰੋਧ ਵਿਚ ਅਣਮਿੱਥੇ ਸਮੇਂ ਲਈ ਹੜਤਾਲ ਸ਼ੁਰੂ ਕਰ ਦਿੱਤੀ ਗਈ ਹੈ।ਇਸ ਮੌਕੇ ਫੈਡਰੇਸ਼ਨ ਦੇ ਪ੍ਰਧਾਨ ਅਸ਼ੋਕ ਸ਼ਰਮਾ ਨੇ ਦੱਸਿਆ ਕਿ ਕੋਰੋਨਾ ਕਾਲ ਦੇ ਦੌਰਾਨ ਆਪਣੀ ਜਾਨ ਹਥੇਲੀ ’ਤੇ ਰੱਖ ਕੇ ਕਰੋਨਾ ਮਰੀਜ਼ਾਂ ਦੀ ਸੇਵਾ ਕਰਨ ਵਾਲੇ ਕਰੋਨਾ ਯੋਧਿਆਂ ਨੂੰ ਵਿਸ਼ੇਸ਼ ਭੱਤਾ ਦੇਣ ਦੀ ਬਜਾਏ ਉਨ੍ਹਾਂ ਦੇ ਪਹਿਲੇ ਮਿਲਦੇ ਭੱਤਿਆਂ ਵਿਚ ਵੀ ਕਟੌਤੀ ਕਰ ਕੇ ਸਿਹਤ ਮੁਲਾਜ਼ਮਾਂ ਨਾਲ ਇਕ ਕੋਝਾ ਮਜ਼ਾਕ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਇਸ ਸੰਘਰਸ਼ ਨੂੰ ਹੋਰ ਤਿੱਖਾ ਕਰਦੇ ਹੋਏ ਮੰਗਲਵਾਰ ਨੂੰ ਸਮੂਹਕ ਛੁੱਟੀ ਲੈ ਕੇ ਸਾਰੇ ਸਿਹਤ ਕਾਮੇ ਚੰਡੀਗੜ੍ਹ ਵੱਲ ਨੂੰ ਕੂਚ ਕਰਨਗੇ ਅਤੇ ਡਾਇਰੈਕਟਰ ਸਿਹਤ ਸੇਵਾਵਾਂ ਦਫ਼ਤਰ ਵਿਖੇ ਰੋਸ ਮੁਜਾਹਰਾ ਕਰਨ ਉਪਰੰਤ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਵਹੀਰਾਂ ਘੱਤਣਗੇ। ਇਸ ਧਰਨੇ ਵਿਚ ਹੋਰਨਾਂ ਤੋਂ ਇਲਾਵਾ ਪ੍ਰਧਾਨ ਅਸ਼ੋਕ ਸ਼ਰਮਾ, ਐੱਸਐੱਮਓ ਡਾ. ਅਲੋਕ ਨਾਰਾਇਣ, ਐੱਸਐੱਮਓ ਡਾ. ਰਾਜੇਸ਼ ਭਗਤ, ਡਾ. ਰਵਿੰਦਰ ਕੁਮਾਰ, ਗੁਰਿੰਦਰ ਸਿੰਘ, ਸੁਨੀਤਾ ਕੁਮਾਰੀ, ਰਵਿੰਦਰ ਸ਼ਰਮਾ, ਸਾਧਨਾ, ਸੁਰਿੰਦਰ ਸਿੰਘ, ਜੋਤੀ ਸਹਿਗਲ, ਸਤਿਆ ਦੇਵੀ, ਨੀਲਮ ਬਾਲਾ, ਸੁਰਿੰਦਰ ਸਿੰਘ ਸਿੱਧੂ, ਬਲਦੇਵ ਸਿੰਘ ਝੰਡੇਰ, ਦਿਲਪ੍ਰੀਤ ਸਿੰਘ ਰੰਧਾਵਾ, ਕੰਵਲਜੀਤ ਕੌਰ, ਸਬਪ੍ਰੀਤ ਕੌਰ, ਸੁਮਨ, ਨਵਜੀਤ ਕੌਰ, ਸੁਪਰਡੈਂਟ ਸਤਨਾਮ ਸਿੰਘ, ਮੀਨੂੰ, ਕੁਲਵੰਤ ਸਿੰਘ, ਦੀਪਕ, ਸਤਵੰਤ ਸਿੰਘ, ਗਗਨਦੀਪ ਸਿੰਘ, ਗਿਆਨ ਚੰਦ, ਸੁਨੀਲ ਸ਼ਰਮਾ, ਸਵਰਣ ਕੌਰ, ਰੂਪੀ ਸ਼ਰਮਾ, ਮਨਪ੍ਰੀਤ ਸਿੰਘ ਅਤੇ ਕੁਲਦੀਪ ਸਿੰਘ ਆਦਿ ਸ਼ਾਮਿਲ ਸਨ।

## ਸਾਹਿਬਜਾਦਿਆਂ ਤੇ ਮਾਤਾ ਗੁਜਰ ਕੌਰ ਜੀ ਦੀ ਯਾਦ ’ਚ ਸਮਾਗਮ

ਰਤੀਆ, (ਪੱਤਰ ਪ੍ਰੇਰਕ)–ਚਾਰ ਸਾਹਿਬਜਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੇ ਸਹੀਦੀ ਪੁਰਬ ਨੂੰ ਸਮਰਪਿਤ ਸਹਿਰ ਦੇ ਪੁਰਾਨਾ ਬਾਜਾਰ ਸਥਿਤ ਗੁਰਦੁਆਰਾ ਸਾਹਿਬ ਵਿਖੇ ਸਮਾਪਤੀ ਧਾਰਮਿਕ ਸਮਾਗਮ ਕਰਵਾਇਆ ਗਿਆ, ਜਿਸ ’ਚ ਸੰਗਤਾਂ ਨੇ ਸਰਿਕਤ ਕੀਤੀ . ਭਾਈ ਗੁਰਮੰਗਤ ਸਿੰਘ ਨੇ ਸੰਗਤਾਂ ਨੂੰ ਨਾਮ ਸਿਮਰਨ ਅਤੇ ਸਬਦ ਕੀਰਤਨ ਨਾਲ ਜੋੜ ਕੇ ਨਿਹਾਲ ਕੀਤਾ . ਉਪਰੰਤ ਭਾਈ ਇੰਦਰਪਾਲ ਸਿੰਘ ਨੇ ਸੰਗਤਾਂ ਨੂੰ ਚਾਰ ਸਾਹਿਬਜਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੇ ਜੀਵਨ ਅਤੇ ਸਹਾਦਤ ਬਾਰੇ ਵਿਸਥਾਰਪੂਰਵਕ ਚਾਨਣਾ ਪਾਉਂਦੇ ਹੋਏ ਇਤਿਹਾਸ ਨਾਲ ਜੋੜਿਆ . ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਣਜੀਤ ਸਿੰਘ ਭਾਨੀਖੇੜਾ ਨੇ ਦੱਸਿਆ ਕਿ ਪਿਛਲੇ 6 ਦਿਨਾਂ ਤੋਂ ਗੁਰਦੁਆਰਾ ਸਾਹਿਬ ਵਿਖੇ ਚਾਰ ਸਾਹਿਬਜਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੇ ਸਹੀਦੀ ਪੁਰਬ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਸਨ, ਜਿਸ ਵਿਚ ਸੰਗਤਾਂ ਨੇ ਗੁਰੂ ਮੰਤਰ ਸਿਮਰਨ ਨਾਲ ਹਰ ਰੋਜ ਜੁੜ ਕੇ ਲਾਹਾ ਖੱਟਿਆ .ਇਸ ਮੌਕੇ ਭਾਈ ਇੰਦਰਪਾਲ ਸਿੰਘ ਪ੍ਰਚਾਰਕ ਸਿੱਖ ਮਿਸਨ ਹਰਿਆਣਾ ਨੇ ਸੰਗਤਾਂ ਨੂੰ ਸਾਹਿਬਜਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੇ ਜੀਵਨ ਅਤੇ ਸਹੀਦੀ ਨਾਲ ਸਬੰਧਿਤ ਇਤਿਹਾਸ ਬਾਰੇ ਜਾਣਕਾਰੀ ਦਿੱਤੀ . ਭਾਈ ਇੰਦਰਪਾਲ ਸਿੰਘ ਨੇ ਦੱਸਿਆ ਕਿ ਆਪਣੇ ਬੱਚਿਆਂ ਨੂੰ ਇਸ ਇਤਿਹਾਸ ਤੋਂ ਜਾਣੂ ਕਰਵਾਉਣਾ ਚਾਹੀਦਾ ਹੈ . ਇਸ ਮੌਕੇ ਗ੍ਰੰਥੀ ਕਿਸਨ ਸਿੰਘ, ਰੁਪੇਸ ਸਿੰਘ, ਅੰਗਰੇਜ ਸਿੰਘ, ਜਰਨੈਲ ਸਿੰਘ, ਜਗਸੀਰ ਸਿੰਘ, ਹੈਪੀ ਸਿੰਘ, ਸਵਿਮ ਸਿੰਘ, ਮਨਜੀਤ ਸਿੰਘ, ਬੰਟੀ ਸਿੰਘ, ਬਲਵਿੰਦਰ ਸਿੰਘ, ਜੱਜ ਸਿੰਘ, ਹਰਪ੍ਰੀਤ ਸਿੰਘ, ਸੂਰਜ ਸਿੰਘ, ਕੁਲਦੀਪ ਸਿੰਘ ਸੇਵਾਦਾਰ, ਰਾਮਦਾਸ ਜੀ ਸੇਵਾ ਸੁਸਾਇਟੀ ਅਤੇ ਸ੍ਰੀ ਸੁਖਮਨੀ ਸੇਵਾ ਸੁਸਾਇਟੀ ਦੇ ਮੈਂਬਰ ਹਾਜਰ ਸਨ .

## ਡਾ. ਮਨੋਹਰ ਸਿੰਘ ਵਲੋਂ ਕਾਂਗਰਸ ਹਾਈਕਮਾਨ ਵਲੋਂ ਐਲਾਨੇ ’ਇਕ ਪਰਿਵਾਰ, ਇਕ ਟਿਕਟ’ ਦਾ ਸਵਾਗਤ

ਬਸੀ ਪਠਾਣਾਂ, (ਪੱਤਰ ਪ੍ਰੇਰਕ)–ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਰਾ ਡਾ. ਮਨੋਹਰ ਸਿੰਘ ਵਲੋਂ ਅੱਜ ਬਸੀ ਪਠਾਣਾਂ ਵਿਖੇ ਆਪਣੇ ਦਫਤਰ ’ਚ ਪ੍ਰੈੱਸ ਵਾਰਤਾ ਕੀਤੀ ਗਈ . ਜਿਸ ਵਿਚ ਉਨ੍ਹਾਂ ਨੇ ਕਾਂਗਰਸ ਪਾਰਟੀ ਹਾਈਕਮਾਨ ਵਲੋਂ ਐਲਾਨੇ ਇਕ ਪਰਿਵਾਰ ਦੇ ਇਕ ਟਿਕਟ ਦੇ ਨਿਯਮਾਂ ਦਾ ਸਵਾਗਤ ਕੀਤਾ ਹੈ . ਬਸੀ ਪਠਾਣਾਂ ਵਿਧਾਨ ਸਭਾ ਹਲਕੇ ਤੋਂ ਪਾਰਟੀ ਟਿਕਟ ਦੇ ਚਾਹਵਾਨ ਡਾ: ਮਨੋਹਰ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਸਰਤ ਆਗੂਆਂ ਦੇ ਨਜਦੀਕੀ ਪਰਿਵਾਰਕ ਮੈਂਬਰਾਂ ਜਿਵੇਂ ਪਤੀ-ਪਤਨੀ, ਧੀਆਂ ਅਤੇ ਪੁੱਤਰਾਂ ’ਤੇ ਲਾਗੂ ਹੁੰਦੀ ਹੈ . ਕੋਈ ਵੀ ਵਿਅਕਤੀ, ਜੋ ਵੱਖ-ਵੱਖ ਪਰਿਵਾਰਾਂ ਵਜੋਂ ਰਹਿ ਰਹੇ ਨੇਤਾਵਾਂ ਦਾ ਭਰਾ ਜਾਂ ਰਿਸਤੇਦਾਰ ਹੈ, ਇਸ ਪ੍ਰੀਵੀਊ ਦੇ ਅਧੀਨ ਨਹੀਂ ਆਉਣਾ ਚਾਹੀਦਾ, ਕਿਉਂਕਿ ਹਰੇਕ ਨੂੰ ਕੰਮ ਕਰਨ ਅਤੇ ਸਮਾਜਿਕ ਸੇਵਾਵਾਂ ਦੇਣ ਦਾ ਅਧਿਕਾਰ ਹੈ . ਉਨ੍ਹਾਂ ਕਿਹਾ ਕਿ ਉਹ ਬਸੀ ਪਠਾਣਾਂ ਹਲਕੇ ’ਚ ਉਦੋਂ ਤੱਕ ਕੰਮ ਕਰਦੇ ਰਹਿਣਗੇ, ਜਦੋਂ ਤੱਕ ਇਲਾਕੇ ਦੇ ਲੋਕ ਚਾਹੁਣਗੇ . ਡਾ. ਮਨੋਹਰ ਨੇ ਕਿਹਾ ਇਹ ਸਥਾਨਕ ਜਨਤਾ ਦਾ ਫੈਸਲਾ ਹੋਵੇਗਾ ਕਿ ਹਲਕੇ ਦੀ ਨੁਮਾਇੰਦਗੀ ਕਿਸ ਨੂੰ ਕਰਨੀ ਚਾਹੀਦੀ ਹੈ . ਉਨ੍ਹਾਂ ਕਿਹਾ ਕਿ ਲੋਕ ਉਨ੍ਹਾਂ ਦਾ ਨਿੱਘਾ ਸਵਾਗਤ ਕਰ ਰਹੇ ਹਨ ਤੇ ਇਸ ਲਈ ਉਹ ਹਲਕੇ ’ਚ ਕੰਮ ਕਰ ਰਹੇ ਹਨ . ਇਸੇ ਦੌਰਾਨ ਡਾ: ਮਨੋਹਰ ਸਿੰਘ ਨੇ ਬਸੀ ਪਠਾਣਾਂ ਤੋਂ ਆਪਣੇ ਸਮਰਥਕਾਂ ਸਮੇਤ ਪੈਦਲ ਚੱਲ ਕੇ ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ।

### ਆਸ਼ਕੀ ’ਚ ਪਏ ਮੁੰਡਿਆਂ ਨੇ ਕੀਤੀ ਖੌਫ਼ਨਾਕ ਵਾਰਦਾਤ, ਕਤਲ ਕਰਕੇ ਜਮੀਨ ’ਚ ਦੱਬ ਦਿੱਤਾ 18 ਸਾਲਾ ਮੁੰਡਾ

ਲੁਧਿਆਣਾ , (ਪੱਤਰ ਪ੍ਰੇਰਕ)– ਨਿਊ ਸ਼ਿਮਲਾਪੁਰੀ ਕਾਲੋਨੀ ਦੇ ਰਹਿਣ ਵਾਲੇ ਇਕ 18 ਸਾਲਾ ਨੌਜਵਾਨ ਦੇ ਕਤਲ ਦੇ ਮਾਮਲੇ ’ਚ ਜੋਧੇਵਾਲ ਪੁਲਸ ਨੇ 2 ਕਥਿਤ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਤੁਸ਼ਾਰ ਕੁਮਾਰ ਨਾਮਕ ਇਸ ਨੌਜਵਾਨ ਦਾ ਕਤਲ ਆਸ਼ਕੀ ਦੀ ਵਜ੍ਹਾ ਨਾਲ ਕੀਤਾ ਦੱਸਿਆ ਜਾ ਰਿਹਾ ਹੈ। ਦੱਸ ਦੇਈਏ ਕਿ ਤੁਸ਼ਾਰ ਦੇ ਪਿਤਾ ਵਰਿੰਦਰ ਕੁਮਾਰ ਨੇ ਜੋਧੇਵਾਲ ਪੁਲਸ ਕੋਲ ਇਹ ਸ਼ਿਕਾਇਤ ਦਿੱਤੀ ਸੀ ਕਿ ਉਸ ਦਾ ਬੇਟਾ ਘਰੋਂ ਮੋਟਰਸਾਈਕਲ ’ਤੇ ਗਿਆ ਸੀ ਪਰ ਘਰ ਨਹੀਂ ਮੁੜਿਆ। ਸ਼ਿਕਾਇਤਕਰਤਾ ਪਿਤਾ ਨੇ ਆਪਣੀ ਸ਼ਿਕਾਇਤ ਵਿਚ ਇਸ ਗੱਲ ਦਾ ਵੀ ਸ਼ੱਕ ਪ੍ਰਗਟ ਕੀਤਾ ਸੀ ਕਿ ਉਸ ਦੇ ਬੇਟੇ ਨੂੰ ਕਿਸੇ ਨੇ ਆਪਣੇ ਸਵਾਰਥ ਦੀ ਖਾਤਰ ਅਗਵਾ ਕਰ ਕੇ ਰੱਖਿਆ ਹੈ। ਪੁਲਸ ਨੇ ਸ਼ਿਕਾਇਤ ਦੇ ਆਧਾਰ ’ਤੇ ਜਾਂਚ ਸ਼ੁਰੂ ਕਰਦਿਆਂ ਤੁਸ਼ਾਰ ਦੇ ਮੋਬਾਇਲ ਦੀ ਡਿਟੇਲ ਖੰਗਾਲੀ ਤਾਂ ਰੌਬਿਨ ਸਿੰਘ ਅਤੇ ਕੁਲਵਿੰਦਰ ਦੇ ਨੰਬਰ ਸਾਹਮਣੇ ਆਏ।

## ਠੇਕੇਦਾਰੀ ਸਿਸਟਮ ਖ਼ਤਮ ਕਰ ਕੇ ਸਰਕਾਰ ਆਪ ਚਲਾਵੇ ਬੱਸਾਂ : ਕਲੇਰ



ਵੇਰਕਾ, (ਪੱਤਰ ਪ੍ਰੇਰਕ)–ਵੇਰਕਾ ਬਾਈਪਾਸ ਸਥਿਤ ਮੈਟਰੋ ਬੱਸ ਡੀਪੂ ਗੇਟ ਮੂਹਰੇ ਮੈਟਰੋ ਡਰਾਈਵਰਾਂ ਤੇ ਮੁਲਾਜ਼ਮਾਂ ਦੇ ਧਰਨੇ ਦੌਰਾਨ ਬੀਆਰਟੀਐੱਸ ਇੰਪਲਾਈਜ਼ ਏਕਤਾ ਯੂਨੀਅਨ ਦੇ ਪ੍ਰਧਾਨ ਦਵਿੰਦਰ ਸਿੰਘ ਕਲੇਰ, ਜਨਰਲ ਸਕੱਤਰ ਮਹਿਤਾਬ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ 20 ਦਸੰਬਰ ਤੋਂ ਅੱਜ ਤੱਕ ਰੋਸ ਧਰਨੇ ਦੇ ਸੱਤ ਦਿਨ ਬੀਤ ਜਾਣ ਦੇ ਬਾਵਜੂਦ ਕਿਸੇ ਉੱਚ ਅਧਿਕਾਰੀ ਨੇ ਅੰਮ੍ਰਿਤਸਰ ਚੱਲਦੇ ਮੈਟਰੋ ਬੱਸ ਮੁਲਾਜ਼ਮਾਂ ਦੀ ਸਾਰ ਤਕ ਨਹੀਂ ਲਈ। ਮੀਟਿੰਗ ਵਿਚ ਮਤਾ ਪਾਸ ਕੀਤਾ ਗਿਆ ਕਿ ਜੇਕਰ ਸਰਕਾਰ ਠੇਕੇਦਾਰੀ ਸਿਸਟਮ ਬੰਦ ਕਰਕੇ ਕੰਟਰੋਲ ਆਪਣੇ ਹੱਥਾਂ ਵਿੱਚ ਲਵੇ ਤਾਂ ਲੋਕਾਂ ਦੀਆਂ ਦਰਪੇਸ਼ ਮੁਸ਼ਕਿਲਾਂ ਦੇ ਮੱਦੇਨਜ਼ਰ ਮੈਟਰੋ ਬੱਸ ਡਰਾਈਵਰ ਮੁਲਾਜ਼ਮ ਬੱਸਾਂ ਚਲਾਉਣ ਲਈ ਤਿਆਰ ਹਨ। ਮੈਟਰੋ ਮੁਲਾਜ਼ਮ ਮੰਗਾਂ ਸਬੰਧੀ ਮਸਲੇ ਦੇ ਢੁਕਵੇਂ ਹੱਲ ਲਈ ਯੂਨੀਅਨ ਆਗੂਆਂ ਪ੍ਰਧਾਨ ਦਵਿੰਦਰ ਸਿੰਘ ਕਲੇਰ ਨੇ ਪੰਜਾਬ ਸਰਕਾਰ, ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਪਾਰਲੀਮੈਂਟ ਮੈਂਬਰ ਗੁਰਜੀਤ ਸਿੰਘ ਔਜਲਾ, ਪੰਜਾਬ ਦੇ ਉਪ ਮੁੱਖ ਮੰਤਰੀ ਓ.ਪੀ ਸੋਨੀ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਕਮੇਟੀ ਪ੍ਰਧਾਨ ਅਤੇ ਹਲਕਾ ਪੂਰਬੀ ਦੇ ਵਿਧਾਇਕ ਨਵਜੋਤ ਸਿੰਘ ਸਿੱਧੂ ਨੂੰ ਮੰਗ ਪੱਤਰ ਵੀ ਸੌਂਪੇ ਹਨ। ਉਨ੍ਹਾਂ ਕਿਹਾ ਕਿ ਮੈਟਰੋ ਮੁਲਤਜ਼ਮਾਂ ਦੇ ਧਰਨੇ ਨੂੰ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪ੍ਰਧਾਨ ਸਰਵਕ ਸਿੰਘ ਪੰਧੇਰ ਦਾ ਸਮਰਥਨ ਵੀ ਮਿਲ ਚੁੱਕਾ ਹੈ। ਅੱਜ ਦੇ ਗੇਟ ਮੂਹਰੇ ਰੋਸ ਧਰਨੇ ’ਚ ਏਟਕ ਯੂਨੀਅਨ ਆਗੂ ਮੋਹਨ ਲਾਲ ਅਤੇ ਅਮਰਜੀਤ ਸਿੰਘ ਆਸਲ ਤੋਂ ਇਲਾਵਾ ਮਨਦੀਪ ਸਿੰਘ, ਕੁਲਵਿੰਦਰ ਸਿੰਘ, ਗੁਰਪਾਲ ਸਿੰਘ, ਹਰਜੀਤ ਸਿੰਘ, ਸੁਖਦੇਵ ਸਿੰਘ, ਕੁਲਦੀਪ ਸਿੰਘ, ਹਰਪਾਲ ਸਿੰਘ, ਹੀਰਾ ਸਿੰਘ, ਗੁਰਜੰਟ ਸਿੰਘ, ਕੁਲਦੀਪ ਸਿੰਘ, ਪਲਵਿੰਦਰ ਸਿੰਘ, ਨਿਰਮਲ ਸਿੰਘ, ਸੁਰਿੰਦਰ ਸਿੰਘ ਮੌਜੂਦ ਸਨ।

# ਪੁਰਾਣੀਆਂ ਪਾਰਟੀਆਂ, ਪੁਰਾਣੇ ਆਗੂਆਂ ਤੇ ਪੁਰਾਣੀ ਸਿਆਸਤ ਤੋਂ ਤੰਗ ਆ ਚੁੱਕੀ ਹੈ ਜਨਤਾ: ਕੇਜਰੀਵਾਲ



ਚੰਡੀਗੜ੍ਹ, (ਪੱਤਰ ਪ੍ਰੇਰਕ)– ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਚੰਡੀਗੜ੍ਹ ਅਤੇ ਪੰਜਾਬ ਸਮੇਤ ਪੂਰੇ ਦੇਸ਼ ਦੀ ਜਨਤਾ ਪੁਰਾਣੀਆਂ ਰਿਵਾਇਤੀ ਪਾਰਟੀਆਂ, ਪੁਰਾਣੇ ਆਗੂਆਂ ਅਤੇ ਪੁਰਾਣੀ ਕਿਸਮ ਦੀ ਸਿਆਸਤ ਤੋਂ ਬੁਰੀ ਤਰਾਂ ਤੰਗ ਆ ਚੁੱਕੀ ਹੈ। ਲੋਕ ਭ੍ਰਿਸ਼ਟਤੰਤਰ ਤੋਂ ਨਿਜਾਤ ਚਾਹੁੰਦੇ ਹਨ। ਦਿੱਲੀ ਤੋਂ ਬਾਅਦ ਚੰਡੀਗੜ੍ਹ ਦੇ ਚੋਣ ਨਤੀਜੇ ਇਸ ਦੀ ਪ੍ਰਤੱਖ ਮਿਸਾਲ ਹਨ। ਜਨਤਾ ਨੇ ਪੁਰਾਣਿਆਂ ਨੂੰ ਝਟਕਾ ਦੇ ਕੇ ਨਵੀਂ ਪਾਰਟੀ (ਆਪ), ਨਵੇਂ ਚਿਹਰੇ ਅਤੇ ਇਮਾਨਦਾਰ ਰਾਜਨੀਤੀ ਨੂੰ ਚੁਣਿਆ ਹੈ। ਮੰਗਲਵਾਰ ਨੂੰ ਜਾਰੀ ਬਿਆਨ ਰਾਹੀਂ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਚੰਡੀਗੜ੍ਹ ਦੀ ਜਨਤਾ ਨੇ ਨਗਰ ਨਿਗਮ ਚੋਣਾਂ ’ਚ ਸੱਚਮੁੱਚ ਚਮਤਕਾਰ ਕਰ ਦਿਖਾਇਆ ਹੈ। ਕਈ ਵੱਡੇ ਵੱਡੇ ਦਿਗਜਾਂ ਨੂੰ ਹਰਾ ਕੇ ਬਿਲਕੁਲ ਨਵੇਂ ਚਿਹਰਿਆਂ ਨੂੰ ਚੁਣਿਆ ਹੈ। ਭਾਜਪਾ ਦੇ ਮੌਜੂਦਾ ਮੇਅਰ, 2 ਸਾਬਕਾ ਮੇਅਰ ਅਤੇ ਭਾਜਪਾ ਦੇ ਯੁਵਾ ਵਿੰਗ ਦੇ ਪ੍ਰਧਾਨ ਸਮੇਤ ਕਈ ਹੋਰ ਪੁਰਾਣੇ ਦਿੱਗਜਾਂ ਨੂੰ ਹਰਾ ਕੇ ਰਿਵਾਇਤੀ ਦਲਾਂ ਦੇ ਸਿੰਘਾਸਣ ਹਿਲਾ ਦਿੱਤੇ ਗਏ, ਕਿਉਂਕਿ ਲੋਕਾਂ ਨੇ ਆਮ ਆਦਮੀ ਪਾਰਟੀ ਅਤੇ ਇਸ ਦੇ ਨਵੇਂ ਚਿਹਰਿਆਂ ’ਤੇ ਵਿਸ਼ਵਾਸ ਜਤਾਇਆ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਚੰਡੀਗੜ੍ਹ ਦੇ ਨਤੀਜਿਆਂ ਨੇ ਵਿਰੋਧੀਆਂ ਵੱਲੋਂ ਆਮ ਆਦਮੀ ਪਾਰਟੀ ਬਾਰੇ ਮਿੱਥਾਂ ਅਤੇ ਕੂੜ-ਪ੍ਰਚਾਰਾਂ ਨੂੰ ਖ਼ਤਮ ਕਰ ਦਿੱਤਾ ਹੈ। ਕੇਜਰੀਵਾਲ ਅਨੁਸਾਰ, ’’ਮੈਨੂੰ ਯਾਦ ਹੈ ਜਦੋਂ 2017 ਦੇ ਚੋਣ ਨਤੀਜਿਆਂ ਉਪਰੰਤ ’ਸਿਆਸੀ ਪੰਡਿਤ’ ਕਹਿੰਦੇ ਸਨ ਕਿ 2017 ਦੀਆਂ ਚੋਣਾਂ ’ਚ ਆਮ ਆਦਮੀ ਪਾਰਟੀ ਦਾ ਸ਼ਹਿਰੀ ਵੋਟਰਾਂ ਨੇ ਸਾਥ ਨਹੀਂ ਦਿੱਤੀ। ਸ਼ਹਿਰੀ ਵੋਟਾਂ ਘੱਟ ਮਿਲੀਆਂ। ਪਰੰਤੂ ਚੰਡੀਗੜ੍ਹ ਦੀ ਜਿੱਤ ਨੇ ਸਾਬਤ ਕਰ ਦਿੱਤਾ ਹੈ ਕਿ ਇਸ ਬਾਰ ਪੰਜਾਬ ਦੀ ਸ਼ਹਿਰੀ ਜਨਤਾ ਵੀ ਮਜ਼ਬੂਤੀ ਅਤੇ ਪੂਰੇ ਵਿਸ਼ਵਾਸ ਨਾਲ ਆਮ ਆਦਮੀ ਪਾਰਟੀ ਨਾਲ ਖੜ੍ਹਾ ਹੈ। ਅੱਜ ਪੰਜਾਬ ਦੇ ਸਮੁੱਚੇ ਗ੍ਰਾਮੀਣ ਅਤੇ ਸ਼ਹਿਰੀ ਲੋਕ ਆਮ ਆਦਮੀ ਪਾਰਟੀ ਨੂੰ ਵੱਡੀ ਉਮੀਦ ਵਜੋਂ ਦੇਖ ਰਹੇ ਹਨ, ਕਿਉਂਕਿ ਰਿਵਾਇਤੀ ਪੁਰਾਣੀਆਂ ਪਾਰਟੀਆਂ ਨੂੰ ਵਾਰ-ਵਾਰ ਮੌਕੇ ਦੇ ਕੇ ਬੁਰੀ ਤਰਾਂ ਨਿਰਾਸ਼ ਅਤੇ ਤੰਗ ਆ ਚੁੱਕੇ ਹਨ। ਪੂਰਾ ਪੰਜਾਬ ਬਦਲਾਅ ਚਾਹੁੰਦਾ ਹੈ। ਦਿੱਲੀ ਅਤੇ ਚੰਡੀਗੜ੍ਹ ਵਾਂਗ ਪੰਜਾਬ ਵੀ ਨਵੇਂ ਚਿਹਰੇ ਅਤੇ ਇਮਾਨਦਾਰ ਰਾਜਨੀਤੀ ਚਾਹੁੰਦਾ ਹੈ। ਕੇਜਰੀਵਾਲ ਨੇ ਕਿਹਾ ਕਿ ਚੰਡੀਗੜ੍ਹ ਦੀ ਜਨਤਾ ਦੇ ਫ਼ਤਵੇ ਦੇ ਸਨਮਾਨ ’ਚ ਆਮ ਆਦਮੀ ਪਾਰਟੀ ਸਭ ਨੂੰ ਸਾਥ ਲੈ ਕੇ ਚੱਲੇਗੀ, ਬੇਸ਼ੱਕ ਉਹ ਕਿਸੇ ਹੋਰ ਪਾਰਟੀ ਦਾ ਕਿਉਂ ਨਾ ਹੋਵੇ।

## 31 ਦਸੰਬਰ ਨੂੰ ਕੇਜਰੀਵਾਲ ਪੁੱਜਣਗੇ ਪਟਿਆਲਾ, ਹੋਵੇਗਾ ਸ਼ਾਂਤੀ ਮਾਰਚ



ਪਟਿਆਲਾ , (ਰਾਹੁਲ ਸ਼ਰਮਾ)– ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 31 ਦਸੰਬਰ ਨੂੰ ਪਟਿਆਲਾ ਪੁੱਜ ਰਹੇ ਹਨ। ਆਮ ਆਦਮੀ ਪਾਰਟੀ ਵੱਲੋਂ ਇਸ ਦਿਨ ਸ਼ਹਿਰ ਵਿੱਚ ਸ਼ਾਂਤੀ ਮਾਰਚ ਕੱਢਿਆ ਜਾਣਾ ਹੈ ਜਿਸ ਵਿਚ ਕੇਜਰੀਵਾਲ ਤੋਂ ਇਲਾਵਾ ਪਾਰਟੀ ਦੇ ਹੋਰ ਵੱਡੇ ਲੀਡਰ ਵੀ ਹਿੱਸਾ ਲੈਣਗੇ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਆਮ ਆਦਮੀ ਪਾਰਟੀ ਲੀਗਲ ਵਿੰਗ ਦੇ ਜਨਰਲ ਸਕੱਤਰ ਸੁਖਜਿੰਦਰ ਆਨੰਦ ਨੇ ਕਿਹਾ ਕਿ ਮਾਰਚ ਸੰਬੰਧੀ ਜਲ੍ਹਿਾ ਪ੍ਰਸ਼ਾਸਨ ਤੋਂ ਮਨਜੂਰੀ ਲੈ ਲਈ ਗਈ ਹੈ ਅਤੇ ਇਸ ਤੋਂ ਇਲਾਵਾ ਪ੍ਰਧਾਨ ਤੇਜਿੰਦਰ ਮਹਿਤਾ ਅਤੇ ਮੇਘ ਚੰਦ ਸ਼ਰਮਾ ਦੀ ਅਗਵਾਈ ਹੇਠ ਸਾਰੀਆਂ ਤਿਆਰੀਆਂ ਮੁਕੰਮਲ ਕੀਤੀਆਂ ਜਾ ਰਹੀਆਂ ਹਨ। ਆਮ ਆਦਮੀ ਪਾਰਟੀ ਦਾ ਸ਼ਾਂਤੀ ਮਾਰਚ ਸ਼ੇਰਾਂਵਾਲਾ ਗੇਟ ਤੋਂ ਸ਼ੁਰੂ ਹੋ ਕੇ ਫੁਹਾਰਾ ਚੌਕ ਤੋਂ ਹੁੰਦਾ ਹੋਇਆ ਲੀਲਾ ਭਵਨ ਚੌਕ ਤਕ ਪੁੱਜੇਗਾ। ਦੱਸ ਦਈਏ ਕਿ ਚੋਣਾਂ ਦੇ ਮੱਦੇਨਜਰ ਅਰਵਿੰਦ ਕੇਜਰੀਵਾਲ ਦਾ ਪਟਿਆਲਾ ਵਿਖੇ ਪਹਿਲਾ ਦੌਰਾ ਹੈ ਅਤੇ ਇਸ ਦੌਰਾਨ ਕੇਜਰੀਵਾਲ ਵੱਲੋਂ ਨਵੀਂਆਂ ਗਰੰਟੀਆਂ ਦਿੱਤੇ ਜਾਣ ਦੀ ਸੰਭਾਵਨਾ ਹੈ।

## ਨਗਰ ਕੀਰਤਨ 'ਚ ਗਤਕਾ ਟੀਮਾਂ ਨੇ ਦਿਖਾਏ ਜੌਹਰ

ਖਮਾਣੋਂ, (ਪੱਤਰ ਪ੍ਰੇਰਕ)-ਫਤਹਿਗੜ੍ਹ ਸਾਹਿਬ ਵਿਖੇ ਸਾਲਾਨਾ ਜੋੜ ਮੇਲ ਮੌਕੇ ਸਾਹਿਬਜਾਦਾ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਜੀ ਦੀ ਲਾਸਾਨੀ ਸਹਾਦਤ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਗਿਆ . ਜਿਸ 'ਚ ਇੰਟਰਨੈਸਨਲ ਸਿੱਖ ਮਾਰਸਲ ਆਰਟ ਕੌਂਸਲ ਦੀਆਂ ਵੱਖ-ਵੱਖ ਗੱਤਕਾ ਟੀਮਾਂ ਨੇ ਜੌਹਰ ਦਿਖਾਏ . ਇਸ ਮੌਕੇ 'ਏਕ ਪਿਤਾ ਏਕਸ ਕੇ ਹਮ ਬਾਰਿਕ' ਗੱਤਕਾ ਅਖਾੜਾ ਮੁੰਡੀ ਖਰੜ, ਮੋਹਾਲੀ, ਕਲਗੀਧਰ ਗੱਤਕਾ ਅਖਾੜਾ ਪਿੰਡ ਭਾਂਬਰੀ, ਖਮਾਣੋਂ, ਬਾਬਾ ਫਤਹਿ ਸਿੰਘ ਜੀ ਗੱਤਕਾ ਅਖਾੜਾ ਸੈਕਟਰ 40 ਚੰਡੀਗੜ੍ਹ, ਬਾਬਾ ਦੀਪ ਸਿੰਘ ਗੱਤਕਾ ਅਖਾੜਾ ਬਰੌਲੀ, ਗੁਰੂ ਹਰਗੋਬਿੰਦ ਸਾਹਿਬ ਗੱਤਕਾ ਅਖਾੜਾ ਛੱਜੂ ਮਾਜਰਾ, ਬੀਬੀ ਹਰਸਰਨ ਕੌਰ ਗੱਤਕਾ ਅਖਾੜਾ ਬਡਾਲੀ ਆਲਾ ਸਿੰਘ ਨੇ ਭਾਗ ਲਿਆ .

## 'ਆਪ' ਵਲੋਂ ਵਿਧਾਨ ਸਭਾ ਚੋਣਾਂ ਲਈ ਪੰਜਵੀਂ ਸੂਚੀ ਜਾਰੀ, 15 ਹੋਰ ਉਮੀਦਵਾਰਾਂ ਦਾ ਕੀਤਾ ਐਲਾਨ



ਚੰਡੀਗੜ੍ਹ , (ਸੁਰਿੰਦਰ ਸਿੰਘ)-ਆਮ ਆਦਮੀ ਪਾਰਟੀ ਨੇ ਸਾਲ 2022 ਵਿਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਅੱਜ ਪਾਰਟੀ ਉਮੀਦਵਾਰਾਂ ਦੇ ਨਾਵਾਂ ਵਾਲੀ ਪੰਜਵੀਂ ਸੂਚੀ ਜਾਰੀ ਕਰ ਦਿੱਤੀ ਹੈ। 'ਆਪ' ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਅਤੇ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਤੇ ਦਿੱਲੀ ਤੋਂ ਵਿਧਾਇਕ ਜਰਨੈਲ ਸਿੰਘ ਦੇ ਦਸਤਖਤਾਂ ਹੇਠ ਜਾਰੀ ਇਸ ਸੂਚੀ ਵਿਚ 15 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕੀਤਾ ਗਿਆ ਹੈ। ਇਸ ਸੂਚੀ ਤਹਿਤ ਡੇਰਾ ਬਾਬਾ ਨਾਨਕ ਤੋਂ ਗੁਰਦੀਪ ਸਿੰਘ ਰੰਧਾਵਾ, ਰਾਜਾਸੰਸੀ ਤੋਂ ਬਲਦੇਵ ਸਿੰਘ ਮਿਆਦੀਆਂ, ਕਪੂਰਥਲਾ ਤੋਂ ਮੰਜੂ ਰਾਣਾ, ਸ਼ਾਹਕੋਟ ਤੋਂ ਰਤਨ ਸਿੰਘ ਕਾਕੜਕਲਾਂ, ਜਲੰਧਰ ਪੱਛਮੀ ਤੋਂ ਸ਼ੀਤਲ ਅੰਗੁਰਾਲ, ਆਦਮਪੁਰ ਤੋਂ ਜੀਤ ਸਿੰਘ ਭੱਟੀ, ਬੰਗਾ ਤੋਂ ਕੁਲਜੀਤ ਸਿੰਘ ਸਰਹਾਲ, ਸ੍ਰੀ ਚਮਕੌਰ ਸਾਹਿਬ ਤੋਂ ਡਾਕਟਰ ਚਰਨਜੀਤ ਸਿੰਘ, ਐੱਸ. ਏ. ਐੱਸ. ਨਗਰ ਤੋਂ ਕੁਲਵੰਤ ਸਿੰਘ, ਬੱਸੀ ਪਠਾਣਾ ਤੋਂ ਰੁਪਿੰਦਰ ਸਿੰਘ ਹੈਪੀ, ਲੁਧਿਆਣਾ ਦੱਖਣੀ ਤੋਂ ਰਜਿੰਦਰਪਾਲ ਕੌਰ ਛੀਨਾ, ਫਿਰੋਜਪੁਰ ਸ਼ਹਿਰੀ ਤੋਂ ਰਣਵੀਰ ਸਿੰਘ ਭੁੱਲਰ, ਬਠਿੰਡਾ ਸ਼ਹਿਰੀ ਤੋਂ ਜਗਰੂਪ ਸਿੰਘ ਗਿੱਲ, ਅਮਰਗੜ੍ਹ ਤੋਂ ਜਸਵੰਤ ਸਿੰਘ ਗੱਜਣਮਾਜਰਾ ਅਤੇ ਨਾਭਾ ਤੋਂ ਗੁਰਦੇਵ ਸਿੰਘ ਦੇਵ ਮਾਨ ਨੂੰ ਉਮੀਦਵਾਰ ਐਲਾਨਿਆ ਗਿਆ ਹੈ।

### ਡੇਰਾਬੱਸੀ 'ਚ 6 ਸਾਲਾ ਬੱਚੀ ਸੀਵਰੇਜ ਦੇ ਖੱਡੇ 'ਚ ਡਿਗੀ, ਮੌਤ

ਡੇਰਾਬੱਸੀ , (ਪੱਤਰ ਪ੍ਰੇਰਕ)- ਪਿੰਡ ਮੁਬਾਰਕਪੁਰ ਵਿਖੇ 6 ਸਾਲਾ ਬੱਚੀ ਦੀ ਸੀਵਰੇਜ ਦੇ ਖੱਡੇ 'ਚ ਡਿੱਗਣ ਨਾਲ ਮੌਤ ਹੋਣ ਦੀ ਸੂਚਨਾ ਪ੍ਰਾਪਤ ਹੋਈ ਹੈ। ਬੱਚੀ ਦੀ ਪਛਾਣ ਮੋਹਿਨੀ ਪੁੱਤਰੀ ਰਵਿੰਦਰ ਕੁਮਾਰ ਵਾਸੀ ਮੀਰਪੁਰ ਵਜੋਂ ਹੋਈ ਹੈ। ਪੁਲਸ ਨੇ ਲਾਸ਼ ਸਿਵਲ ਹਸਪਤਾਲ ਦੇ ਮੁਰਦਾਘਰ 'ਚ ਰਖਵਾ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਮਿਲੀ ਜਾਣਕਾਰੀ ਮੁਤਾਬਕ ਬੀਤੀ ਸ਼ਾਮ ਕਰੀਬ ਪੰਜ ਵਜੇ ਮੋਹਿਨੀ ਆਪਣੇ ਘਰ ਨੇੜੇ ਖੇਡ ਰਹੀ ਸੀ।ਇਸ ਦੌਰਾਨ ਉਹ ਉੱਥੇ ਨੇੜੇ ਬਣ ਰਹੇ ਮਕਾਨ ਦੇ ਸੀਵਰੇਜ ਦੇ ਖੱਡੇ 'ਚ ਡਿੱਗ ਗਈ। ਉਸ ਦੀ ਲਾਸ਼ ਨੂੰ ਗੁਆਂਢ ਦੇ ਲੋਕਾਂ ਨੇ ਪਾਣੀ 'ਚ ਤੈਰਦੇ ਹੋਏ ਦੇਖਿਆ। ਉਸ ਨੂੰ ਤੁਰੰਤ ਡੇਰਾਬੱਸੀ ਸਿਵਲ ਹਸਪਤਾਲ ਵਿਖੇ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

## ਕਾਂਗਰਸ ਨੂੰ ਮਾਝੇ 'ਚ ਵੱਡਾ ਝਟਕਾ, ਫਤਿਹਜੰਗ ਸਿੰਘ ਬਾਜਵਾ ਭਾਜਪਾ ਵਿਚ ਸ਼ਾਮਲ




ਚੰਡੀਗੜ੍ਹ/ਗੁਰਦਾਸਪੁਰ , (ਪੱਤਰ ਪ੍ਰੇਰਕ)-ਸਾਲ 2022 ਵਿਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੀ ਕਾਂਗਰਸ ਨੂੰ ਮਾਝੇ ਵਿਚ ਬਹੁਤ ਵੱਡਾ ਝਟਕਾ ਲੱਗਾ ਹੈ। ਕਾਦੀਆਂ ਹਲਕੇ ਤੋਂ ਵਿਧਾਇਕ ਅਤੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਦੇ ਭਰਾ ਫਤਿਹਜੰਗ ਸਿੰਘ ਬਾਜਵਾ ਭਾਜਪਾ ਵਿਚ ਸ਼ਾਮਲ ਹੋ ਗਏ ਹਨ। ਫਤਿਹਜੰਗ ਸਿੰਘ ਬਾਜਵਾ ਮਾਝੇ ਦੀ ਸਿਆਸਤ ਵਿਚ ਵੱਡਾ ਚਿਹਰਾ ਹਨ ਅਤੇ ਬੀਤੇ ਦਿਨੀਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਉਨ੍ਹਾਂ ਦੇ ਹੱਕ ਵਿਚ ਰੈਲੀ ਵੀ ਕੀਤੀ ਸੀ। ਭਾਜਪਾ ਵਲੋਂ ਇਸ ਕਾਰਵਾਈ ਨੂੰ ਮਾਸਟਰ ਸਟਰੋਕ ਵਜੋਂ ਦੇਖਿਆ ਜਾ ਰਿਹਾ ਹੈ। ਫਤਿਹਜੰਗ ਬਾਜਵਾ ਕਾਂਗਰਸ ਦੇ ਸੀਨੀਅਰ ਆਗੂਆਂ ਵਿਚ ਆਉਂਦੇ ਹਨ ਅਤੇ ਦੋ ਵਾਰ ਵਿਧਾਇਕ ਰਹਿ ਚੁੱਕੇ ਹਨ। ਇਸ ਨੂੰ ਕਾਂਗਰਸ ਨੂੰ ਵੱਡੇ ਝਟਕੇ ਵਜੋਂ ਦੇਖਿਆ ਜਾ ਸਕਦਾ ਹੈ। ਵੱਡੇ ਭਰਾ ਪ੍ਰਤਾਪ ਸਿੰਘ ਬਾਜਵਾ ਨਾਲ ਕਾਦੀਆਂ ਸੀਟ ਨੂੰ ਲੈ ਕੇ ਚੱਲ ਰਿਹਾ ਸੀ ਵਿਵਾਦ ਦੱਸਣਯੋਗ ਹੈ ਕਿ ਫਤਿਹਜੰਗ ਸਿੰਘ ਬਾਜਵਾ ਦਾ ਵੱਡੇ ਭਰਾ ਪ੍ਰਤਾਪ ਸਿੰਘ ਬਾਜਵਾ ਨਾਲ ਕਾਦੀਆਂ ਸੀਟ ਨੂੰ ਲੈ ਕੇ ਵਿਵਾਦ ਚੱਲ ਰਿਹਾ ਸੀ। ਭਾਵੇਂ ਫਤਿਹਜੰਗ ਬਾਜਵਾ ਕਾਦੀਆਂ ਤੋਂ ਮੌਜੂਦਾ ਵਿਧਾਇਕ ਹਨ ਪਰ ਪ੍ਰਤਾਪ ਸਿੰਘ ਬਾਜਵਾ ਖੁੱਲ੍ਹੇ ਤੌਰ 'ਤੇ ਆਖ ਰਹੇ ਸਨ ਕਿ ਇਸ ਵਾਰ ਕਾਦੀਆਂ ਸੀਟ ਤੋਂ ਉਹ ਵਿਧਾਨ ਸਭਾ ਚੋਣਾਂ ਲੜਨਗੇ। ਇਸ ਦੌਰਾਨ ਬੀਤੇ ਦਿਨੀਂ ਨਵਜੋਤ ਸਿੱਧੂ ਨੇ ਫਤਿਹਜੰਗ ਬਾਜਵਾ ਦੇ ਹੱਕ ਵਿਚ ਰੈਲੀ ਵੀ ਕੀਤੀ ਸੀ ਅਤੇ ਇਸ ਹਲਕੇ ਤੋਂ ਉਨ੍ਹਾਂ ਨੇ ਅਸਿੱਧੇ ਤੌਰ 'ਤੇ ਫਤਿਹਜੰਗ ਨੂੰ ਉਮੀਦਵਾਰ ਵੀ ਐਲਾਨ ਦਿੱਤਾ ਸੀ। ਇਸ ਦੇ ਉਲਟ ਪ੍ਰਤਾਪ ਸਿੰਘ ਬਾਜਵਾ ਕਾਦੀਆਂ ਸੀਟ 'ਤੇ ਲਗਾਤਾਰ ਆਪਣੀ ਦਾਅਵੇਦਾਰੀ ਜਤਾ ਰਹੇ ਸਨ।

ਬਾਜਵਾ ਭਰਾਵਾਂ ਵਿਚਾਲੇ ਹੋ ਸਕਦੀ ਹੈ ਟੱਕਰਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੁਣ ਜਦੋਂ ਫਤਿਹਜੰਗ ਸਿੰਘ ਬਾਜਵਾ ਨੇ ਕਾਂਗਰਸ ਛੱਡ ਕੇ ਭਾਜਪਾ ਦਾ ਪੱਲਾ ਫੜ ਲਿਆ ਹੈ ਅਤੇ ਉਹ ਕਾਦੀਆਂ ਤੋਂ ਹੀ ਭਾਜਪਾ ਦੇ ਉਮੀਦਵਾਰ ਵੀ ਹੋ ਸਕਦੇ ਹਨ, ਜਦਕਿ ਹੁਣ ਇਹ ਵੀ ਸੰਭਵ ਹੈ ਕਿ ਪ੍ਰਤਾਪ ਬਾਜਵਾ ਕਾਦੀਆਂ ਸੀਟ ਤੋਂ ਕਾਂਗਰਸ ਵਲੋਂ ਹੀ ਚੋਣ ਲੜਨਗੇ ਤਾਂ ਅਜਿਹੇ ਵਿਚ ਦੋਵੇਂ ਭਰਾ ਇਕ ਦੂਜੇ ਨੂੰ ਸਖਤ ਟੱਕਰ ਦਿੰਦੇ ਨਜ਼ਰ ਆ ਸਕਦੇ ਹਨ। ਫਤਿਹਜੰਗ ਸਿੰਘ ਬਾਜਵਾ ਦੋ ਵਾਰ ਕਾਦੀਆਂ ਹਲਕੇ ਤੋਂ ਵਿਧਾਇਕ ਰਹਿ ਚੁੱਕੇ ਹਨ ਅਤੇ ਇਥੇ ਚੰਗਾ ਰਸੂਖ ਰੱਖਦੇ ਹਨ। ਭਾਵੇਂ ਅਜੇ ਤਕ ਇਨ੍ਹਾਂ ਸੀਟਾਂ 'ਤੇ ਕਾਂਗਰਸ ਅਤੇ ਭਾਜਪਾ ਵਲੋਂ ਉਮੀਦਵਾਰਾਂ ਦਾ ਐਲਾਨ ਨਹੀਂ ਹੋਇਆ ਪਰ ਬਾਜਵਾ ਭਰਾਵਾਂ ਲਈ ਕਾਦੀਆਂ ਸੀਟ ਵੱਕਾਰ ਦਾ ਸਵਾਲ ਜ਼ਰੂਰ ਬਣ ਗਈ ਹੈ।

## ਕਮਿਊਨਿਟੀ ਸਰਵਿਸ ਅਧੀਨ ਕੁਸ਼ਟ ਆਸ਼ਰਮ ਦਾ ਦੌਰਾ

ਬਸੀ ਪਠਾਣਾਂ, (ਪੱਤਰ ਪ੍ਰੇਰਕ)-ਪਾਈਨ ਗਰੋਵ ਕਾਲਜ ਆਫ ਐਜੂਕੇਸਨ, ਬਸੀ ਪਠਾਣਾਂ ਦੇ ਬੀ.ਐੱਡ ਕੋਰਸ ਸਮੈਸਟਰ ਤੀਜੇ ਦੇ ਵਿਦਿਆਰਥੀਆਂ ਵਲੋਂ ਕਮਿਊਨਿਟੀ ਸਰਵਿਸ ਅਧੀਨ ਕੁਸਟ ਆਸਰਮ ਸਰਹਿੰਦ ਦਾ ਦੌਰਾ ਕੀਤਾ ਗਿਆ . ਇੰਚਾਰਜ ਪਵਨਦੀਪ ਕੌਰ ਤੇ ਅਮਨਪ੍ਰੀਤ ਕੌਰ ਨੇ ਦੱਸਿਆ ਕਿ ਕਮਿਊਨਿਟੀ ਸਰਵਿਸ ਅਧੀਨ ਵਿਦਿਆਰਥੀਆਂ 'ਚ ਸਮਾਜ ਸੇਵਾ ਦੀ ਭਾਵਨਾ ਪੈਦਾ ਕੀਤੀ ਜਾਂਦੀ ਹੈ . ਵਿਦਿਆਰਥੀਆਂ ਨੂੰ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਲਈ ਉਤਸਾਹਿਤ ਕੀਤਾ ਜਾਂਦਾ ਹੈ ਅਤੇ ਸਮਾਜ ਤੋਂ ਟੁੱਟੇ ਹੋਏ ਲੋਕਾਂ ਨਾਲ ਰਾਬਤਾ ਕਾਇਮ ਕੀਤਾ ਜਾਂਦਾ ਹੈ . ਜਿਸ ਨਾਲ ਉਨ੍ਹਾਂ ਦਾ ਮਨੋਬਲ ਵਧਦਾ ਹੈ ਤੇ ਉਹ ਉਤਸਾਹਿਤ ਹੋ ਕੇ ਜੀਵਨ ਦਾ ਆਨੰਦ ਮਾਣਦੇ ਹਨ . ਵਿਦਿਆਰਥਣਾਂ ਨੇ ਆਸਰਮ ਦੀ ਸਾਫ ਸਫਾਈ ਕੀਤੀ ਤੇ ਬੂਟੇ ਵੀ ਲਾਏ . ਉਨ੍ਹਾਂ ਆਸਰਮ 'ਚ ਰਹਿ ਰਹੇ ਲੋਕਾਂ ਨਾਲ ਵਿਚਾਰ ਸਾਂਝੇ ਕੀਤੇ ਤੇ ਗੁਪਤ ਦਾਨ ਵੀ ਦਿੱਤਾ . ਅੰਤ 'ਚ ਸਾਰੇ ਵਿਦਿਆਰਥੀਆਂ ਨੇ ਆਸਰਮ 'ਚ ਰਹਿ ਰਹੇ ਵਾਸੀਆਂ ਨੂੰ ਫੁੱਲ ਤੇ ਮਠਿਆਈਆਂ ਵੰਡੀਆਂ . ਪ੍ਰਿੰ: ਡਾ. ਦੀਪਾਲੀ ਸਿੰਗਲਾ ਨੇ ਮਨੁੱਖਤਾ ਦੇ ਨਾਂਅ ਦਿੱਤੇ ਆਪਣੇ ਸੰਦੇਸ 'ਚ ਕਿਹਾ ਕਿ ਸਾਰੇ ਇਨਸਾਨ ਪ੍ਰਮਾਤਮਾ ਦੇ ਬਣਾਏ ਹੋਏ ਹਨ, ਇਸ ਲਈ ਕਿਸੇ ਦੇ ਨਾਲ ਵੀ ਵਿਤਕਰਾ ਨਹੀਂ ਕਰਨਾ ਚਾਹੀਦਾ .

# ਬੀਰ ਦਵਿੰਦਰ ਸਿੰਘ ਨੇ ਢੀਂਡਸਾ ਦੇ ਅਕਾਲੀ ਦਲ ਸੰਯੁਕਤ ਦੀ ਮੁੱਢਲੀ ਮੈਂਬਰਸ਼ਿਪ ਤੋਂ ਦਿੱਤਾ ਅਸਤੀਫ਼ਾ

ਮੁਹਾਲੀ , (ਪੱਤਰ ਪ੍ਰੇਰਕ)- ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਨੇ ਅੱਜ ਆਪਣੀ ਚੁੱਪੀ ਤੋੜਦਿਆਂ ਰਾਜ ਸਭਾ ਦੇ ਮੈਂਬਰ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਅਤੇ ਸਰਪ੍ਰਸਤ ਰਣਜੀਤ ਸਿੰਘ ਬ੍ਰਹਮਪੁਰਾ ਇਨ੍ਹਾਂ ਦੋਵਾਂ ਨੇ ਭਾਜਪਾ ਅਤੇ ਬਾਦਲ ਪਰਿਵਾਰ ਦੇ ਅਕਾਲੀ ਦਲ ਕੋਲ ਪੰਥ ਅਤੇ ਪੰਜਾਬ ਨੂੰ ਵੇਚ ਦਿੱਤਾ ਹੈ। ਇਸ ਲਈ ਹੁਣ ਉਨ੍ਹਾਂ ਦਾ ਉੱਥੇ ਅਕਾਲੀ ਦਲ (ਸੰਯੁਕਤ) ਵਿਚ ਬੈਠੇ ਰਹਿਣ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ ਹੈ।ਅੱਜ ਇੱਥੇ ਸਾਬਕਾ ਡਿਪਟੀ ਸਪੀਕਰ ਨੇ ਕਿਹਾ ਕਿ ਜਿੱਥੇ ਢੀਂਡਸਾ ਅਤੇ ਬ੍ਰਹਮਪੁਰਾ ਨੇ ਪੰਜਾਬ, ਪੰਜਾਬੀਅਤ ਅਤੇ ਪੰਥ ਨਾਲ ਵਿਸ਼ਵਾਸਘਾਤ ਕੀਤਾ ਹੈ, ਉੱਥੇ ਕਿਸਾਨ ਜਥੇਬੰਦੀਆਂ ਦੇ ਚੌਧਰੀ ਬਣੇ ਆਗੂਆਂ ਨੇ ਵੀ ਪੰਜਾਬ ਦੇ ਲੋਕਾਂ ਨਾਲ ਸਿਰੇ ਦਾ ਵਿਸ਼ਵਾਸਘਾਤ ਕੀਤਾ ਹੈ। ਉਨ੍ਹਾਂ ਕਿਹਾ ਕਿ ਜਿੰਨੀ ਦੇਰ ਤੱਕ ਕਿਸਾਨ ਅੰਦੋਲਨ ਚੱਲਦਾ ਰਿਹਾ। ਉਨ੍ਹਾਂ ਨੇ ਪਹਿਲੇ ਦਿਨ ਤੋਂ ਹੀ ਕਿਸਾਨੀ ਸੰਘਰਸ਼ ਦਾ ਸਮਰਥਨ ਕੀਤਾ ਅਤੇ ਕਿਸਾਨਾਂ ਨੂੰ ਤਕੜਾ ਕਰਨ ਲਈ ਉਨ੍ਹਾਂ ਦੀ ਮਦਦ ਕੀਤੀ ਗਈ। ਉਦੋਂ ਕਿਸਾਨ ਜਥੇਬੰਦੀਆਂ ਨੇ 'ਸਾਡੇ ਮੰਚ ਤੇ ਨਾ ਚੜ੍ਹਿਓ' ਕਹਿ ਕੇ ਕਿਸੇ ਵੀ ਸਿਆਸੀ ਆਗੂ ਨੂੰ ਮੰਚ 'ਤੇ ਬੋਲਣ ਤੱਕ ਨਹੀਂ ਸੀ ਦਿੱਤਾ ਅਤੇ ਆਖਦੇ ਸੀ ਕਿ ਸਾਡਾ ਅੰਦੋਲਨ ਸਿਆਸੀ ਨਹੀਂ ਹੈ। ਇਸ ਲਈ ਉਨ੍ਹਾਂ ਨੇ ਕਿਸਾਨਾਂ ਦੇ ਦਰਦ ਨੂੰ ਮਹਿਸੂਸ ਕਰਦੇ ਹੋਏ ਦੁਨੀਆ ਭਰ ਵਿਚ ਅਪੀਲ ਕੀਤੀ ਕਿ ਕਿਸਾਨ ਅੰਦੋਲਨ ਡਟਵੀਂ ਮਦਦ ਕੀਤੀ ਜਾਵੇ। ਉਨ੍ਹਾਂ ਪੱਲਾ ਅੱਡ ਕੇ ਇਹ ਅਪੀਲ ਕੀਤੀ ਕਿ ਪੰਜਾਬ ਦੀ ਅਤੇ



ਕਿਸਾਨ ਦੀ ਇੱਜ਼ਤ ਦਾ ਸਵਾਲ ਹੈ ਅਤੇ ਕਿਸਾਨੀ ਦੇ ਬੁਨਿਆਦੀ ਧੰਦੇ ਨੂੰ ਬਚਾਉਣ ਦਾ ਸਵਾਲ ਹੈ ਅਤੇ ਸਿੱਖ ਕਦਰਾਂ-ਕੀਮਤਾਂ ਅਤੇ ਖਾਲਸਾ ਪੰਥ ਦੀਆਂ ਸ਼ਾਨਦਾਰ ਰਵਾਇਤਾਂ ਦਾ ਸਵਾਲ ਹੈ, ਪ੍ਰੰਤੂ ਹੁਣ ਇਨ੍ਹਾਂ (ਕਿਸਾਨ ਜਥੇਬੰਦੀਆਂ) ਨੇ ਖੁਦ ਹੀ ਕੁਰਬਾਨੀ ਦੀ ਭਾਵਨਾ ਸੱਚ ਪਿੱਠ ਦੇ ਕੇ ਸਾਰਾ ਕੁੱਝ ਮਲੀਆ ਮੇਟ ਕਰਕੇ ਰੱਖ ਦਿੱਤਾ ਹੈ। ਬੀਰਦਵਿੰਦਰ ਸਿੰਘ ਨੇ ਕਿਹਾ ਕਿ ਜੇ ਸਿਆਸਤ ਦਾ ਇੰਨਾ ਹੀ ਚਾਅ ਸੀ, ਫਿਰ ਸਿਆਸਤ ਤੋਂ ਕਿਨਾਰਾਕਸੀ ਦਾ ਪਾਖੰਡ ਕਿਉਂ ਕਰ ਰਹੇ ਸਨ ? ਹੁਣ ਕਿਸਾਨ ਆਗੂਆਂ 'ਤੇ ਉਸੇ ਹੀ ਸੱਤਾ ਦੀ ਸਿਆਸਤ ਦਾ ਸਿਆਸੀ ਰੰਗ ਕਿਉਂ ਚੜ੍ਹਨਾ ਸ਼ੁਰੂ ਹੋ ਗਿਆ ਹੈ ਅਤੇ ਹੁਣ ਉਹ ਕਿਸਾਨੀ ਅੰਦੋਲਨ 750 ਸਹੀਦਾਂ ਦੇ ਬਲਦੇ ਸਿਵਿਆਂ ਦੇ ਸੇਕ 'ਚੋਂ ਆਪਣੀਆਂ ਸਿਆਸੀ ਰੋਟੀਆਂ ਸੇਕਣ ਨੂੰ ਫਿਰਦੇ ਹਨ ਅਤੇ 'ਕੁਰਸੀਆਂ' ਦੇ ਲੋਭੀ ਬਣੇ ਫਿਰਦੇ ਹਨ। ਉਨ੍ਹਾਂ ਕਿਹਾ ਕਿ ਰਾਜਨੀਤਕ ਰੌਲੇ ਦੇ ਮਾਹੌਲ ਵਿਚ ਸੱਤਾ ਦੇ ਦਲਾਲ, ਧਾੜਵੀਆਂ ਵਾਂਗ ਪੰਜਾਬ ਨੂੰ ਲੁੱਟਣ ਲਈ, ਹਾਬੜੇ ਫਿਰਦੇ ਹਨ। ਇਸ ਬੇਯਕੀਨੀ ਦੇ ਵਾਤਾਵਰਨ ਵਿਚ ਪੰਜਾਬ ਦੇ ਆਮ ਲੋਕਾਂ ਦੀ ਇਹ ਬਹੁਤ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਜ਼ੁਬਾਨ ਤੋਂ ਪਿੱਛੇ ਹਟਣ ਵਾਲੇ ਲੋਕਾਂ ਨੂੰ ਬੁਰੀ ਤਰ੍ਹਾਂ ਨਕਾਰ ਕੇ ਉਨ੍ਹਾਂ ਨੂੰ ਫਰਜ਼ਾਂ ਪ੍ਰਤੀ ਸੁਚੇਤ ਕਰਨ ਦਾ ਬੀੜਾ ਚੁੱਕਣ ਅਤੇ ਪਿੰਡਾਂ ਦੀਆਂ ਸੱਥਾਂ ਵਿਚ ਵੋਟਾਂ ਮੰਗਣ ਆਉਣ 'ਤੇ ਉਨ੍ਹਾਂ ਪਾਸੋਂ ਉਕਤ ਸਵਾਲਾਂ ਦੇ ਜਵਾਬ ਜ਼ਰੂਰ ਮੰਗਣ ਦੀ ਹਿੰਮਤ ਕਰਨ। ਉਨ੍ਹਾਂ ਕਿਹਾ ਕਿ ਮੈਂ ਬਹੁਤ ਜਲਦੀ ਸਿਹਤਯਾਬ ਹੋ ਕੇ ਲੋਕਾਂ ਵਿਚ ਆਪਣੀ ਗੱਲ ਰੱਖਾਂਗਾ ਅਤੇ ਪੰਜਾਬ ਦੇ ਲੋਕਾਂ ਦੇ ਵਡੇਰੇ ਹਿੱਤਾਂ 'ਤੇ ਪਹਿਰਾ ਦੇਣ ਦੀ ਹਰ ਬਣਦੀ ਵਾਹ ਲਾਵਾਂਗਾ ।

## ਅਕਾਲੀ ਦਲ ਨੇ ਖਡੂਰ ਸਾਹਿਬ ਤੋਂ 'ਰਣਜੀਤ ਸਿੰਘ ਬ੍ਰਹਮਪੁਰਾ' ਨੂੰ ਉਮੀਦਵਾਰ ਐਲਾਨਿਆ

ਚੰਡੀਗੜ੍ਹ , (ਸੁਰਿੰਦਰ ਸਿੰਘ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸਾਬਕਾ ਕੈਬਨਿਟ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਖਡੂਰ ਸਾਹਿਬ ਤੋਂ ਪਾਰਟੀ ਦਾ ਉਮੀਦਵਾਰ ਐਲਾਨਿਆ ਗਿਆ ਹੈ। ਇਸ ਦੇ ਨਾਲ ਹੀ ਵਿਧਾਨ ਸਭਾ ਚੋਣਾਂ ਲਈ ਅਕਾਲੀ ਦਲ ਵੱਲੋਂ ਹੁਣ ਤੱਕ 93 ਉਮੀਦਵਾਰਾਂ ਦੇ ਨਾਂਵਾਂ ਦਾ ਐਲਾਨ ਕੀਤਾ ਜਾ ਚੁੱਕਾ ਹੈ।ਦੱਸਣਯੋਗ ਹੈ ਕਿ ਮਾਝੇ ਦੇ ਜਰਨੈਲ ਵਜੋਂ ਜਾਣੇ ਜਾਂਦੇ ਰਣਜੀਤ ਸਿੰਘ ਬ੍ਰਹਮਪੁਰਾ ਨੇ ਸੁਖਦੇਵ ਢੀਂਡਸਾ ਨਾਲੋਂ ਆਪਣਾ ਰਾਹ ਵੱਖ ਕਰ ਲਿਆ ਸੀ ਅਤੇ ਬੀਤੇ ਦਿਨੀਂ ਹੀ ਉਨ੍ਹਾਂ ਨੇ ਸਾਥੀਆਂ ਸਮੇਤ ਅਕਾਲੀ ਦਲ 'ਚ ਵਾਪਸੀ ਕੀਤੀ ਹੈ। ਬ੍ਰਹਮਪੁਰਾ ਨੇ ਕਿਹਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਸਾਡੀ ਮਾਂ ਪਾਰਟੀ ਹੈ। ਉਨ੍ਹਾਂ ਕਿਹਾ ਸੀ ਕਿ ਇਨ੍ਹਾਂ ਚੋਣਾਂ 'ਚ ਤਾਂ ਹੀ ਜਿੱਤਿਆ ਜਾ ਸਕਦਾ ਹੈ, ਜੇਕਰ ਅਸੀਂ ਇਕੱਠੇ ਹੋ ਕੇ ਮੈਦਾਨ 'ਚ ਉਤਰੀਏ। ਉਨ੍ਹਾਂ ਕਿਹਾ ਸੀ ਕਿ ਕੁੱਝ ਮਤਭੇਦਾਂ ਕਾਰਨ ਅਸੀਂ ਵੱਖ ਜ਼ਰੂਰ ਹੋ ਗਏ ਸੀ ਪਰ ਹੁਣ ਫਿਰ ਇਕੱਠੇ ਹੋ ਕੇ ਚੋਣ ਲੜਾਂਗੇ।



## ਉਦਯੋਗ ਤੇ ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਨੂੰ ਵਿਕਾਸ ਦੇ ਨਾਂਅ 'ਤੇ ਦੋਵੇਂ ਹੱਥੀ ਲੁੱਟਣ ਵਾਲਿਆਂ ਨੂੰ ਭੱਜਣ ਨਹੀਂ ਦੇਵਾਂਗੇ-ਰਾਜੂ ਖੰਨਾ

ਮੰਡੀ ਗੋਬਿੰਦਗੜ੍ਹ, (ਪੱਤਰ ਪ੍ਰੇਰਕ)-ਮੰਡੀ ਗੋਬਿੰਦਗੜ੍ਹ ਦੀ ਉਦਯੋਗ ਤੇ ਨਗਰ ਕੌਂਸਲ ਨੂੰ ਵਿਕਾਸ ਦੇ ਨਾਂਅ ਤੇ ਦੋਵੇਂ ਹੱਥੀ ਲੁੱਟਣ ਵਾਲਿਆਂ ਨੂੰ ਸਮਾਂ ਆਉਣ ਤੇ ਭੱਜਣ ਨਹੀਂ ਦਿੱਤਾ ਜਾਵੇਗਾ ਤੇ ਕਾਨੂੰਨੀ ਕਾਰਵਾਈ ਕਰਕੇ ਸਹਿਰ ਵਾਸੀਆਂ ਅੱਗੇ ਸੱਚ ਰੱਖਿਆ ਜਾਵੇਗਾ . ਇਸ ਗੱਲ ਦਾ ਪ੍ਰਗਟਾਵਾ ਸ੍ਰੋ.ਅ.ਦਲ-ਬਸਪਾ ਗੱਠਜੋੜ ਦੇ ਹਲਕਾ ਅਮਲੋਹ ਤੋਂ ਉਮੀਦਵਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਅੱਜ ਮੰਡੀ ਗੋਬਿੰਦਗੜ੍ਹ ਦੇ ਵਾਰਡ ਨੰ-5 'ਚ ਸ੍ਰੋ.ਅ.ਦਲ ਦੇ ਜਿਲ੍ਹਾ ਸਹਿਰੀ ਪ੍ਰਧਾਨ ਕ੍ਰਿਸਨ ਵਰਮਾ ਬੌਬੀ ਤੇ ਕੌਂਸਲਰ ਰਾਧਿਕਾ ਵਰਮਾ ਵਲੋਂ ਕਰਵਾਈ ਗਈ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ . ਰਾਜੂ ਖੰਨਾ ਨੇ ਕਿਹਾ ਕਿ ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਹਲਕਾ ਅਮਲੋਹ ਅੰਦਰ ਕਿਸ ਢੰਗ ਨਾਲ ਭ੍ਰਿਸਟਾਚਾਰ ਵੱਡੀ ਪੱਧਰ ਤੇ ਹੋ ਰਿਹਾ ਹੈ, ਹਰ ਵਿਭਾਗ 'ਚ ਭ੍ਰਿਸਟਾਚਾਰ ਦਾ ਬੋਲਬਾਲਾ ਹੈ . ਬਿਨਾਂ ਕਮਿਸਨ ਤੋਂ ਕੋਈ ਕੰਮ ਨਹੀਂ ਹੋ ਰਿਹਾ, ਜਿਸ ਦਾ ਜੁੰਮੇਵਾਰ ਇਥੋਂ ਦਾ ਵਿਧਾਇਕ ਜੋ ਹੁਣ ਮੰਤਰੀ ਬਣ ਚੁੱਕਾ ਉਹ ਹੈ . ਮੰਡੀ ਗੋਬਿੰਦਗੜ੍ਹ ਦੇ ਉਦਯੋਗਪਤੀਆਂ ਨੂੰ ਅਫਸਰਸਾਹੀ ਵਲੋਂ ਬਿਨਾਂ ਵਜ੍ਹਾ ਤੰਗ ਪ੍ਰੇਸਾਨ ਕਰਕੇ ਉਨ੍ਹਾਂ ਤੋਂ ਮੋਟੀਆਂ ਰਕਮਾਂ ਵਸੂਲੀਆਂ ਜਾ ਰਹੀਆਂ ਹਨ . ਜੇਕਰ ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਦੀ ਗੱਲ ਕੀਤੀ ਜਾਵੇ, ਉੱਥੋਂ ਵੀ ਸਭ ਘਾਲਾ-ਮਾਲਾ ਹੀ ਨਜਰ ਆਉਂਦਾ ਹੈ . ਰਾਜੂ ਖੰਨਾ ਨੇ ਕਿਹਾ ਕਿ ਇਹ ਨਗਰ ਕੌਂਸਲ ਪੰਜਾਬ ਦੀ ਸਭ ਤੋਂ ਅਮੀਰ ਨਗਰ ਕੌਂਸਲ ਹੈ, ਪਰ ਜੇਕਰ ਸਹਿਰ ਦੇ ਹਾਲਾਤਾਂ ਵਲੋਂ ਨਜਰ ਮਾਰੀ ਜਾਵੇ ਤਾਂ ਬਹੁਤ ਹੀ ਮਾੜੀ ਹਾਲਤ ਹੈ . ਸਹਿਰ ਦੇ ਵਿਕਾਸ ਦੇ ਨਾਂਅ ਤੇ ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਦੇ ਕਰੋੜਾ ਰੁਪਏ ਲੁੱਟੇ ਜਾ ਰਹੇ ਹਨ, ਜਿੱਥੇ ਵਿਕਾਸ ਕਾਰਜਾਂ ਦੀ ਵਧੇਰੇ ਜਰੂਰਤ ਹੈ, ਉੱਥੇ ਵਿਕਾਸ ਕਾਰਜ ਨਹੀਂ ਹੋ ਰਹੇ . ਰਾਜੂ ਖੰਨਾ ਨੇ ਸਹਿਰ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਸ੍ਰੋ.ਅ.ਦਲ-ਬਸਪਾ ਗੱਠਜੋੜ ਦੀ ਸਰਕਾਰ ਬਣਦੇ ਹੀ, ਜਿੱਥੇ ਸਹਿਰ ਦਾ ਵਿਕਾਸ ਇਮਾਨਦਾਰੀ ਤੇ ਭ੍ਰਿਸਟਾਚਾਰ ਮੁਕਤ ਕਰਵਾਇਆ ਜਾਵੇਗਾ, ਉੱਥੇ ਹਰ ਸਰਕਾਰ ਵਿਭਾਗ 'ਚ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਅਫਸਰਾਂ ਨੂੰ ਤੈਨਾਤ ਕੀਤਾ ਜਾਵੇਗਾ ਤੇ ਜਿਨ੍ਹਾਂ ਵੀ ਕਾਂਗਰਸੀਆਂ ਵਲੋਂ ਤੇ ਪ੍ਰਸਾਸਨ ਅਧਿਕਾਰੀਆਂ ਵਲੋਂ ਮੰਡੀ ਗੋਬਿੰਦਗੜ੍ਹ ਨੂੰ ਹਰ ਪੱਖ ਤੋਂ ਲੁੱਟਿਆ ਗਿਆ ਹੈ . ਉਨ੍ਹਾਂ ਖ਼ਿਲਾਫ ਕਾਨੂੰਨੀ ਕਾਰਵਾਈ ਕਰਕੇ ਭ੍ਰਿਸਟਾਚਾਰ ਮੁਕਤ ਪ੍ਰਸਾਸਨ ਦਿੱਤਾ ਜਾਵੇਗਾ . ਉਨ੍ਹਾਂ ਸਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ 2022 'ਚ ਉਨ੍ਹਾਂ ਨੂੰ ਵੱਡੀ ਜਿੱਤ ਦਰਜ ਕਰਵਾਉਣ ਤਾਂ ਜੋ ਉਨ੍ਹਾਂ ਦੀਆਂ ਆਸਾਂ ਉਮੀਦਾਂ ਤੇ ਖਰਾ ਉੱਤਰਿਆ ਜਾ ਸਕੇ . ਇਸ ਭਰਵੀਂ ਮੀਟਿੰਗ ਨੂੰ ਉਦਯੋਗਪਤੀ ਗੋਪਾਲ ਸਿੰਘੀ, ਇਸਤਰੀ ਅਕਾਲੀ ਦਲ ਦੀ ਸੂਬਾ ਸੀਨੀਅਰ ਮੀਤ ਪ੍ਰਧਾਨ ਬੀਬੀ ਕਿਰਨਦੀਪ ਕੌਰ ਖੰਨਾ, ਜਲ੍ਹਿਾ ਸਹਿਰੀ ਪ੍ਰਧਾਨ ਕ੍ਰਿਸਨ ਵਰਮਾ ਬੌਬੀ ਤੇ ਕੌਂਸਲਰ ਰਾਧਿਕਾ ਵਰਮਾ ਨੇ ਵੀ ਸੰਬੋਧਨ ਕੀਤਾ . ਇਸ ਮੌਕੇ ਤੇ ਇਸਤਰੀ ਅਕਾਲੀ ਦਲ ਬੀਬੀ ਖੰਨਾ ਵਲੋਂ ਰਿੱਤੂ ਸਿੰਗਲਾ ਤੇ ਪਰਮੀਤ ਕੌਰ ਨੂੰ ਜਲ੍ਹਿਾ ਸੀਨੀਅਰ ਮੀਤ ਪ੍ਰਧਾਨ ਤੇ ਸਲਿਪੀ ਗੋਇਲ ਨੂੰ ਇਸਤਰੀ ਅਕਾਲੀ ਦਲ ਦੀ ਜਨਰਲ ਸਕੱਤਰ ਵੀ ਨਿਯੁਕਤ ਕੀਤਾ ਗਿਆ . ਇਸ ਮੌਕੇ ਤੇ ਮੌਂਟੀ ਐਸ.ਕੇ, ਸੰਜੂ ਗੇਰਾ, ਰੋਜੀ ਮੰਡੀ, ਹਰਪ੍ਰੀਤ ਸਿੰਘ, ਹਰਮੀਤ ਸਿੰਘ ਮੰਡੀ, ਸੰਜੇ ਕੁਮਾਰ, ਪ੍ਰਿੰਸ ਕੁਮਾਰ, ਸੁਨੀਲ ਕੁਮਾਰ, ਸੁਰੇਸ ਕੁਮਾਰ, ਸੰਦੀਪ ਸਰਮਾ, ਸੰਚਿਤ ਸਿੰਗਲਾ, ਗੌਰਵ ਗੋਇਲ, ਮਨਦੀਪ ਸਿੰਘ, ਬਿੰਦਰਜੀਤ ਸਿੰਘ, ਰਾਹੁਲ ਕੁਮਾਰ, ਰਾਜਨ ਜਿੰਦਲ, ਰਵੀ ਧਾਲੀਵਾਲ, ਕਰਮਜੀਤ ਗਾਂਧੀ, ਸਿੰਦਾ ਮੰਡੀ, ਰਾਜੂ ਗੌਤਮ, ਅੰਜਲੀ ਬਡੇਜਾ, ਹੀਨਾ ਬਡੇਜਾ ਤੋਂ ਇਲਾਵਾ ਵੱਡੀ ਗਿਣਤੀ 'ਚ ਵਾਰਡ ਵਾਸੀ ਹਾਜਰ ਸਨ .

## ਹੋਣਹਾਰ ਬੱਚਿਆਂ ਨੂੰ ਯੋਗਤਾ ਮੁਤਾਬਕ ਸਕਾਲਰਸ਼ਿਪ ਦੇਵੇਗੀ ਚੰਡੀਗੜ੍ਹ ਯੂਨੀਵਰਸਿਟੀ

ਚੰਡੀਗੜ੍ਹ , (ਸੁਰਿੰਦਰ ਸਿੰਘ)-ਚੰਡੀਗੜ੍ਹ ਯੂਨੀਵਰਸਿਟੀ ਵੱਲੋਂ ਸਾਲ 2022-23 ਲਈ 45 ਕਰੋੜ ਰੁਪਏ ਦੀ ਸਕਾਲਰਸ਼ਿਪ ਜਾਰੀ ਕਰਨ ਦਾ ਐਲਾਨ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਚੰਡੀਗੜ੍ਹ ਗਿਆਨਸੰਦੂਕ ਯੂਨੀਵਰਸਿਟੀ ਘੜੂੰਆਂ ਦੇ ਪ੍ਰੋ ਚਾਂਸਲਰ ਡਾ. ਆਰ. ਐੱਸ. ਬਾਵਾ ਨੇ ਦੱਸਿਆ ਕਿ ਸਾਡੀ ਯੂਨੀਵਰਸਿਟੀ ਦੇ ਐਂਟਰੈਂਸ ਟੈੱਸਟ ਵਿੱਚ ਜਿਸ ਵਿਦਿਆਰਥੀ ਦੇ 90% ਨੰਬਰ ਆਉਣਗੇ ਉਸ ਨੂੰ ਸੌ ਫੀਸਦੀ ਸਕਾਲਰਸ਼ਿਪ ਦਿੱਤੀ ਜਾਵੇਗੀ। ਇਸੇ ਤਰ੍ਹਾਂ ਜੇਕਰ ਕਿਸੇ ਵਿਦਿਆਰਥੀ ਦੇ ਚਾਲੀ ਫੀਸਦੀ ਨੰਬਰ ਵੀ ਆਉਂਦੇ ਹਨ ਤਾਂ ਉਸ ਨੂੰ ਵੀ ਘੱਟੋ ਘੱਟ ਦਸ ਫੀਸਦੀ ਸਕਾਲਰਸ਼ਿਪ ਯੂਨੀਵਰਸਿਟੀ ਵੱਲੋਂ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਅਲੱਗ ਅਲੱਗ ਵਰਗਾਂ ਵਾਸਤੇ ਵੀ ਸਕਾਲਰਸ਼ਿਪ ਜਾਰੀ ਕੀਤੀ ਗਈ ਜਿਸ ਵਿਚ ਮੀਡੀਆ ਕਰਮੀ ਦੇ ਬੱਚਿਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਕਰੋਨਾ ਵੋਰੀਅਰ ਜਿਨ੍ਹਾਂ ਵਿੱਚ ਸਫਾਈ ਕਰਮਚਾਰੀ ਵੀ ਸ਼ਾਮਲ ਕੀਤੇ ਗਏ ਹਨ ਇਨ੍ਹਾਂ ਦੇ ਬੱਚਿਆਂ ਨੂੰ ਵੀ ਸਕਾਲਰਸ਼ਿਪ ਦਿੱਤੀ ਜਾਵੇਗੀ। ਪ੍ਰੋ ਚਾਂਸਲਰ ਨੇ ਦੱਸਿਆ ਕਿ ਇਸ ਵਾਰ ਐਂਟਰੇਸ ਟੈਸਟ ਆਨਲਾਈਨ ਹੋਵੇਗਾ। ਇਸ ਦੌਰਾਨ ਕਿਸੇ ਤਰ੍ਹਾਂ ਦੀ ਵੀ ਹੇਰਾਫੇਰੀ ਵਿਦਿਆਰਥੀਆਂ ਨੂੰ ਨਹੀਂ ਕਰਨ ਦਿੱਤੀ ਜਾਵੇਗੀ। ਆਨਲਾਈਨ ਇਲਜ਼ਾਮ ਲੈਣ ਦੇ ਲਈ ਅਧਿਆਪਕਾਂ ਦੀ ਟੀਮ ਮੋਨੀਟਰਿੰਗ ਕਰੇਗੀ। ਪ੍ਰੋ ਚਾਂਸਲਰ ਨੇ ਦੱਸਿਆ ਕਿ




ਸਕਾਲਰਸ਼ਿਪ ਦਾ ਫ਼ਾਇਦਾ ਉਨ੍ਹਾਂ ਵਿਅਕਤੀਆਂ ਨੂੰ ਲਗਾਤਾਰ ਜਾਰੀ ਰਹੇਗਾ, ਜਿਨ੍ਹਾਂ ਦੇ ਗਰੇਡ 7.5 ਤੋਂ ਘੱਟ ਨਹੀਂ ਆਉਣਗੇ ਅਤੇ ਨਾ ਹੀ ਉਨ੍ਹਾਂ ਦੇ ਲੈਕਚਰ ਹੋਣੇ ਚਾਹੀਦੇ ਹਨ ਤੇ ਨਾ ਹੀ ਕਿਸੇ ਵਿਸ਼ੇ ਵਿੱਚੋਂ ਫੇਲ੍ਹ ਹੋਣੇ ਚਾਹੀਦੇ ਹਨ। ਵਿਦਿਆਰਥੀਆਂ ਤੋਂ ਫ਼ੀਸ ਜੋ ਐਂਟਰੀ ਵੀਜੇ ਲਈ ਗਈ ਸੀ ਉਵੇਂ ਹੀ ਚਲਦੀ ਰਹੇਗੀ ਵਿਚਾਲੇ ਨਹੀਂ ਵਧਾਈ ਜਾਵੇਗੀ ਹੋਸਟਲ ਫੀਸ ਵਿੱਚ ਵੀ ਵਾਧਾ ਨਹੀਂ ਹੋਵੇਗਾ।ਪ੍ਰੋ ਚਾਂਸਲਰ ਨੇ ਦੱਸਿਆ ਕਿ ਸਾਡੀ ਯੂਨੀਵਰਸਿਟੀ ਵਿਚ ਅਠਾਈ ਸਟੇਟ ਅੱਠ ਯੂ. ਟੀ. ਅਤੇ ਪੰਜਾਬ ਦੇਸ਼ਾਂ ਦੇ ਵਿਦਿਆਰਥੀ ਸਟੱਡੀ ਕਰ ਰਹੇ ਹਨ ਜਿਨ੍ਹਾਂ ਵਿੱਚ ਪੰਜਾਬ ਦੇ ਸੱਤ ਹਜਾਰ ਤੋਂ ਵੱਧ ਬੱਚੇ ਪੜ੍ਹ ਰਹੇ ਹਨ। ਤਕਰੀਬਨ 80 ਫੀਸਦੀ ਵਿਦਿਆਰਥੀ ਬਾਹਰੀ ਰਾਜਾਂ ਅਤੇ ਦੇਸ਼ਾਂ ਤੋਂ ਹਨ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਪੰਜਾਬ 'ਚ ਸਭ ਤੋਂ ਅੱਵਲ ਹੈ ਅਤੇ ਏਸ਼ੀਆ ਵਿੱਚ ਰੈਂਕ 1.7 ਵਿੱਚ ਸਾਮਲ ਹੈ। ਭਾਰਤ ਵਿੱਚ ਇਹ ਪੈਂਤੀ ਵੇਂ ਸਥਾਨ 'ਤੇ ਹੈ। ਜੇਕਰ ਪ੍ਰਾਈਵੇਟ ਯੂਨੀਵਰਸਿਟੀਆਂ ਦੀ ਗੱਲ ਕਰੀਏ ਤਾਂ ਚੰਡੀਗੜ੍ਹ ਯੂਨੀਵਰਸਿਟੀ ਸੱਤਵੇਂ ਸਥਾਨ 'ਤੇ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਕਿਹਾ ਕਿ ਸਾਡੇ ਵਿਦਿਆਰਥੀਆਂ ਨੇ ਆਈ. ਟੀ. ਦੇ ਨਾਲ-ਨਾਲ ਖੇਤੀਬਾੜੀ ਸੈਕਟਰ ਵਿੱਚ ਵੀ ਕਾਫ਼ੀ ਤਜਰਬੇ ਹਾਸਲ ਕੀਤੇ ਹਨ ਜੋ ਕਾਮਯਾਬੀ ਹੋਏ ਨੇ ਦੋ ਵਿਦਿਆਰਥੀ ਪੈਰਾ ਓਲੰਪਿਕ ਵੀ ਖੇਡ ਚੁੱਕੇ ਹਨ । ਸਾਡੀ ਯੂਨੀਵਰਸਿਟੀ ਵੱਲੋਂ ਇੱਕ ਮਾਈਕ੍ਰੋ ਸੈਟੇਲਾਈਟ ਤਿਆਰ ਕੀਤੀ ਗਈ ਹੈ ਜੋ ਫਰਵਰੀ ਮਹੀਨੇ ਤੱਕ ਪ੍ਰਧਾਨਮੰਤਰੀ ਨਰਿੰਦਰ ਮੋਦੀ ਲੌਂਚ ਕਰਨਗੇ

## ਜੀਐਨਡੀਯੂ ਦੀਆਂ ਬੀਐਡ ਸਮੈਸਟਰ- ਦੂਜਾ ਦੀਆਂ ਥਿਊਰੀ ਪ੍ਰੀਖਿਆਵਾਂ ਮੁਲਤਵੀ

ਅੰਮ੍ਰਿਤਸਰ , (ਪੱਤਰ ਪ੍ਰੇਰਕ)- ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਮਿਤੀ 3 ਤੋਂ 17 ਜਨਵਰੀ 2022 ਨੂੰ ਹੋਣ ਵਾਲੀਆਂ ਬੀਐਡ ਸਮੈਸਟਰ- ਦੂਜਾ ਦੀਆਂ ਥਿਊਰੀ ਪ੍ਰੀਖਿਆਵਾਂ ਮੁਲਤਵੀਂ ਕੀਤੀਆਂ ਗਈਆਂ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰੋਫੈਸਰ ਇੰਚਾਰਜ ਪ੍ਰੀਖਿਆਵਾਂ ਡਾ. ਮਨੋਜ ਕੁਮਾਰ ਨੇ ਦੱਸਿਆ ਕਿ ਮੁਲਤਵੀ ਕੀਤੀਆਂ ਗਈਆਂ ਪ੍ਰੀਖਿਆਵਾਂ ਲਈ ਨਵੀਆਂ ਮਿਤੀਆਂ ਦੀ ਸੂਚਨਾ ਬਾਅਦ ਵਿਚ ਦਿੱਤੀ ਜਾਵੇਗੀ। ਉਨ੍ਹਾਂ ਸਮੂਹ ਸੰਬਧਤ ਪ੍ਰੀਖਿਆਰਥੀਆਂ ਨੂੰ ਹਦਾਇਤ ਕੀਤੀ ਕਿ ਪ੍ਰੀਖਿਆਵਾਂ ਦੀ ਨਵੀਂ ਮਿਤੀ ਸੰਬੰਧੀ ਜਾਣਕਾਰੀ ਲੈਣ ਲਈ ਆਪਣੇ ਕਾਲਜ ਦੇ ਪ੍ਰਿੰਸੀਪਲ ਨਾਲ ਸੰਪਰਕ ਕੀਤਾ ਜਾਵੇ। ਨਵੀਂ ਡੇਟਸ਼ੀਟ ਯੂਨੀਵਰਸਿਟੀ ਦੀ ਵੈਬਸਾਈਟ 'ਤੇ ਉਪਲਬਧ ਹੋਵੇਗੀ।

# ਹਲਕਾ ਡੇਰਾਬੱਸੀ ਤੋਂ ਚੋਣਾਂ ਲਈ ਕਾਂਗਰਸ ਦੀ ਟਿਕਟ ਲਈ ਹੁਣ ਤਕ 8 ਦਾਅਵੇਦਾਰੀਆਂ

ਜ਼ੀਰਕਪੁਰ , (ਪੱਤਰ ਪ੍ਰੇਰਕ)-ਕਾਂਗਰਸ ਪਾਰਟੀ ਨੇ ਆਗਾਮੀ ਪੰਜਾਬ ਵਿਧਾਨ ਸਭਾ 2022 ਚੋਣਾਂ ਲੜਨ ਦੇ ਚਾਹਵਾਨ ਉਮੀਦਵਾਰਾਂ ਲਈ ਫ਼ਾਰਮ ਭਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਹ ਫ਼ਾਰਮ 20 ਦਸੰਬਰ ਤਕ ਭਰਿਆ ਜਾ ਸਕਦਾ ਹੈ। ਇਸ ਦੇ ਲਈ ਕਰੀਬ 10,000 ਰੁਪਏ ਫ਼ੀਸ ਰੱਖੀ ਗਈ ਹੈ। ਕਾਂਗਰਸ ਭਵਨ ਚੰਡੀਗੜ੍ਹ ਵਿਖੇ ਫ਼ਾਰਮ ਭਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ ਜਿਸ ਦੇ ਤਹਿਤ ਹਲਕਾ ਡੇਰਾਬੱਸੀ ਤੋਂ ਹੁਣ ਤਕ 8 ਦਾਅਵੇਦਾਰਾਂ ਨੇ ਫ਼ਾਰਮ ਭਰੇ ਹਨ, ਜਿਨ੍ਹਾਂ 'ਚ ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਜ਼ਿਲ੍ਹਾ ਕਾਂਗਰਸ ਪ੍ਰਧਾਨ ਦੀਪਇੰਦਰ ਸਿੰਘ ਢਿੱਲੋਂ, ਪੰਜਾਬ ਐਗਰੋ ਇੰਡਸਟਰੀਜ਼ ਦੇ ਉੱਪ ਚੇਅਰਮੈਨ ਅਤੇ ਕਾਂਗਰਸ ਬੁਲਾਰੇ ਮਨਪ੍ਰੀਤ ਸਿੰਘ ਬੰਨੀ ਸੰਧੂ, ਸਾਬਕਾ ਸੂਬਾ ਸਕੱਤਰ ਜਸਪਾਲ ਸਿੰਘ ਜ਼ੀਰਕਪੁਰ, ਸੂਬਾ ਸਕੱਤਰ ਤੇ ਬੁਲਾਰਾ ਪੰਜਾਬ ਯੂਥ ਕਾਂਗਰਸ ਅਮਿਤ ਬਾਵਾ ਸੈਣੀ, ਪੀਪੀਸੀਸੀ ਬੁਲਾਰਾ ਗੁਰਵਿੰਦਰ ਸਿੰਘ ਬਾਲੀ, ਜੈਲਦਾਰ ਸੁਖਵਿੰਦਰ ਸਿੰਘ ਤੁਰਕਾ, ਸਾਬਕਾ ਸਿਟੀ ਪ੍ਰਧਾਨ ਤੇ ਰਾਹੁਲ ਗਾਂਧੀ ਬ੍ਰਗੇਡ ਦੇ ਮੈਂਬਰ ਉਦੇਵੀਰ ਸਿੰਘ ਰਾਠੌਰ ਤੇ ਸੰਯੁਕਤ ਕਾਂਗਰਸ ਮੋਰਚੇ ਦੀ ਅਗਵਾਈ ਕਰ ਰਹੇ ਕਾਂਗਰਸੀ ਆਗੂ ਭੁਪਿੰਦਰ ਸਿੰਘ ਭਿੰਦਾ ਰਾਣੀ ਮਾਜਰਾ ਦੇ ਨਾਂ ਸ਼ਾਮਲ ਹਨ। ਜਾਣਕਾਰੀ ਮੁਤਾਬਕ ਡੇਰਾਬੱਸੀ ਹਲਕੇ 'ਚ ਕਾਂਗਰਸ ਦੀ ਟਿਕਟ ਨੂੰ ਲੈ ਕੇ ਚਾਹਵਾਨ ਉਮੀਦਵਾਰਾਂ ਦੇ ਸਮਰਥਕਾਂ ਨਾਲ ਆਲ ਇੰਡੀਆ ਕਾਂਗਰਸ ਕਮੇਟੀ ਤੇ ਜ਼ਿਲ੍ਹਾ ਮੋਹਾਲੀ ਦੀ ਵਿਧਾਨ ਸਭਾ ਚੋਣ ਲਈ ਨਿਯੁਕਤ ਕੋਆਰਡੀਨੇਟਰ ਪ੍ਰਤਿਭਾ ਰਾਘੂਵੰਸ਼ੀ ਨੇ ਹਲਕੇ ਦੀ ਟਿਕਟ ਲਈ ਚਾਹਵਾਨ ਉਮੀਦਵਾਰ ਅਤੇ ਕਾਂਗਰਸੀ ਵਰਕਰਾਂ ਦੀ ਨਬਜ਼ ਟਟੋਲਣ 'ਤੇ ਲੱਗੇ ਹੋਏ ਹਨ। ਜਿਸ ਲਈ ਉਹ ਹਲਕੇ ਅੰਦਰ ਕਈ ਮੀਟਿੰਗਾਂ ਵੀ ਕਰ ਚੁੱਕੇ ਹਨ। ਜਦੋਂ ਕਿ ਸੰਯੁਕਤ ਕਾਂਗਰਸ ਮੋਰਚੇ ਦੀ ਅਗਵਾਈ ਕਰ ਰਹੇ ਭੁਪਿੰਦਰ ਸਿੰਘ ਭਿੰਦਾ ਰਾਣੀ ਮਾਜਰਾ ਹਲਕੇ ਦੇ ਹੀ ਜੰਮਪਲ ਨੂੰ ਟਿਕਟ ਦੇਣ ਦਾ ਮੁੱਦਾ ਚੁੱਕ ਚੁੱਕੇ ਹਨ। ਹਾਲਾਂਕਿ ਹਲਕਾ ਡੇਰਾਬੱਸੀ 'ਚ ਬੀਤੇ 25 ਸਾਲਾਂ ਤੋਂ ਕਾਂਗਰਸ ਪਾਰਟੀ ਨੂੰ ਹਾਰ ਦਾ ਮੂੰਹ ਵੇਖਣਾ ਪੈ ਰਿਹਾ ਹੈ ਜਿਸ ਦਾ ਪ੍ਰਮੁੱਖ ਕਾਰਨ ਕਾਂਗਰਸ 'ਚ ਧੜੇਬੰਦੀ ਅਤੇ ਸਥਾਨਕ ਲੀਡਰਾਂ 'ਚ ਆਪਸੀ ਤਾਲਮੇਲ ਦੀ ਕਮੀ ਰਿਹਾ ਹੈ। ਦੂਜਾ ਕਾਰਨ ਇਹ ਵੀ ਰਿਹਾ ਹੈ ਕਿ ਹਰ ਵਾਰ ਕਾਂਗਰਸ ਟਿਕਟ ਦਾ ਐਲਾਨ ਦੇਰ ਨਾਲ ਕਰਦੀ ਰਹੀ ਹੈ ਜਿਸ ਕਰ ਕੇ ਉਮੀਦਵਾਰ ਨੂੰ ਪ੍ਰਚਾਰ ਕਰਨ ਦਾ ਪੂਰਾ ਮੌਕਾ ਹੀ ਨਹੀਂ ਮਿਲਦਾ।

## ਫ਼ਸਲਾਂ ਸਬੰਧੀ ਬਿਮਾਰੀਆਂ ਦੀ ਪਛਾਣ ਕਰਨ ਲਈ ਸੀਯੂ ਵੱਲੋਂ ਐਪ ਜਾਰੀ

ਐੱਸਏਐੱਸ ਨਗਰ , (ਪੱਤਰ ਪ੍ਰੇਰਕ)- ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨੀਕੀ ਵਿਭਾਗ ਦੀ ਵਿਗਿਆਨੀ ਡਾ. ਰਸ਼ਮੀ ਸ਼ਰਮਾ ਵੱਲੋਂ ਐਪ ਦਾ ਉਦਘਾਟਨ ਕੀਤਾ ਗਿਆ। ਸਬਜ਼ੀਆਂ ਦੀ ਕਾਸ਼ਤ ਪ੍ਰਤੀ ਕਿਸਾਨ ਹੋਣਗੇ ਪ੍ਰੇਤਿ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੀ ਸਹਾਇਤਾ ਨਾਲ ਆਲੂਆਂ ਅਤੇ ਟਮਾਟਰਾਂ ਸਬੰਧੀ ਬਿਮਾਰੀਆਂ ਦੀ ਹੋਵੇਗੀ ਢੁੱਕਵੀਂ ਪਛਾਣ ਅਤੇ ਇਲਾਜ ਹਰ ਸਾਲ ਭਾਰਤੀ ਕਿਸਾਨਾਂ ਨੂੰ ਕੀੜਿਆਂ ਅਤੇ ਬਿਮਾਰੀਆਂ ਕਾਰਨ 90 ਹਜ਼ਾਰ ਕਰੋੜ ਰੁਪਏ ਦੇ ਨੁਕਸਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਹੈਰਾਨੀਜਨਕ ਤੱਥਾਂ ਨੂੰ ਵੇਖਦਿਆਂ ਭਾਰਤ 'ਚ ਕਿਸਾਨੀ ਦਾ ਜੀਵਨ ਪੱਧਰ ਉਪਰ ਚੁੱਕਣ ਦੇ ਉਦੇਸ਼ ਨਾਲ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵੱਲੋਂ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਆਧਾਰਿਤ ਵਿਸ਼ੇਸ਼ ਮੋਬਾਈਲ ਐਪਲੀਕੇਸ਼ਨ ਲਾਂਚ ਕੀਤੀ ਗਈ ਹੈ, ਜਿਸ ਦੇ ਸਹਿਯੋਗ ਨਾਲ ਸਮੇਂ ਰਹਿੰਦੇ ਹੀ ਫ਼ਸਲਾਂ ਸਬੰਧੀ ਬਿਮਾਰੀਆਂ ਦੀ ਪਛਾਣ ਕੀਤੀ ਜਾ ਸਕੇਗੀ। ਸਬਜ਼ੀਆਂ ਦੀ ਕਾਸ਼ਤ 'ਚ ਦੇਸ਼ ਭਰ 'ਚ ਆਲੂ ਅਤੇ ਟਮਾਟਰਾਂ ਦੀ ਫ਼ਸਲਾਂ ਪ੍ਰਮੁੱਖ ਹਨ ਅਤੇ ਕਿਸਾਨਾਂ ਨੂੰ ਇਨ੍ਹਾਂ ਫ਼ਸਲਾਂ ਸਬੰਧੀ ਮੁੱਖ ਤੌਰ 'ਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਐਪ ਦੀ ਮਦਦ ਨਾਲ ਕਿਸਾਨ ਆਲੂਆਂ ਅਤੇ ਟਮਾਟਰਾਂ ਸਬੰਧੀ ਹਾਨੀਕਾਰਕ ਬਿਮਾਰੀਆਂ ਦੀ ਢੁੱਕਵੀਂ ਪਛਾਣ ਹੁਣ ਆਪਣੇ ਮੋਬਾਈਲ ਫੋਨ ਤੋਂ ਹੀ ਕਰ ਸਕਣਗੇ ਤੇ ਇਸਦੇ ਸਥਾਈ ਹੱਲਾਂ ਸਬੰਧੀ ਜਾਣਕਾਰੀ ਵੀ ਪ੍ਰਾਪਤ ਕਰ ਸਕਣਗੇ। ਐਪ ਦਾ ਉਦਘਾਟਨ ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨੀਕੀ ਵਿਭਾਗ ਦੀ ਸਾਇੰਸਟਿਸਟ ਐਫ਼ (ਸੀਡ, ਐੱਨਸੀਐੱਸਟੀਸੀ) ਡਾ. ਰਸ਼ਮੀ ਸ਼ਰਮਾ ਵੱਲੋਂ ਕੀਤਾ ਗਿਆ। ਇਸ ਮੌਕੇ ਚੰਡੀਗੜ੍ਹ ਯੂਨੀਵਰਸਿਟੀ ਦੇ ਰਿਸਰਚ ਡੀਨ ਡਾ. ਸੰਜੀਤ ਸਿੰਘ, ਪੀਐੱਚਡੀ ਸਕਾਲਰਾਂ ਸਮੇਤ ਵੱਖ-ਵੱਖ ਵਿਭਾਗਾਂ ਤੋਂ ਖੋਜ ਖੇਤਰ ਨਾਲ ਜੁੜੇ ਵਿਦਿਆਰਥੀ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਇਹ ਐਪ ਚੰਡੀਗੜ੍ਹ ਯੂਨੀਵਰਸਿਟੀ ਦੀ ਪ੍ਰਾਜੈਕਟ ਸਾਇੰਸਟਿਸਟ ਅਮਿਤ ਵਰਮਾ ਵੱਲੋਂ ਬਣਾਈ ਗਈ ਹੈ। ਐਪ ਸਬੰਧੀ ਜਾਣਕਾਰੀ ਦਿੰਦਿਆਂ ਚੰਡੀਗੜ੍ਹ ਯੂਨੀਵਰਸਿਟੀ ਦੇ ਖੋਜ ਅਤੇ ਵਿਕਾਸ ਵਿਭਾਗ ਦੇ ਡੀਨ ਡਾ. ਸੰਜੀਤ ਸਿੰਘ ਨੇ ਦੱਸਿਆ ਕਿ 'ਵਰਸਿਟੀ ਵੱਲੋਂ ਜ਼ਮੀਨੀ ਪੱਧਰ 'ਤੇ ਕਿਸਾਨਾਂ ਨਾਲ ਰਾਬਤਾ ਬਣਾਕੇ ਫ਼ਸਲਾਂ ਸਬੰਧੀ ਚੁਣੌਤੀਆਂ ਨੂੰ ਜਾਣਿਆ ਗਿਆ ਹੈ। ਇਸ ਮੌਕੇ ਡਾ. ਰਸ਼ਮੀ ਸ਼ਰਮਾ ਨੇ ਕਿਹਾ ਕਿ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੇ ਖੇਤਰ 'ਚ ਪਿਛਲੇ ਪੰਜ ਸਾਲਾਂ 'ਚ ਭਾਰਤ ਨੇ 4 ਹਜ਼ਾਰ ਤੋਂ ਵੱਧ ਪੇਟੈਂਟ ਦਰਜ ਕਰਵਾ ਕੇ ਏਆਈ ਖੇਤਰ 'ਚ ਵਿਸ਼ਵ ਭਰ 'ਚੋਂ 8ਵਾਂ ਰੈਂਕ ਹਾਸਲ ਕੀਤਾ ਹੈ। ਡਾ. ਰਸ਼ਮੀ ਨੇ ਕਿਹਾ ਕਿ ਸਮਾਜਿਕ ਪੱਧਰ 'ਤੇ ਦਰਪੇਸ਼ ਆ ਰਹੀਆਂ ਛੋਟੀਆਂ ਤੋਂ ਛੋਟੀਆਂ ਚੁਣੌਤੀਆਂ ਦੇ ਸਥਾਈ ਹੱਲਾਂ ਲਈ ਵਿਦਿਆਰਥੀ ਅੱਗੇ ਆਉਣ। ਮੋਬਾਈਲ ਐਪਲੀਕੇਸ਼ਨ ਸਬੰਧੀ ਜਾਣਕਾਰੀ ਦਿੰਦਿਆਂ 'ਵਰਸਿਟੀ ਦੇ ਖੋਜ ਤੇ ਵਿਕਾਸ ਵਿਭਾਗ ਦੇ ਪ੍ਰਾਜੈਕਟ ਸਾਇੰਸਟਿਸਟ ਅਮਿਤ ਵਰਮਾ ਨੇ ਦੱਸਿਆ ਕਿ ਇਸ ਐਪਲੀਕੇਸ਼ਨ ਪ੍ਰਾਜੈਕਟ ਵਿਚ ਪੱਤੇ ਦੀਆਂ ਬਿਮਾਰੀਆਂ ਸਬੰਧੀ ਤਸਵੀਰਾਂ ਨੂੰ ਚਾਰ ਪਰਤਾਂ ਦੇ ਮਾਡਲ ਨਾਲ ਕਨਵੋਲਿਊਸ਼ਨਲ ਨਿਊਰਲ ਨੈੱਟਵਰਕ ਦੀ ਵਰਤੋਂ ਕਰ ਕੇ ਵਰਗੀਕਰਨ ਕੀਤਾ ਗਿਆ ਹੈ, ਜੋ ਫਸਲ ਦੀ ਬਿਮਾਰੀ ਦੀ ਪਛਾਣ ਕਰਕੇ ਢੁੱਕਵੇਂ ਇਲਾਜ ਦੀ ਸਿਫ਼ਾਰਿਸ਼ ਕਰਦਾ ਹੈ।




## ਕੰਟਰੋਲ ਰੂਮ 'ਤੇ ਫੋਨ ਕਰਕੇ ਦਿੱਤੀ ਧਮਕੀ, ਹੁਣ ਚੰਡੀਗੜ੍ਹ 'ਚ ਹੋਣਗੇ ਸੀਰੀਅਲ ਬੰਬ ਬਲਾਸਟ

ਲੁਧਿਆਣਾ , (ਪੱਤਰ ਪ੍ਰੇਰਕ)- ਲੁਧਿਆਣਾ ਦੇ ਕੋਰਟ ਕੰਪਲੈਕਸ ਵਿਚ ਬੰਬ ਬਲਾਸਟ ਹੋਣ ਤੋਂ ਬਾਅਦ ਦਹਿਸ਼ਤ ਫੈਲੀ ਹੋਈ ਹੈ।ਇਸ ਦੌਰਾਨ ਇਕ ਵਿਅਕਤੀ ਨੇ ਚੰਡੀਗੜ੍ਹ ਅਤੇ ਲੁਧਿਆਣਾ ਪੁਲਸ ਦੀ ਨੀਂਦ ਉਡਾ ਦਿੱਤੀ। ਦਰਅਸਲ ਇਕ ਵਿਅਕਤੀ ਨੇ ਚੰਡੀਗੜ੍ਹ ਕੰਟਰੋਲ ਰੂਮ (ਡਾਇਲ 112) 'ਤੇ ਕਾਲ ਕਰਕੇ ਕਿਹਾ ਕਿ ਲੁਧਿਆਣਾ ਦੀ ਅਲਾਦਲ ਵਿਚ ਬੰਬ ਬਲਾਸਟ ਹੋਇਆ ਹੈ, ਹੁਣ ਚੰਡੀਗੜ੍ਹ 'ਚ ਸੀਰੀਅਲ ਬੰਬ ਧਮਾਕੇ ਹੋਣਗੇ।ਇਸ ਕਾਲ ਤੋਂ ਬਾਅਦ ਪੁਲਸ ਦੀ ਨੀਂਦ ਉੱਡ ਗਈ। ਜਾਂਚ ਕਰਦੀ ਹੋਈ ਪੁਲਸ ਨੰਬਰ ਨੂੰ ਟਰੇਸ ਕਰਦੇ ਹੋਏ ਪੁਲਸ ਟਿੱਬਾ ਦੇ ਇਲਾਕੇ 'ਚ ਪੁੱਜ ਗਈ, ਜਿੱਥੇ ਸ਼ਨੀਵਾਰ ਨੂੰ ਮੁਲਜ਼ਮ ਨੂੰ ਕਾਬੂ ਕਰ ਲਿਆ ਗਿਆ। ਫੜੇ ਜਾਣ ਤੋਂ ਬਾਅਦ ਪਤਾ ਲੱਗਾ ਕਿ ਮੁਲਜ਼ਮ ਚੰਦਰਲੋਕ ਕਾਲੋਨੀ ਦਾ ਰਾਜੀਵ ਕੁਮਾਰ ਪੱਪੂ ਹੈ, ਜਿਸ ਨੇ ਸ਼ਰਾਬ ਦੇ ਨਸ਼ੇ ਵਿਚ ਦਹਿਸ਼ਤ ਫੈਲਾਉਣ ਲਈ ਕਾਲ ਕੀਤੀ ਸੀ ਪੁਲਸ ਨੇ ਮੁਲਜ਼ਮ ਖਲਿਾਫ ਹੁਣ ਕੇਸ ਦਰਜ ਕਰ ਲਿਆ ਹੈ। ਇਹ ਮਾਮਲਾ ਸ਼ੁੱਕਰਵਾਰ ਰਾਤ ਦਾ ਹੈ।



## ਖਰੜ ਹਲਕਾ ਵਾਸੀਆਂ ਦੇ ਦੋਸ਼ੀ 'ਆਪ' ਆਗੂ ਮੰਗਣ ਮਾਫ਼ੀ : ਗੋਲਡੀ



ਖਰੜ , (ਪੱਤਰ ਪ੍ਰੇਰਕ)-ਭਾਰਤੀ ਜਨਤਾ ਪਾਰਟੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਅਤੇ ਸੀਨੀਅਰ ਭਾਜਪਾ ਆਗੂ ਸੁਖਵਿੰਦਰ ਸਿੰਘ ਗੋਲਡੀ ਨੇ ਆਮ ਆਦਮੀ ਪਾਰਟੀ ਨੂੰ ਖਰੜ ਵਾਸੀਆਂ ਦੇ ਦੋਸ਼ੀ ਕਰਾਰ ਕਰਦਿਆਂ ਕਿਹਾ ਕਿ ਜਨਤਾ ਦੀ ਅਦਾਲਤ 'ਚ ਜਾਣ ਤੋਂ ਪਹਿਲਾਂ 'ਆਪ' ਆਗੂ ਇੱਥੋਂ ਦੇ ਲੋਕਾਂ ਤੋਂ ਮਾਫ਼ੀ ਮੰਗਣ। ਗੋਲਡੀ ਅੱਜ ਇੱਥੇ ਐਡਵੋਕੇਟ ਅਰੁਣ ਵਤਸ ਵੱਲੋਂ ਆਯੋਜਿਤ ਸਮਾਗਮ ਦੌਰਾਨ ਵੱਖ-ਵੱਖ ਰਾਜਨੀਤਿਕ ਪਾਰਟੀਆਂ ਛੱਡ ਕੇ ਭਾਜਪਾ 'ਚ ਸ਼ਾਮਲ ਹੋਣ ਵਾਲੇ ਆਗੂਆਂ ਦਾ ਸਵਾਗਤ ਕਰਨ ਤੋਂ ਬਾਅਦ ਉਨ੍ਹਾਂ ਨੂੰ ਸੰਬੋਧਨ ਕਰ ਰਹੇ ਸਨ। ਗੋਲਡੀ ਨੇ ਕਿਹਾ ਕਿ ਖਰੜ ਦੇ ਲੋਕ ਆਮ ਆਦਮੀ ਪਾਰਟੀ ਨੂੰ ਵਿਧਾਨ ਸਭਾ ਦੀ ਜ਼ਿੰਮੇਵਾਰੀ ਦੇ ਕੇ ਅੱਜ ਤਕ ਪਛਤਾ ਰਹੇ ਹਨ। 'ਆਪ' ਦੇ ਵਿਧਾਇਕ ਨੇ ਕਦੇ ਵੀ ਵਿਧਾਨ ਸਭਾ 'ਚ ਇਸ ਖੇਤਰ ਦੀ ਆਵਾਜ਼ ਨਹੀਂ ਉਠਾਈ। ਭਾਜਪਾ ਆਗੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਆਗੂ ਪੰਜਾਬ ਵਿਚ ਆ ਕੇ ਗਰੰਟੀਆਂ ਦੇ ਰਹੇ ਹਨ, ਜਦਕਿ ਪਿਛਲੇ ਪੰਜ ਸਾਲਾਂ ਦੌਰਾਨ ਚੋਣ ਜਿੱਤਣ ਵਾਲੇ ਜ਼ਿਆਦਾਤਰ ਵਿਧਾਇਕ ਪਾਰਟੀ ਤੋਂ ਬਾਗੀ ਹੋਏ ਹਨ ਅਤੇ ਆਪਣੇ-ਆਪਣੇ ਵਿਧਾਨ ਸਭਾ ਹਲਕਿਆਂ ਦੀ ਆਵਾਜ਼ ਉਠਾਉਣ 'ਚ ਫੇਲ੍ਹ ਹੋਏ ਹਨ। ਗੋਲਡੀ ਨੇ ਆਸ਼ੂ ਪੁਰੀ, ਯੋਗੇਸ਼ ਪੁਰੀ, ਸ਼ੁਭਮ ਸ਼ਰਮਾ, ਅਨੁਭਵ ਸ਼ਰਮਾ, ਵਿਸ਼ਾਲ ਕਾਹਲੋਂ, ਪ੍ਰਦੀਪ ਸ਼ਰਮਾ, ਸਪਨਾ ਸ਼ਰਮਾ, ਪੁਲਕਿਤ ਸ਼ਰਮਾ ਸਮੇਤ ਕਈ ਹੋਰ ਭਾਜਪਾ ਵਿਚ ਸ਼ਾਮਲ ਹੋਣ 'ਤੇ ਸਵਾਗਤ ਕਰਦੇ ਹੋਏ ਕਿਹਾ ਕਿ ਭਾਰਤੀ ਜਨਤਾ ਪਾਰਟੀ ਹੀ ਇਕ ਅਜਿਹੀ ਪਾਰਟੀ ਹੈ, ਜੋ ਪੰਜਾਬ ਵਾਸੀਆਂ ਨੂੰ ਸਥਿਰ ਸਰਕਾਰ ਦੇ ਸਕਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ 'ਚ ਸ਼ਾਮਲ ਹੋਣ ਵਾਲੇ ਸਾਰੇ ਆਗੂਆਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਪਾਰਟੀ ਆਗੂ ਨਰਿੰਦਰ ਰਾਣਾ, ਰਾਜਿੰਦਰ ਸ਼ਰਮਾ, ਪ੍ਰਵੇਸ਼ ਭਾਰਤੀ, ਡਾ. ਸੁਸ਼ੀਲ ਅਤੇ ਕੁਸ਼ ਰਾਣਾ ਸਮੇਤ ਕਈ ਹੋਰ ਹਾਜ਼ਰ ਸਨ।

## ਲੁਧਿਆਣਾ ਬੰਬ ਧਮਾਕੇ ਨਾਲ ਜੁੜੀ ਵੱਡੀ ਖਬਰ, ਖੰਨਾ 'ਚ ਹੋਟਲ ਦੇ ਕਮਰੇ 'ਚ ਬੰਬ ਅਸੈਂਬਲ ਕੀਤੇ ਜਾਣ ਦਾ ਖਦਸ਼ਾ

ਖੰਨਾ , (ਪੱਤਰ ਪ੍ਰੇਰਕ)- ਲੁਧਿਆਣਾ ਬੰਬ ਧਮਾਕੇ ਨਾਲ ਜੁੜੀ ਵੱਡੀ ਖਬਰ ਸਾਹਮਣੇ ਆ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਬੰਬ ਧਮਾਕੇ ਤੋਂ 48 ਘੰਟੇ ਪਹਿਲਾਂ ਦੋਸ਼ੀ ਗਗਨਦੀਪ ਆਪਣੀ ਮਹਿਲਾ ਦੋਸਤ ਨਾਲ ਖੰਨਾ ਦੇ ਇਕ ਹੋਟਲ 'ਚ ਰੁਕਿਆ ਸੀ। ਉਨ੍ਹਾਂ ਕੋਲ ਇਕ ਬੈਗ ਵੀ ਸੀ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਨੇ ਸਿਰਫ 24 ਘੰਟੇ ਲਈ ਹੋਟਲ ਦਾ ਕਮਰਾ ਬੁੱਕ ਕਰਵਾਇਆ ਸੀ, ਜਦੋਂ ਕਿ ਉਹ ਸਿਰਫ 3 ਤੋਂ 4 ਘੰਟੇ ਹੀ ਕਮਰੇ 'ਚ ਰੁਕੇ ਸਨ। ਜਾਂਚ ਟੀਮਾਂ ਵੱਲੋਂ ਇਸ ਹੋਟਲ ਤੋਂ ਸੀ. ਸੀ. ਟੀ. ਵੀ. ਫੁਟੇਜ ਆਪਣੇ ਕਬਜੇ 'ਚ ਲਈ ਗਈ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਜਾਂਚ ਟੀਮਾਂ ਨੂੰ ਸ਼ੱਕ ਹੈ ਕਿ ਕਿਤੇ ਵਿਸਫੋਟਕ ਸਮੱਗਰੀ ਨਾਲ ਧਮਾਕਾ ਕਰਨ ਦਾ ਸਮਾਨ ਬੈਗ 'ਚ ਨਾ ਹੋਵੇ ਅਤੇ ਹੋਟਲ ਦੇ ਕਮਰੇ 'ਚ ਬੰਬ ਨੂੰ ਅਸੈਂਬਲ ਨਾ ਕੀਤਾ ਗਿਆ ਹੋਵੇ। ਇਸ ਸਾਰੇ ਮਾਮਲੇ ਦੀ ਬਹੁਤ ਹੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।



## ਚੋਣ ਅਫਸਰ ਨੇ ਖਿਡਾਰੀਆਂ ਨੂੰ ਵੋਟ ਦੇ ਅਧਿਕਾਰ ਬਾਰੇ ਕੀਤਾ ਜਾਗਰੂਕ

ਬਸੀ ਪਠਾਣਾਂ, (ਪੱਤਰ ਪ੍ਰੇਰਕ)-ਸਥਾਨਕ ਆਈ. ਟੀ. ਆਈ. ਮੈਦਾਨ 'ਚ ਚੱਲ ਰਹੇ ਵਿੰਟਰ ਹਾਕੀ ਕੈਂਪ ਦੌਰਾਨ ਰਿਜ਼ਰਵ ਵਿਧਾਨ ਸਭਾ ਹਲਕਾ ਬਸੀ ਪਠਾਣਾਂ ਦੇ ਚੋਣ ਅਫਸਰ-ਕਮ-ਐੱਸ. ਡੀ. ਐੱਮ. ਯਸ਼ਪਾਲ ਸ਼ਰਮਾ ਨੇ ਬਤੌਰ ਮੁੱਖ ਮਹਿਮਾਨ ਸ਼ਮੂਲੀਅਤ ਕੀਤੀ। ਉਨ੍ਹਾਂ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਨ ਉਪਰੰਤ ਉਨ੍ਹਾਂ ਨੂੰ ਵੋਟ ਦੇ ਅਧਿਕਾਰ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ । ਉਨ੍ਹਾਂ ਖਿਡਾਰੀਆਂ ਨੂੰ ਖੁਦ ਦੇ ਨਾਲ-ਨਾਲ ਹੋਰ ਨਾਗਰਿਕਾਂ ਨੂੰ ਵੀ ਵੋਟ ਦੇ ਅਧਿਕਾਰ ਬਾਰੇ ਜਾਗਰੂਕ ਕਰਨ ਦੀ ਅਪੀਲ ਕੀਤੀ । ਚੋਣ ਅਫਸਰ ਸ਼ਰਮਾ ਨੇ ਹਾਕੀ ਨੂੰ ਉਤਸ਼ਾਹਿਤ ਕਰਨ ਲਈ ਕੈਂਪ ਦੇ ਪ੍ਰਬੰਧਕਾਂ ਦੀ ਸ਼ਲਾਘਾ ਵੀ ਕੀਤੀ । ਇਸ ਮੌਕੇ ਮੌਜੂਦ ਚੋਣ ਅਮਲੇ 'ਚ ਕੋਆਰਡੀਨੇਟਰ ਲੈਕਚਰਾਰ ਰਣਜੀਤ ਮੋਗਰਿੰਡ ਤੇ ਤਰਲੋਚਨ ਸਿੰਘ, ਰੀਡਰ ਅਮਰੀਕ ਸਿੰਘ, ਏ. ਆਰ. ਇਸਪੈਕਟਰ ਹਰਮਨਦੀਪ ਸਿੰਘ ਅਤੇ ਪੰਕਜ ਪਾਠਕ, ਪ੍ਰਬੰਧਕ, ਖਿਡਾਰੀ ਤੇ ਹੋਰ ਹਾਕੀ ਪ੍ਰੇਮੀ ਵੀ ਸ਼ਾਮਿਲ ਸਨ ।

## ਸਿੱਖਿਆਰਥੀਆਂ ਨੂੰ ਦਿੱਤੀ ਨਿੱਘੀ ਵਿਦਾਇਗੀ



ਪਟਿਆਲਾ , (ਪੱਤਰ ਪ੍ਰੇਰਕ)- ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਵਿਖੇ ਬੈਚੂਲਰ ਆਫ ਮੈਨੇਜਮੈਂਟ ਸਟਡੀਜ਼ (ਗੁਰਦੁਆਰਾ ਮੈਨੇਜਮੈਂਟ) ਦਾ ਤਿੰਨ ਸਾਲਾ ਕੋਰਸ ਕਰ ਰਹੇ ਸਿਖਿਆਰਥੀਆਂ ਨੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਟ੍ਰੇਨਿੰਗ ਮੁਕੰਮਲ ਹੋਣ ਮੌਕੇ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਨਿੱਘੀ ਵਿਦਾਇਗੀ ਦਿੱਤੀ ਗਈ। ਇਸ ਮੌਕੇ ਸਿਖਿਆਰਥੀਆਂ ਨੂੰ ਪ੍ਰੇਰਨਾ ਦੇਣ ਲਈ ਉਚੇਚੇ ਤੌਰ 'ਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਤੇ ਲਾਲ ਬਹਾਦਰ ਸ਼ਾਸਤਰੀ ਨੈਸ਼ਨਲ ਅਕੈਡਮੀ ਆਫ ਐਡਮਿਨਿਸਟ੍ਰੇਸ਼ਨ ਮਸੂਰੀ ਦੇ ਡਾ. ਬ੍ਰਿਜਪਾਲ ਸਿੰਘ ਪੁੱਜੇ ਹੋਏ ਸਨ। ਇਸ ਮੌਕੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਬੱਚਿਆਂ ਨੂੰ ਟ੍ਰੇਨਿੰਗ ਪੂਰੀ ਕੀਤੇ ਜਾਣ ਦੀ ਵਧਾਈ ਦਿੰਦਿਆਂ ਪ੍ਰੇਰਨਾ ਦਿੱਤੀ। ਇਸ ਮੌਕੇ ਸਾਬਕਾ ਪ੍ਰੋਫੈਸਰ ਡਾ. ਬ੍ਰਿਜਪਾਲ ਸਿੰਘ ਨੇ ਬੀਐੱਮਐੱਸ ਕੋਰਸ ਦੇ ਵਿਦਿਆਰਥੀਆਂ ਨੂੰ ਮੂਲ ਮੰਤਰ ਦੇ ਅਰਥਾਂ ਦੀ ਵਿਆਖਿਆ ਕੀਤੀ। ਇਸ ਦੌਰਾਨ ਟੌਹੜਾ ਇੰਸਟੀਚਿਊਟ ਦੇ ਡਾਇਰੈਕਟਰ ਡਾ. ਚਮਕੌਰ ਸਿੰਘ ਨੇ ਕਿਹਾ ਗੁਰਦੁਆਰਾ ਮੈਨੇਜਮੈਂਟ ਕੋਰਸ ਦਾ ਉਦੇਸ਼ ਦੇ ਦਿਸ਼ਾਵਾਂ ਹੈ। ਇਸ ਮੌਕੇ ਅਹਿਨਾਂ ਤੋਂ ਇਲਾਵਾ ਮੈਨੇਜਰ ਕਰਨੈਲ ਸਿੰਘ ਨਾਭਾ, ਐਡੀਸ਼ਨਲ ਮੈਨੇਜਰ ਕਰਨੈਲ ਸਿੰਘ, ਭਾਈ ਅਜੈਮਰ ਸਿੰਘ, ਅਸਿਸਟੈਂਟ ਪ੍ਰੋਫੈਸਰ ਡਾ. ਕੁਲਦੀਪ ਕੌਰ, ਗੁਰਦੀਪ ਸਿੰਘ, ਹਰਪ੍ਰੀਤ ਸਿੰਘ ਆਦਿ ਸ਼ਾਮਲ ਸਨ। ਅਖੀਰ 'ਚ ਡਾਇਰੈਕਟਰ ਚਮਕੌਰ ਸਿੰਘ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ਼ਲਾਘਾਯੋਗ ਪ੍ਰਬੰਧ ਕਰਨ ਲਈ ਪ੍ਰਸ਼ੰਸਾ ਪੱਤਰ ਵੀ ਦਿੱਤਾ ਗਿਆ।

## ਬਿਜਲੀ ਕਾਮਿਆਂ ਨੇ ਦੂਜੇ ਦਿਨ ਵੀ ਕੱਢੀਆਂ ਰੋਸ ਰੈਲੀਆਂ



ਪਟਿਆਲਾ , (ਪੱਤਰ ਪ੍ਰੇਰਕ)- ਪੀਐੱਸਈਬੀ ਇੰਪਲਾਈਜ਼ ਜੁਆਇੰਟ ਫੋਰਮ ਦੇ ਫੈਸਲੇ ਅਨੁਸਾਰ ਬੁੱਧਵਾਰ ਨੂੰ ਦੂਜੇ ਦਿਨ ਵੀ ਬਿਜਲੀ ਕਾਮਿਆਂ ਨੇ ਪੰਜਾਬ ਯੂਟੀ ਮੁਲਾਜ਼ਮ ਤੇ ਪੈਨਸ਼ਨਰਜ਼ ਦੇ ਸੱਦੇ 'ਤੇ ਦੋ ਰੋਜ਼ਾ ਹੜਤਾਲ ਦੇ ਸਮਰਥਨ 'ਚ ਸੂਬਾ ਪੱਧਰ ਤੇ ਬਿਜਲੀ ਦਫਤਰਾਂ ਅੱਗੇ ਰੋਹ ਭਰਪੂਰ ਰੈਲੀਆਂ ਕੀਤੀਆਂ। ਇਸ ਦੌਰਾਨ ਪੰਜਾਬ ਸਰਕਾਰ ਤੇ ਪਾਵਰ ਮੈਨੇਜਮੈਂਟ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਦੀ ਸਖਤ ਨਿਖੇਧੀ ਕੀਤੀ। ਮੁਲਾਜ਼ਮ ਆਗੂਆਂ ਨੇ ਕਿਹਾ ਪੰਜਾਬ ਸਰਕਾਰ ਮੁਲਾਜ਼ਮ ਜਥੇਬੰਦੀਆਂ ਨਾਲ ਸਮਝੌਤੇ ਕਰਨ ਤੋਂ ਲਗਾਤਾਰ ਟਾਲ-ਮਟੋਲ ਕਰ ਰਹੀ ਹੈ ਰੈਲੀਆਂ 'ਚ ਬਿਜਲੀ ਮੁਲਾਜ਼ਮਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਟੈਕਨੀਕਲ ਸਰਵਿਸਜ਼ ਯੂਨੀਅਨ, ਪੀਐੱਸਈਬੀ ਇੰਪਲਾਈਜ਼ ਫੈੱਡਰੇਸ਼ਨ, ਮਨਿਸਟੀਰੀਅਲ ਸਰਵਿਸਜ਼ ਯੂਨੀਅਨ, ਵਰਕਰਜ਼ ਫੈੱਡਰੇਸ਼ਨ ਇੰਟਕ ਪਾਵਰਕਾਮ ਟਰਾਂਸਕੋ, ਇੰਪਲਾਈਜ਼ ਫੈੱਡਰੇਸ਼ਨ (ਫਲਿਵਾਨ) ਪੀਐੱਸਈਬੀ, ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ, ਇੰਪਲਾਈਜ਼ ਫੈੱਡਰੇਸ਼ਨ (ਚਲਜੀਤ ਸਿੰਘ), ਹੈੱਡ ਆਫਿਸ ਇੰਪਲਾਈਜ਼ ਫੈੱਡਰੇਸ਼ਨ, ਥਰਮਲ ਇੰਪਲਾਈਜ਼ ਕੁਆਰਡੀਨੇਸ਼ਨ ਕਮੇਟੀ ਤੇ ਪੰਜਾਬ ਰਾਜ ਬਿਜਲੀ ਬੋਰਡ ਮਜ਼ਦੂਰ ਸੰਘ ਦੇ ਬਿਜਲੀ ਕਾਮਿਆਂ ਨੇ ਹਿੱਸਾ ਲਿਆ। ਸੂਬਾਈ ਆਗੂ ਕਰਮਚੰਦ ਭਾਰਦਵਾਜ, ਕੁਲਦੀਪ ਸਿੰਘ, ਬਲਦੇਵ ਸਿੰਘ, ਬਲਵਿੰਦਰ ਸਿੰਘ, ਹਰਜਿੰਦਰ ਸਿੰਘ, ਸਿਕੰਦਰ ਨਾਥ, ਜਗਰੂਪ ਸਿੰਘ, ਰਵੇਲ ਸਿੰਘ, ਅਵਤਾਰ ਸਿੰਘ, ਹਰਪਾਲ ਸਿੰਘ ਤੇ ਕੌਰ ਸਿੰਘ ਸੋਹੀ ਨੇ ਕਿਹਾ ਮੁਲਾਜ਼ਮ ਆਪਣੀਆਂ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ ਹਰ ਪੱਧਰ 'ਤੇ ਸੰਘਰਸ਼ ਨੂੰ ਤੇਜ਼ ਕਰਨਗੇ।

## ਆਤਮ ਹੱਤਿਆ ਲਈ ਮਜ਼ਬੂਰ ਕਰਨ ਦੇ ਕੇਸ ਵਿਚ ਵਿਆਹੁਤਾ ਦੇ ਪਤੀ ਦੀ ਜਮਾਨਤ ਮਨਜ਼ੂਰ



ਪਟਿਆਲਾ, (ਪੱਤਰ ਪ੍ਰੇਰਕ)- ਬੀਤੇ ਕੁੱਝ ਦਿਨ ਪਹਿਲਾਂ ਪਿੰਡ ਦੁਗਾਲ ਤਹਿਸੀਲ ਪਾਤੜਾਂ ਜ਼ਿਲਾ ਪਟਿਆਲਾ ਦੀ ਰਹਿਣ ਵਾਲੀ ਵਿਆਹੁਤਾ ਲੜਕੀ ਸੰਦੀਪ ਕੌਰ ਪੁੱਤਰੀ ਕਸ਼ਮੀਰ ਸਿੰਘ ਨੇ ਅਪਣੇ ਸਹੁਰੇ ਘਰ ਵਿਚ ਫਾਹਾ ਲੈ ਕੇ ਅਪਣੀ ਜੀਵਨ ਲੀਲਾ ਸਮਾਪਤ ਕਰ ਲਈ ਸੀ। ਇਸ ਕਾਰਨ ਪਾਤੜਾਂ ਪੁਲਸ ਨੇ ਲੜਕੀ ਦੇ ਪਿਤਾ ਕਸ਼ਮੀਰ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਮਕੁੱਦਮਾ ਨੰਬਰ 361 ਮਿਤੀ 18-09-21 ਅਧੀਨ ਧਾਰਾ 306-34 ਆਈ.ਪੀ.ਸੀ ਥਾਣਾ ਪਾਤੜਾਂ ਵਿਚ ਸੰਦੀਪ ਕੌਰ ਦੇ ਪਤੀ ਬੱਬੂ ਸਿੰਘ ਪੁੱਤਰ ਬਖੇਤ ਸਿੰਘ ਵਾਸੀ ਪਿੰਡ ਦੁਗਾਲ ਤੇ ਹੋਰ ਪਰਿਵਾਰਿਕ ਮੈਂਬਰਾਂ ਦੇ ਖਿਲਾਫ ਦਰਜ ਕਰ ਲਿਆ ਸੀ।ਬਾਅਦ ਵਿਚ ਪੁਲਸ ਨੇ ਬੱਬੂ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਇਸ ਕਾਰਨ ਬੱਬੂ ਸਿੰਘ ਨੇ ਅਪਣੀ ਜਮਾਨਤ ਲਈ ਅਰਜ਼ੀ ਪਟਿਆਲਾ ਕੋਰਟ ਦੇ ਵਕੀਲ ਗਗਨਦੀਪ ਸਿੰਘ ਘੀੜੇ ਰਾਂਹੀ ਦਾਇਰ ਕੀਤੀ ਸੀ ਤੇ ਮਾਨਯੋਗ ਅਦਾਲਤ ਵਿਚ ਜਸਪਿੰਦਰ ਸਿੰਘ ਐਡੀਸ਼ਨਲ ਸ਼ੈਸਨ ਜੱਜ ਪਟਿਆਲਾ ਨੇ ਵਕੀਲਾਂ ਦੀ ਬਹਿਸ ਸੁਣਨ ਤੋਂ ਬਾਅਦ ਬੱਬੂ ਸਿੰਘ ਦੀ ਜਮਾਨਤ ਮਨਜ਼ੂਰ ਕਰ ਲਿਆ ਹੈ

## ਨਾ ਪੈਸੇ ਦਾ ਪਤਾ ਤੇ ਨਾ ਲੱਗਾ ਟੈਂਡਰ, ਨੀਂਹ ਪੱਥਰ ਪਹਿਲਾਂ ਹੀ ਰੱਖ ਗਏ ਵੜਿੰਗ ਸਾਬ੍ਹ !

ਸਮਾਣਾ, (ਪੱਤਰ ਪ੍ਰੇਰਕ)-'ਰਿਸ਼ਤਾ ਹੋਇਆ ਨਹੀਂ ਤੇ ਲੱਡੂ ਪਹਿਲਾਂ ਹੀ ਵੰਡ'ਤੇ ਵਿਚ ਸ਼ਰੀਕਾਂ' ਸਮਾਣਾ ਦੇ ਬੱਸ ਸਟੈਂਡ ਦੇ ਨਵੀਨੀਕਰਨ ਨੂੰ ਲੈ ਕੇ ਵੀ ਕੁੱਝ ਅਜਿਹਾ ਹੀ ਦੇਖਣ ਨੂੰ ਮਿਲਿਆ, ਜਦ ਪੰਜਾਬ ਸਰਕਾਰ ਦੇ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਮਾਣਾ ਦੇ ਬੱਸ ਸਟੈਂਡ ਜੋ ਕਿ ਨਗਰ ਕੌਂਸਲ ਸਮਾਣਾ ਦੀ ਮਲਕੀਅਤ ਹੈ, ਦੇ ਨਵੀਨੀਕਰਨ ਦਾ ਨੀਂਹ ਪੱਥਰ ਤਾਂ ਰੱਖ ਦਿੱਤਾ ਪਰ ਨਾ ਤਾਂ ਉਸ ਦੇ ਪੈਸੇ ਹੀ ਜਾਰੀ ਹੋਏ ਤੇ ਨਾ ਹੀ ਉਸ ਦਾ ਕੋਈ ਟੈਂਡਰ ਲਾਇਆ ਗਿਆ। ਕੰਮ ਸ਼ੁਰੂ ਹੋਣਾ ਤਾਂ ਦੂਰ ਦੀ ਗੱਲ ਹੈ। ਦੱਸ ਦੇਈਏ ਸਮਾਣਾ ਦਾ ਬੱਸ ਸਟੈਂਡ ਨਗਰ ਕੌਂਸਲ ਸਮਾਣਾ ਦੀ 2 ਏਕੜ ਜ਼ਮੀਨ 'ਤੇ ਬਣਿਆ ਹੋਇਆ ਹੈ। ਨਗਰ ਕੌਂਸਲ ਸਮਾਣਾ ਪੀਆਰਟੀਸੀ ਤੋਂ ਇਸ ਦੇ ਬਦਲੇ ਪ੍ਰਤੀ ਬੱਸ ਦੇ ਚੱਕਰ ਦੇ ਹਿਸਾਬ ਨਾਲ ਉਸ ਦੀ ਪਰਚੀ ਕੱਟਦਾ ਹੈ। ਬੀਤੇ 24 ਦਸੰਬਰ ਨੂੰ ਪੰਜਾਬ ਦੇ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਸ ਬੱਸ ਸਟੈਂਡ ਦੇ ਨਵੀਨੀਕਰਨ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਦਾਅਵਾ ਕੀਤਾ ਇਸ ਦੇ ਨਵੀਨੀਕਰਨ ਲਈ 6 ਕਰੋੜ 11 ਲੱਖ ਰੁਪਏ ਦੀ ਰਕਮ ਨਗਰ ਕੌਂਸਲ ਸਮਾਣਾ ਨੂੰ ਜਾਰੀ ਕਰ ਦਿੱਤੀ ਗਈ ਹੈ ਤੇ ਹੁਣੇ ਤੋਂ ਇਸ ਦੇ ਨਵੀਨੀਕਰਨ ਦਾ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ ਪਰ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਹਾਲੇ ਤਕ ਨਾ ਤਾਂ ਨਗਰ ਕੌਂਸਲ ਨੂੰ ਇਹ ਰਕਮ ਦਾ ਚੈੱਕ ਹੀ ਆਇਆ ਹੈ ਤੇ ਨਾ ਹੀ ਇਸ ਦਾ ਨਗਰ ਕੌਂਸਲ ਵੱਲੋਂ ਕੋਈ ਟੈਂਡਰ ਕਿਸੇ ਫਰਮ ਨੂੰ ਅਲਾਟ ਹੋਇਆ ਹੈ ਜੋ ਬੱਸ ਸਟੈਂਡ ਦੇ ਨਵੀਨੀਕਰਨ ਦਾ ਕੰਮ ਕਰੇਗੀ। ਇੱਥੇ ਸੋਚਣ ਵਾਲੀ ਗੱਲ




ਇਹ ਹੈ ਕਿ ਕੀਤੇ ਇਹ ਕੋਈ ਚੋਣ ਸਟੰਟ ਤਾਂ ਨਹੀਂ ਜੋ ਸਮਾਣਾ ਦੇ ਲੋਕਾਂ ਨੂੰ ਭਰਮਾਉਣ ਲਈ ਖੇਡਿਆ ਗਿਆ ਹੋਵੇ ਕਿਉਂਕਿ ਜਦ ਪੈਸੇ ਆਏ ਨਹੀਂ, ਟੈਂਡਰ ਲੱਗਾ ਨਹੀਂ ਤਾਂ ਨੀਂਹ ਪੱਥਰ ਰੱਖਣ 'ਚ ਇੰਨੀ ਕਾਹਲ ਆਖ਼ਰ ਕਿਉਂ ਦਿਖਾਈ ਗਈ। ਸ਼੍ਰੋਮਣੀ ਅਕਾਲੀ ਦਲ ਬਾਦਲ, ਆਮ ਆਦਮੀ ਪਾਰਟੀ ਸਣੇ ਦੂਜੀਆਂ ਧਿਰਾਂ ਤੇ ਪਹਿਲਾਂ ਹੀ ਪੰਜਾਬ ਸਰਕਾਰ ਤੇ ਦੋਸ਼ ਲਾ ਰਹੀਆਂ ਹਨ ਕਿ ਸਰਕਾਰ ਸਿਰਫ ਐਲਾਨ ਕਰ ਰਹੀ ਹੈ, ਜਦ ਕਿ ਕੋਈ ਵੀ ਐਲਾਨ ਨੂੰ ਹਕੀਕਤ 'ਚ ਲਾਗੂ ਨਹੀਂ ਕੀਤਾ ਜਾ ਰਿਹਾ। ਅਜਿਹੇ 'ਚ ਸਮਾਣਾ ਦੇ ਬੱਸ ਸਟੈਂਡ 'ਤੇ ਵੀ ਉਂਗਲ ਉੱਠਣਾ ਸੁਭਾਵਿਕ ਹੀ ਹੈ।

ਬੱਸ ਸਟੈਂਡ ਦੇ ਨਵੀਨੀਕਰਨ ਦਾ ਉਦਘਾਟਨ ਕਰਨ ਪੁੱਜੇ ਪੰਜਾਬ ਦੇ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਸਮਾਣਾ ਦੇ ਲੋਕਾਂ ਨੂੰ ਦਗਾ ਦੇ ਗਏ, ਉਨ੍ਹਾਂ ਇਸ ਸਬੰਧੀ ਰੱਖੇ ਗਏ ਸਮਾਗਮ ਦੌਰਾਨ ਸਟੇਜ ਤੋਂ ਐਲਾਨ ਕੀਤਾ ਕਿ ਬੱਸ ਸਟੈਂਡ ਦੇ ਨਵੀਨੀਕਰਨ ਲਈ 6 ਕਰੋੜ 11 ਲੱਖ ਰੁਪਏ ਦੀ ਰਕਮ ਦਾ ਚੈੱਕ ਨਗਰ ਕੌਂਸਲ ਸਮਾਣਾ ਨੂੰ ਦੇ ਦਿੱਤਾ ਗਿਆ ਹੈ ਤੇ ਅੱਜ ਤੋਂ ਹੀ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ ਪਰ ਉਦਘਾਟਨ ਦੇ ਚਾਰ ਦਿਨ ਬਾਅਦ ਤਕ ਵੀ ਨਗਰ ਕੌਂਸਲ ਨੂੰ ਇਹ ਚੈੱਕ ਨਹੀਂ ਮਿਲਿਆ।

**ਨਹੀ ਮਿਲਿਆ 6 ਕਰੋੜ 11 ਲੱਖ ਦਾ ਚੈੱਕ : ਈਓ**

ਇਸ ਬਾਰੇ ਜਦ ਨਗਰ ਕੌਂਸਲ ਸਮਾਣਾ ਦੇ ਈਓ ਮੁਕੇਸ਼ ਸਿੰਗਲਾ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਮੰਨਿਆ ਕਿ ਹਾਲੇ ਤਕ ਉਨ੍ਹਾਂ ਨੂੰ ਬੱਸ ਸਟੈਂਡ ਦੇ ਨਵੀਨੀਕਰਨ ਲਈ 6 ਕਰੋੜ 11 ਲੱਖ ਰੁਪਏ ਦਾ ਚੈੱਕ ਨਹੀਂ ਮਿਲਿਆ ਪਰ ਉਨ੍ਹਾਂ ਦਾਅਵਾ ਕੀਤਾ ਕਿ ਛੇਤੀ ਹੀ ਇਹ ਰਾਸ਼ੀ ਨਗਰ ਕੌਂਸਲ ਨੂੰ ਮਿਲ ਜਾਵੇਗੀ। ਉਨ੍ਹਾਂ ਇਸ ਕੰਮ ਦੇ ਟੈਂਡਰਾਂ ਸੰਬੰਧੀ ਦੱਸਿਆ ਕਿ ਟੈਂਡਰ ਮੰਗ ਲਏ ਗਏ ਹਨ ਤੇ ਛੇਤੀ ਹੀ ਯੋਗ ਫਰਮ ਨੂੰ ਟੈਂਡਰ ਅਲਾਟ ਕਰ ਦਿੱਤੇ ਜਾਣਗੇ।

## 5157 ਜਣਿਆਂ ਨੇ ਕਰਵਾਇਆ ਕੋਰੋਨਾ ਰੋਕੂ ਟੀਕਾਕਰਨ

ਪਟਿਆਲਾ , (ਪੱਤਰ ਪ੍ਰੇਰਕ)- ਸਿਵਲ ਸਰਜਨ ਡਾ. ਪ੍ਰਿੰਸ ਸੋਢੀ ਤੇ ਜ਼ਿਲ੍ਹਾ ਟੀਕਾਕਰਨ ਅਧਿਕਾਰੀ ਡਾ. ਵੀਨੂੰ ਗੋਇਲ ਨੇ ਦੱਸਿਆ ਕਿ ਅੱਜ ਜ਼ਿਲ੍ਹੇ 'ਚ ਟੀਕਾਕਰਨ ਕੈਂਪਾਂ 'ਚ 5157 ਨਾਗਰਿਕਾਂ ਵੱਲੋਂ ਕੋਵਿਡ ਵੈਕਸੀਨ ਦੇ ਟੀਕੇ ਲਵਾਏ ਗਏ। ਇਸ ਨਾਲ ਜ਼ਿਲ੍ਹੇ 'ਚ ਕੋਵਿਡ ਰੋਕੂ ਟੀਕਾਕਰਨ ਦੀ ਗਿਣਤੀ 16 ਲੱਖ 28 ਹਜ਼ਾਰ 091 ਹੋ ਗਈ ਹੈ। ਉਨ੍ਹਾਂ ਕਿਹਾ ਅੱਜ ਬੁੱਧਵਾਰ ਨੂੰ 18 ਸਾਲ ਤੋਂ ਵੱਧ ਉਮਰ ਦੇ ਨਾਗਰਿਕਾਂ ਦਾ ਕੋਵੀਸ਼ੀਲਡ ਕੋਵਿਡ ਵੈਕਸੀਨ ਨਾਲ ਪਟਿਆਲਾ ਸ਼ਹਿਰ ਦੇ ਅਨੈਕਸੀ ਕਮਿਊਨਿਟੀ ਸਿਹਤ ਕੇਂਦਰ ਮਾਡਲ ਟਾਊਨ, ਅਨੈਕਸੀ ਕਮਿਊਨਿਟੀ ਸਿਹਤ ਕੇਂਦਰ ਤ੍ਰਿਪੜੀ, ਸਰਕਾਰੀ ਰਾਜਿੰਦਰਾ ਹਸਪਤਾਲ, ਡੀਐੱਮਡਬਲਿਊ ਰੇਲਵੇ ਹਸਪਤਾਲ, ਪੁਲਿਸ ਲਾਈਨਜ਼, ਸਮਾਣਾ ਦੇ ਸਬ-ਡਵੀਜ਼ਨ ਹਸਪਤਾਲ, ਨਾਭਾ ਦੇ ਸਬ-ਡਵੀਜ਼ਨ ਹਸਪਤਾਲ, ਰਾਜਪੁਰਾ ਦੇ ਸਿਵਲ ਹਸਪਤਾਲ ਤੋਂ ਇਲਾਵਾ ਬਲਾਕ ਕੋਲੀ, ਭਾਦਸੋਂ, ਕਾਲੋਮਾਜਰਾ, ਹਰਪਾਲਪੁਰ, ਦੁਧਨਸਾਧਾ, ਸ਼ੁਤਰਾਣਾ 'ਚ ਤੇ ਅਧੀਨ ਆਉਂਦੇ ਪਿੰਡਾਂ 'ਚ ਵੀ ਕੋਵਿਡ ਰੋਕੂ ਟੀਕਾਕਰਨ ਕੀਤਾ ਜਾਵੇਗਾ। ਮਾਤਾ ਕੁਸ਼ੱਲਿਆ ਹਸਪਤਾਲ 'ਚ ਇੰਟਰਨੈਸ਼ਨਲ ਸਟੂਡੈਂਟਸ/ਟ੍ਰੈਵਲਰਜ਼ ਨੂੰ ਪਹਿਲੀ ਡੋਜ਼ ਦੇ 28 ਦਿਨਾਂ ਬਾਅਦ ਕੋਵੀਸ਼ੀਲਡ ਵੈਕਸੀਨ ਦੀ ਦੂਸਰੀ ਡੋਜ਼ ਵੀ ਲਾਈ ਜਾਵੇਗੀ।

## ਪਟਿਆਲਾ ਪੁਲਸ ਦੀ ਵੱਡੀ ਕਾਰਵਾਈ, ਖਾਲਿਸਤਾਨ ਨਾਲ ਸਬੰਧਿਤ 3 ਲੋਕ ਗ੍ਰਿਫਤਾਰ

ਪਟਿਆਲਾ , (ਪੱਤਰ ਪ੍ਰੇਰਕ)- ਪਟਿਆਲਾ ਪੁਲਸ ਨੇ ਵੱਡੀ ਕਾਰਵਾਈ ਕਰਦਿਆਂ ਸਿੱਖਸ ਫ਼ਾਰ ਜਸਟਿਸ ਦੇ 3 ਮੈਂਬਰਾਂ ਨੂੰ ਪ੍ਰਚਾਰ ਸਮੱਗਰੀ ਸਮੇਤ



ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਪਟਿਆਲਾ ਪੁਲਸ ਦੇ ਐੱਸ. ਐੱਸ. ਪੀ. ਹਰਚਰਨ ਸਿੰਘ ਭੁੱਲਰ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ 26 ਦਸੰਬਰ ਨੂੰ ਵੱਖ-ਵੱਖ ਧਾਰਮਿਕ ਸਥਾਨਾਂ 'ਤੇ ਅਤੇ ਹੋਰ ਜਨਤਕ ਥਾਵਾਂ 'ਤੇ ਇਹ ਲੋਕ ਖਾਲਿਸਤਾਨ ਬਣਾਉਣ ਨੂੰ ਲੈ ਕੇ ਰੈਫਰੈਂਡਮ ਕਰਾਉਣ ਸਬੰਧੀ ਵੋਟਿੰਗ ਲਈ ਉਕਸਾ ਕੇ ਵੋਟਿੰਗ ਰਜਿਸਟਰੇਸ਼ਨ ਫਾਰਮ ਵੰਡ ਰਹੇ ਸਨ ਉਨ੍ਹਾਂ ਦਾਅਵਾ ਕੀਤਾ ਕਿ ਪੁਲਸ ਨੇ 2 ਵਿਅਕਤੀਆਂ ਅਤੇ ਇਕ ਜਨਾਨੀ ਨੂੰ ਗ੍ਰਿਫਤਾਰ ਕੀਤਾ ਹੈ। ਐੱਸ. ਐੱਸ. ਪੀ. ਭੁੱਲਰ ਨੇ ਕਿਹਾ ਕਿ ਇਨ੍ਹਾਂ ਵਿਅਕਤੀਆਂ ਨੂੰ ਬਨੂੜ ਬੱਸ ਸਟੈਂਡ ਤੋਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਬਨੂੜ ਥਾਣੇ ਵਿੱਚ ਹੀ ਪੁਲਸ ਵੱਲੋਂ ਮਾਮਲਾ ਦਰਜ ਕਰ ਕੇ ਕਾਰਵਾਈ ਕੀਤੀ ਜਾ ਰਹੀ ਹੈ। ਪੁਲਸ ਮੁਤਾਬਕ ਉਕਤ ਲੋਕਾਂ ਦੇ ਤਾਰ ਬਾਹਰਲੇ ਮੁਲਕਾਂ ਨਾਲ ਜੁੜੇ ਹੋਏ ਹਨ। ਗ੍ਰਿਫਤਾਰ ਕੀਤੇ ਗਏ ਲੋਕਾਂ ਤੋਂ ਇਤਰਾਜਯੋਗ ਸਮੱਗਰੀ ਵੀ ਬਰਾਮਦ ਕੀਤੀ ਗਈ ਹੈ। ਫਿਲਹਾਲ ਪੁਲਸ ਵੱਲੋਂ ਮਾਮਲੇ ਦੀ ਜਾਂਚ ਜਾਰੀ ਹੈ।

## ਦੁਕਾਨਦਾਰ ਦੀਆਂ ਅੱਖਾਂ 'ਚ ਮਿਰਚਾਂ ਪਾ ਕੇ ਲੈਪਟਾਪ, ਮੋਬਾਇਲ, 70 ਹਜ਼ਾਰ ਅਤੇ ਹੋਰ ਸਮਾਨ ਲੈ ਕੇ ਫਰਾਰ

ਰਾਜਪੁਰਾ , (ਪੱਤਰ ਪ੍ਰੇਰਕ)- ਬੀਤੀ ਸ਼ਾਮ ਪਿੰਡ ਘੱਗਰ ਸਰਾਏ ਅੱਡੇ 'ਤੇ ਸਥਿਤ ਇਕ ਮੋਬਾਇਲ ਦੀ ਦੁਕਾਨ ਕਰਨ ਵਾਲੇ ਵਿਅਕਤੀ ਦੀ ਦੁਕਾਨ 'ਤੇ 3 ਅਣਪਛਾਤੇ ਵਿਅਕਤੀਆਂ ਨੇ ਦੁਕਾਨਦਾਰ ਦੀਆਂ ਅੱਖਾਂ 'ਚ ਮਿਰਚਾਂ ਪਾ ਕੇ ਉਸ ਦਾ ਬੈਗ ਖੋਹ ਕੇ ਲੈ ਗਏ, ਜਿਸ ਵਿਚ 70 ਹਜ਼ਾਰ ਨਕਦੀ ਸਣੇ 1 ਲੱਖ ਤੋਂ ਉੱਪਰ ਦਾ ਸਾਮਾਨ ਸੀ। ਜਾਣਕਾਰੀ ਅਨੁਸਾਰ ਪਿੰਡ ਘੱਗਰ ਸਰਾਏ ਅੱਡੇ 'ਤੇ ਮੋਬਾਇਲਾਂ ਦੀ ਦੁਕਾਨ ਕਰਨ ਵਾਲਾ ਗੁਰਸੇਵਕ ਸਿੰਘ ਨੇ ਥਾਣਾ ਸ਼ੰਭੂ ਦੀ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਕਿ ਬੀਤੀ ਸ਼ਾਮ ਜਦੋਂ ਉਹ ਆਪਣੀ ਦੁਕਾਨ ਬੰਦ ਕਰਨ ਲੱਗਾ ਤਾਂ ਉਸੇ ਸਮੇਂ 3 ਅਣਪਛਾਤੇ ਵਿਅਕਤੀ ਆ ਗਏ। ਉਸ ਦੀਆਂ ਅੱਖਾਂ 'ਚ ਪਹਿਲਾਂ ਉਨ੍ਹਾਂ ਨੇ ਮਿਰਚਾਂ ਪਾ ਦਿੱਤੀਆਂ। ਦੁਕਾਨਦਾਰ ਨੇ ਜਦੋਂ ਉਨ੍ਹਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਉਸ ਨਾਲ ਕੁੱਟਮਾਰ ਕੀਤੀ ਅਤੇ ਉਸ ਦੇ ਹੱਥ 'ਚ ਫੜਿਆ ਬੈਗ, ਜਿਸ 'ਚ ਇਕ ਲੈਪਟਾਪ, 5 ਮੋਬਾਇਲ ਫੋਨ, ਇਕ ਪੈਨ ਡ੍ਰਾਈਵ, 70 ਹਜ਼ਾਰ ਰੁਪਏ ਨਕਦ ਸਣੇ ਕੁੱਲ 135000 ਰੁਪਏ ਦਾ ਸਾਮਾਨ ਸੀ, ਉਹ ਲੈ ਕੇ ਫਰਾਰ ਹੋ ਗਏ। ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪੁੱਜ ਗਈ। ਗੁਰਸੇਵਕ ਸਿੰਘ ਦੀ ਸ਼ਿਕਾਇਤ ਅਨੁਸਾਰ ਅਣਪਛਾਤੇ ਤਿੰਨਾਂ ਵਿਅਕਤੀਆਂ ਖਲਿਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਡੀ.ਸੀ. ਦਫ਼ਤਰ ਦਾ ਅਣਮਿੱਥੇ ਸਮੇਂ ਲਈ ਘਿਰਾਓ ਸ਼ੁਰੂ



ਪਟਿਆਲਾ , (ਪੱਤਰ ਪ੍ਰੇਰਕ)- ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਡੀਸੀ ਦਫ਼ਤਰ ਦੇ ਗੇਟ ਸਾਹਮਣੇ ਲਾਏ ਪੱਕੇ ਮੋਰਚੇ ਨੂੰ 10 ਦਿਨ ਬੀਤ ਜਾਣ ਉਪਰੰਤ ਵੀ ਕਿਸਾਨਾਂ ਦੀਆਂ ਮੰਗਾਂ ਲਾਗੂ ਨਾ ਹੋਣ 'ਤੇ ਰੋਸ 'ਚ ਆਏ ਕਿਸਾਨਾਂ ਵੱਲੋਂ ਅਣਮਿੱਥੇ ਸਮੇਂ ਲਈ ਡੀਸੀ ਦਫ਼ਤਰ ਦਾਂ ਘਰਾਓ ਸ਼ੁਰੂ ਕਰ ਦਿੱਤਾ ਗਿਆ ਹੈ। ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਨਿਆਲ ਨੇ ਦੱਸਿਆ ਕਿ ਬੀਤੀ 22 ਤੇ ਨੂੰ ਹੋਈਆਂ ਮੀਟਿੰਗਾਂ 'ਚ ਬਣੀਆਂ ਸਹਿਮਤੀਆਂ ਦੇ ਬਾਵਜੂਦ ਵੀ ਸਰਕਾਰ ਵੱਲੋਂ ਮੰਗਾਂ ਲਾਗੂ ਨਾ ਕਰਨ ਦੇ ਰੋਸ ਵੱਜੋਂ ਡੀਸੀ ਦਫ਼ਤਰ ਦਾ ਅਣਮਿੱਥੇ ਸਮੇਂ ਲਈ ਕੀਤਾਂ ਘਰਾਓ ਮੰਗਾਂ ਦੇ ਠੋਸ ਹੱਲ ਤੱਕ ਜਾਰੀ ਰਹੇਗਾ। ਇਸ ਮੌਕੇ ਆਗੂ ਜਸਵਿੰਦਰ ਸਿੰਘ ਬਰਾਸ, ਜਿਲ੍ਹਾ ਸਕੱਤਰ ਜਸਵੰਤ ਸਿੰਘ ਸਦਰਪੁਰ, ਫਤਿਹਗੜ੍ਹ ਸਾਹਿਬ ਤੋਂ ਸਰਬਜੀਤ ਸਿੰਘ ਸਲੇਮਪੁਰ, ਮਹਿੰਦਰ ਸਿੰਘ, ਗੁਰਚਰਨ ਸਿੰਘ ਰਾਮਗੜ੍ਹ ਤੇ ਕੁਲਦੀਪ ਸਿੰਘ ਬੰਮਣਾ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

## ਕਲੱਬ ਨੇ ਗ੍ਰਾਮ ਪੰਚਾਇਤ ਨੂੰ ਸੌਂਪਿਆ ਮੰਗ ਪੱਤਰ



ਪਾਤੜਾਂ , (ਪੱਤਰ ਪ੍ਰੇਰਕ)- ਪਿੰਡ ਬਣਵਾਲਾ ਵਿਖੇ ਖੇਡ ਸਟੇਡੀਅਮ ਦੇ ਨਵੀਨੀਕਰਨ ਸਬੰਧੀ ਨੈਸ਼ਨਲ ਕਲੱਬ ਬਣਵਾਲਾ ਦੇ ਮੈਂਬਰਾਂ ਵਲੋਂ ਮੰਗ ਪੱਤਰ ਗ੍ਰਾਮ ਪੰਚਾਇਤ ਨੂੰ ਸੌਂਪਿਆ ਗਿਆ। ਜਾਣਕਾਰੀ ਦਿੰਦਿਆਂ ਕਲੱਬ ਦੇ ਚੇਅਰਮੈਨ ਨਿਸ਼ਾਨ ਸਿੰਘ ਤੇ ਪ੍ਰਧਾਨ ਗੁਰਜੀਤ ਸਿੰਘ ਨੇ ਦੱਸਿਆ ਕਿ ਫੁੱਟਬਾਲ ਸਟੇਡੀਅਮ 'ਚ ਲਾਈਟਾਂ ਦੀ ਜ਼ਰੂਰਤ ਹੈ। ਖਿਡਾਰੀਆਂ ਦੀ ਫਿੱਟਨੈੱਸ ਦੇ ਲਈ ਜਿਮ ਤੇ ਸਟੇਡੀਅਮ 'ਚ ਪੀਣ ਯੋਗ ਪਾਣੀ ਦਾ ਪ੍ਰਬੰਧ ਕਰਨਾ, ਜਿਮ ਦੇ ਸਾਮਾਨ ਰੱਖਣ ਲਈ ਕਮਰੇ ਜ਼ਰੂਰਤ ਹੈ। ਪਿੰਡ ਦੇ ਸਰਪੰਚ ਗੁਰਦਰਸ਼ਨ ਸਿੰਘ ਯੂਥ ਕਲੱਬ ਨਾਲ਼ ਸੰਬੰਧਿਤ ਨੌਜਵਾਨਾਂ ਨੂੰ ਧਿਆਨ 'ਚ ਰੱਖਦਿਆਂ ਗ੍ਰਾਮ ਪੰਚਾਇਤ ਹਰ ਸੰਭਵ ਸਹਿਯੋਗ ਲਈ ਤਿਆਰ ਹੈ। ਪਿੰਡ 'ਚ ਬੱਚੇ ਵੱਡੀ ਗਿਣਤੀ 'ਚ ਗਰਾਊਂਡ 'ਚ ਖੇਡਦੇ ਹਨ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਛੇਤੀ ਹੀ ਪੂਰਾ ਕੀਤਾ ਜਾਵੇਗਾ। ਪੰਜਾਬ ਸਰਕਾਰ ਵਲੋਂ ਦੋ ਲੱਖ ਦੀ ਖੇਡਾਂ ਦੇ ਸਾਮਾਨ ਦੀ ਗਰਾਂਟ ਪੰਚਾਇਤ ਦੇ ਖਾਤੇ 'ਚ ਪੈ ਗਈ ਹੈ। ਜਿਮ ਦਾ ਸਾਮਾਨ ਜਲਦੀ ਹੀ ਲਿਆਂਦਾ ਜਾਵੇਗਾ।

### ਸਰਵਹਿੱਤਕਾਰੀ ਵਿੱਦਿਆ ਮੰਦਰ ਵਿਖੇ ਲੋੜਵੰਦਾਂ ਦੀ ਮਦਦ ਲਈ ਮੁਹਿੰਮ ਸ਼ੁਰੂ

ਖਮਾਣੋਂ, (ਪੱਤਰ ਪ੍ਰੇਰਕ)- ਸਰਵਹਿੱਤਕਾਰੀ ਵਿੱਦਿਆ ਮੰਦਰ ਖਮਾਣੋਂ ਦੀ ਪ੍ਰਿੰਸੀਪਲ ਗੁਰਪ੍ਰੀਤ ਕੌਰ ਨੇ ਦੱਸਿਆ ਕਿ ਸਕੂਲ ਵਲੋਂ ਲੋੜਵੰਦਾਂ ਦੀ ਮਦਦ ਲਈ ਮੁਹਿੰਮ ਸੁਰੂ ਕੀਤੀ ਗਈ ਹੈ, ਜਿਸ 'ਚ ਸਕੂਲ ਦੇ ਵਿਦਿਆਰਥੀਆਂ ਵਲੋਂ ਆਪਣੇ ਘਰ ਵਿਚ ਪਏ ਵਾਧੂ ਕੱਪੜੇ, ਜੁੱਤੀਆਂ ਅਤੇ ਹੋਰ ਗਰਮ ਕੱਪੜੇ ਲਿਆਂਦੇ ਜਾ ਰਹੇ ਹਨ ਤਾਂ ਜੋ ਸਰਦੀ ਦੇ ਮੌਸਮ 'ਚ ਲੋੜਵੰਦ ਲੋਕਾਂ ਅਤੇ ਗਰੀਬ ਬੱਚਿਆਂ ਨੂੰ ਕੱਪੜੇ ਦਿੱਤੇ ਜਾ ਸਕਣ . ਪ੍ਰਿੰਸੀਪਲ ਨੇ ਦੱਸਿਆ ਕਿ ਖਮਾਣੋਂ ਇਲਾਕੇ 'ਚ ਸਰਵਹਿੱਤਕਾਰੀ ਵਿੱਦਿਆ ਮੰਦਰ ਖਮਾਣੋਂ ਵਲੋਂ ਜਰੂਰਤਮੰਦ ਬੱਚਿਆਂ ਦੀ ਪੜ੍ਹਾਈ ਲਈ ਸੰਸਕਾਰ ਕੇਂਦਰ ਵੀ ਚਲਾਏ ਜਾ ਰਹੇ ਹਨ . ਉਨ੍ਹਾਂ ਦੱਸਿਆ ਕਿ ਸੰਸਥਾ ਦਾ ਮੁੱਖ ਮਨੋਰਥ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਨੂੰ ਮੁਫਤ ਸਿੱਖਿਆ ਮੁਹੱਈਆ ਕਰਵਾਉਣਾ

## ਰਾਜਾ ਵੜਿੰਗ ਦੇ ਵੱਡੇ ਇਲਜਾਮ, ਟੈਕਸ ਚੋਰੀ ਕਰ ਰਹੀਆਂ ਨੇ ਬਾਦਲਾਂ ਦੀਆਂ ਏਅਰਪੋਰਟ ਨੂੰ ਜਾਂਦੀਆਂ ਬੱਸਾਂ

ਜਲੰਧਰ , (ਪੱਤਰ ਪ੍ਰੇਰਕ)- ਲੋਕ ਗਾਇਕ ਮੁਹੰਮਦ ਸਦੀਕ ਵੱਲੋਂ 80 ਦੇ ਦਹਾਕੇ 'ਚ ਗਾਇਆ ਗੀਤ ਆ ਗਈ ਰੋਡਵੇਜ ਦੀ ਲਾਰੀ ਨਾ ਕੋਈ ਬੂਹਾ ਨਾ ਕੋਈ ਬਾਰੀ, ਅੱਜ ਵੀ ਸਰਕਾਰੀ ਟਰਾਂਸਪੋਰਟ ਤੇ ਢੁੱਕਦਾ ਹੈ ਪਰ ਪੰਜਾਬ ਦੇ ਨਵੇਂ ਬਣੇ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਮਹਿਕਮੇ ਦੇ ਸੁਧਾਰ ਲਈ ਇਨ੍ਹੀ ਦਿਨੀਂ ਆਪਣੀਆਂ ਗਤੀਵਿਧੀਆਂ ਨੂੰ ਲੈ ਕੇ ਕਾਫੀ ਚਰਚਾ ਵਿੱਚ ਹਨ। ਕਦੇ ਉਹ ਬਾਦਲਾਂ ਸਮੇਤ ਪ੍ਰਾਈਵੇਟ ਟਰਾਂਪੋਰਟਰਾਂ ਦੀਆਂ ਬੱਸਾਂ ਘੇਰਦੇ ਹਨ ਤੇ ਕਦੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਘਰ ਪਹੁੰਚ ਜਾਂਦੇ ਹਨ। ਰਾਜਾ ਵੜਿੰਗ ਦਾਅਵਾ ਕਰਦੇ ਹਨ ਕਿ ਉਹਨਾਂ ਦੇ ਆਉਣ ਨਾਲ ਜਿੱਥੇ ਰੋਡਵੇਜ ਦੇ ਘਾਟੇ ਨੂੰ ਰਾਹਤ ਮਿਲੀ ਹੈ ਉੱਥੇ ਉਨ੍ਹਾਂ ਵੱਡੇ ਘਰਾਣਿਆਂ ਵੱਲੋਂ ਕੀਤੀ ਜਾਂਦੀ ਚੋਰੀ ਨੂੰ ਵੀ ਠੱਲ੍ਹ ਪਾਈ ਹੈ। ਮੰਤਰੀ ਜੀ ਦਾ ਮੰਨਣਾ ਹੈ ਕਿ ਕੈਪਟਨ ਦੀ ਬਾਦਲਾਂ ਨਾਲ ਮਿਲੀਭੁਗਤ ਕਾਰਨ ਉਹ ਪਹਿਲੇ ਸਮੇਂ 'ਚ ਵਾਅਦੇ ਵਫਾ ਨਹੀਂ ਕਰ ਪਾਏ ਜਿਸ ਲਈ ਉਹ ਮਾਫੀ ਵੀ ਮੰਗਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਜੇ ਇੱਕ ਵਾਰ ਹੋਰ ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਨੇ ਮੌਕਾ ਦੇ ਦਿੱਤਾ ਤਾਂ ਉਹ ਕਾਲਾਬਾਜਾਰੀ ਬੰਦ ਕਰਕੇ ਪੰਜਾਬ ਦੀ ਹਰ ਸੜਕ 'ਤੇ ਪੰਜਾਬ ਰੋਡਵੇਜ ਚੱਲਦੀ ਕਰ ਦੇਣਗੇ ਤੇ ਨਾਲ ਹੀ ਸਰਕਾਰੀ ਟਰਾਂਪੋਰਟ ਦੀ ਟੁੱਟੀ-ਭੱਜੀ ਲਾਰੀ ਵਾਲੀ ਧਾਰਨਾ ਵੀ ਤੋੜ ਦੇਣਗੇ। ਅਖਬਾਰ ਵੱਲੋਂ ਪੰਜਾਬ ਦੇ ਹਰ ਮੁੱਦੇ 'ਤੇ ਉਨਾਂ ਨਾਲ ਵਿਸਥਾਰ 'ਚ ਗੱਲਬਾਤ ਕੀਤੀ ਗਈ ਜਿਸ ਵਿੱਚ ਉਨ੍ਹਾਂ ਵਿਰੋਧੀ ਧਿਰ ਵੱਲੋਂ ਚੁੱਕੇ ਜਾਂਦੇ ਸਾਰੇ ਸਵਾਲਾਂ ਦੇ ਵੀ ਜਵਾਬ ਦਿੱਤੇ।

ਕੈਪਟਨ ਦੇ ਸਮੇਂ ਭਰਤਇੰਦਰ ਚਾਹਲ ਚਲਾਉਂਦੇ ਸੀ ਟਰਾਂਪੋਰਟ ਮਹਿਕਮਾ ਸਾਢੇ ਚਾਰ ਸਾਲ ਮੰਤਰੀ ਰਜੀਆ ਸੁਲਤਾਨਾ ਕਿਉਂ ਚੁੱਪ ਰਹੇ, ਕੀ ਉਹਨਾਂ ਖਿਲਾਫ ਕਾਰਵਾਈ ਬਨਦੀ ਹੈ ?

ਰਾਜਾ ਵੜਿੰਗ ਨੂੰ ਜਦੋਂ ਸਵਾਲ ਕੀਤਾ ਗਿਆ ਕਿ ਪਿਛਲੇ ਸਮੇਂ ਦੌਰਾਨ ਤੁਹਾਡਾ ਮਹਿਕਮਾ ਰਜੀਆ ਸੁਲਤਾਨਾ ਹੋਰਾਂ ਕੋਲ ਸੀ, ਇਹ ਸਭ ਕੁਝ ਉਨ੍ਹਾਂ ਦੀ ਅੱਖਾਂ ਹੇਠਾਂ ਹੁੰਦਾ ਰਿਹਾ ਪਰ ਉਹ ਚੱਪ ਰਹੇ, ਤਾਂ ਕੀ ਉਨਾਂ ਖਲਿਾਫ ਕੋਈ ਕਾਰਵਾਈ ਨਹੀਂ ਬਨਦੀ ?ਇਸ ਤੇ ਵੜਿੰਗ ਨੇ ਜਵਾਬ ਦਿੱਤਾ ਕਿ ਕੈਪਟਨ ਦੇ ਮੁੱਖ ਮੰਤਰੀ ਹੁੰਦਿਆਂ ਉਨ੍ਹਾਂ ਕਈ ਵਾਰ ਖੁਦ ਨੂੰ ਬੇਵੱਸ ਮਹਿਸੂਸ ਕੀਤਾ।ਉਹ ਅਕਸਰ ਦੱਸਦੇ ਹਨ ਕਿ ਉਨ੍ਹਾਂ ਕੋਲ ਤਾਂ ਆਰ.ਟੀ.ਏ ਬਦਲਣ ਤੱਕ ਦੀ ਵੀ ਪਾਵਰ ਨਹੀਂ ਸੀ।ਉਦੋਂ ਭਰਤ ਇੰਦਰ ਚਾਹਲ ਟਰਾਂਸਪੋਰਟ ਮਹਿਕਮਾ ਚਲਾ ਰਿਹਾ ਸੀ।ਉਦੋਂ ਐਸ.ਟੀ.ਸੀ ਚਾਹਲ ਦੇ ਮੁਤਾਬਕ ਚੱਲਦਾ ਸੀ, ਜਦਕਿ ਹੁਣ ਮੰਤਰੀ ਦੇ ਮੁਤਾਬਕ ਚੱਲ ਰਿਹਾ ਹੈ ਅੱਜ ਮੁੱਖ ਮੰਤਰੀ ਚੰਨੀ ਵੱਲੋਂ ਸਾਨੂੰ ਕੰਮ ਕਰਨ ਦੀ ਆਜਾਦੀ ਦਿੱਤੀ ਗਈ ਹੈ ਜੋ ਕੈਪਟਨ ਵੇਲੇ ਨਹੀਂ ਸੀ ਇਸ ਲ਼ਈ ਮੈਂ ਰਜੀਆ ਜੀ ਨੂੰ ਬੇਕਸੂਰ ਮੰਨਦਾ ਹਾਂ।

ਕਿਹਾ ਜਾਂਦੈ ਕਿ ਟਰਾਂਸਪੋਰਟਰਾਂ ਵੱਲੋਂ ਮੰਤਰੀ ਨੂੰ ਪੈਸਿਆਂ ਦੇ ਟੈਚੀ ਚੜਦੇ ਹਨ, ਤੁਹਾਨੂੰ ਵੀ ਮਿਲਿਆ ਕਦੀ ?



(ਹੱਸਦੇ ਹੋਏ) ਰਮਨ ਜੀ ਆਇਆ ਨੀ ਹਾਲੇ ਤੱਕ ਤਾਂ ਕੋਈ।ਰਹੀ ਗੱਲ ਰਿਸ਼ਵਤ ਲੈਣ ਦੀ ਤਾਂ ਦੁਨੀਆ ਦੀ ਕੋਈ ਤਾਕਤ ਨਹੀਂ ਹੈ ਜੋ ਰਾਜੇ ਵੜਿੰਗ ਨੂੰ ਖਰੀਦ ਸਕੇ। ਬੇਸ਼ੱਕ ਸ਼ੁਰੂ ਤੋਂ ਹੀ ਲੋਕ ਮੇਰੀ ਸਥਿਤੀ ਦਾ ਮਜਾਕ ਉਡਾਉਂਦੇ ਰਹੇ ਪਰ ਮੇਰੀ ਕਾਮਯਾਬੀ ਤੇ ਕੰਮ ਨੇ ਲੋਕਾਂ ਨੂੰ ਢੁੱਕਵਾਂ ਜਵਾਬ ਦਿੱਤਾ ਹੈ।

ਕਿਹਾ ਜਾਂਦੈ ਕਿ ਤੁਸੀਂ ਕਾਂਗਰਸੀਆਂ ਦੀਆਂ ਬੱਸਾਂ ਦਾ ਲਿਹਾਜ ਕਰਦੇ ਹੋ ?

ਵੇਖੋ ਮੈਂ ਕਿੱਕੀ ਢਿੱਲੋਂ ਦੀਆਂ 4 ਬੱਸਾਂ ਬੰਦ ਕੀਤੀਆਂ ਹਨ। ਹੈਨਰੀ ਜੀ ਦੀ ਕਰਤਾਰ ਬੱਸ ਦੇ ਏਸੀ ਕੋਚ ਦਾ ਪਰਮਿਟ ਹੀ ਖਤਮ ਕਰ ਦਿੱਤਾ ਹੈ ਮੇਰੇ ਕੋਲ ਸਾਰੇ ਸਬੂਤ ਹਨ। ਰਹੀ ਗੱਲ ਵਿੱਤ ਮੰਤਰੀ ਮਨਪ੍ਰੀਤ ਬਾਦਲ ਦੀ ਤਾਂ ਉਨਾਂ ਕੋਲ ਚੰਦ ਬੱਸਾਂ ਹਨ ਪਰ ਜੇ ਉਹ ਵੀ ਮੈਨੂੰ ਗੈਰ-ਕਾਨੂੰਨੀ ਚੱਲਦੀਆਂ ਦਿਸ ਜਾਂਦੀਆਂ ਤਾਂ ਮੈਂ ਲਾਜਮੀਂ ਬੰਦ ਕਰਨੀਆਂ ਸਨ।

ਟੈਕਸ ਚੋਰੀ ਕਰ ਰਹੀਆਂ ਨੇ ਬਾਦਲਾਂ ਦੀਆਂ ਏਅਰਪੋਰਟ ਨੂੰ ਜਾਂਦੀਆਂ ਬੱਸਾਂ

ਮੈਂ ਜਦੋਂ ਬਾਦਲਾਂ ਦੀ ਬੱਸ ਰੋਕਦਾ ਹਾਂ ਤਾਂ ਲੋਕ ਖੁਸ਼ ਹੁੰਦੇ ਹਨ। ਜਨਤਾ ਮੇਰੇ ਕਦਮ ਦੀ ਸ਼ਲਾਘਾ ਕਰਦੀ ਹੈ।ਦਰਅਸਲ ਇਹ ਲੋਕ 35 ਇੰਡੋ-ਕੈਨੇਡੀਅਨ ਬੱਸਾਂ ਚਲਾ ਰਹੇ ਹਨ। ਤੁਸੀਂ ਇਸ ਬੱਸ ਵਿੱਚ ਚਾਹੇ ਅੰਮ੍ਰਿਤਸਰ ਤੋਂ ਬੈਠੋ, ਫਗਵਾੜੇ ਤੋਂ ਜਾਂ ਫਿਰ ਦਿੱਲੀ ਬਾਈਪਾਸ ਤੋਂ, ਇਨ੍ਹਾਂ ਨੇ ਕਿਰਾਇਆ ਪ੍ਰਤੀ ਵਿਅਕਤੀ 3 ਹਜਾਰ ਹੀ ਲੈਣਾ ਹੈ।ਇਨ੍ਹਾਂ ਕੋਲ ਕੰਟਰੈਕਟ ਕੈਰੇਜ ਹੈ ਜਿਸਨੂੰ ਟੂਰਿਸਟ ਪਰਮਿਟ ਕਿਹਾ ਜਾਂਦੈ । ਇਸ ਮੁਤਾਬਕ ਉਹ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਤੱਕ ਸਵਾਰੀ ਚੱਕ ਕੇ ਛੱਡ ਸਕਦੇ ਹਨ ਤੇ ਰਸਤੇ ਵਿੱਚ ਸਵਾਰੀ ਚੱਕਣ ਦਾ ਕੋਈ ਅਧਿਕਾਰ ਨਹੀਂ ਹੈ।ਇੱਥੋਂ ਤੱਕ ਕਿ ਕਾਨੂੰਨ ਤਾਂ ਇਹ ਵੀ ਹੈ ਕਿ ਇਸ ਪਰਮਿਟ ਤਹਿਤ ਵੱਖ-ਵੱਖ ਸ਼ਹਿਰਾਂ ਤੋਂ ਬੁਕਿੰਗ ਵੀ ਨਹੀਂ ਕੀਤੀ ਜਾ ਸਕਦੀ ਕਿਉਂਕਿ ਇਕੱਠਾ ਸਲਾਟ ਬੁੱਕ ਕਰਨ ਦੇ ਹੀ ਮਾਪਦੰਡ ਤੈਅ ਹਨ ਪਰ ਇਸਦੇ ਉਲਟ ਬਾਦਲਾਂ ਦੀਆਂ ਬੱਸਾਂ ਵੱਖ-ਵੱਖ ਥਾਂਵਾਂ ਤੋਂ ਸਵਾਰੀਆਂ ਚੁੱਕਦੀਆਂ ਤੇ ਲਾਹੁੰਦੀਆਂ ਹਨ ਤੇ ਅੱਗੇ ਉਨ੍ਹਾਂ ਦੀਆਂ ਕਾਰਾਂ ਸਵਾਰੀਆਂ ਨੂੰ ਘਰਾਂ ਤੱਕ ਲੈ ਕੇ ਜਾਂਦੀਆਂ ਹਨ, ਜੋ ਗੈਰ-ਕਾਨੂੰਨੀ ਹੈ।ਰਸਤੇ ਵਿੱਚੋਂ ਸਵਾਰੀ ਚੱਕਣ ਲ਼ਈ ਸਟੇਜ ਕੈਰੇਜ ਪਰਮਿਟ ਹੋਣਾ ਚਾਹੀਦਾ ਹੈ, ਜਿਸਦਾ ਟੈਕਸ ਕੰਟਰੈਕਟ ਕੈਰੇਜ ਤੋਂ ਵਧੇਰੇ ਹੈ। ਅਜਿਹੇ 'ਚ ਬਾਦਲ ਟੈਕਸ ਕੰਟਰੈਕਟ ਕੈਰੇਜ ਦਾ ਦੇ ਰਹੇ ਨੇ ਜਦਕਿ ਕਮਾਈ ਉਹ ਸਟੇਜ ਕੈਰੇਜ ਵਾਂਗ ਕਰਦੇ ਹਨ ਜਿਸ ਨਾਲ ਉਹ ਪ੍ਰਤੀ ਦਿਨ ਤਕਰੀਬਨ 1 ਲੱਖ 70 ਹਜਾਰ ਪ੍ਰਤੀ ਬੱਸ ਦੇ ਟੈਕਸ ਦੀ ਇੱਕ ਪਾਸੇ ਦੇ ਰੂਟ ਦੀ ਚੋਰੀ ਕਰਦੇ ਹਨ, ਜੋ ਸੂਬਾ ਸਰਕਾਰ ਲਈ ਵੱਡਾ ਘਾਟਾ ਹੈ। ਮੇਰਾ ਅਰਵਿੰਦ ਕੇਜਰੀਵਾਲ ਨਾਲ ਵੀ ਇਹੀ ਰੌਲਾ ਹੈ ਕਿ ਪੰਜਾਬ ਦਾ ਕੋਈ ਹੋਰ ਆਪਰੇਟਰ ਜਾਂ ਫਿਰ ਸਰਕਾਰੀ ਬੱਸ ਏਅਰਪੋਰਟ ਕਿਉਂ ਨਹੀਂ ਜਾ ਸਕਦੀ।

ਸੁਖਬੀਰ ਬਾਦਲ ਕਹਿੰਦੇ ਨੇ ਕਿ ਉਨਾਂ ਨੂੰ ਏਅਰਪੋਰਟ ਅਥਾਰਿਟੀ ਨੇ ਪਰਮਿਟ ਦਿੱਤਾ ਹੈ, ਰਾਜਾ ਵੜਿੰਗ ਦਾ ਢਿੱਡ ਕਿਉਂ ਦਰਦ ਕਰਦਾ, ਉਹ ਵੀ ਲੈ ਲਵੇ ?

ਨਹੀਂ, ਇਹ ਝੂਠ ਹੈ, ਮੈਂ ਜਯੋਤੀਰਾਦਿੱਤਿਆ ਨੂੰ ਚਿੱਠੀ ਵੀ ਲਿਖੀ ਹੈ, ਇਹਨਾਂ ਕੋਲ ਸਿਰਫ ਏਅਰਪੋਰਟ ਅਥਾਰਿਟੀ ਨਾਲ ਐਗਰੀਮੈਂਟ ਹੈ ਜਿਸ ਵਿੱਚ ਲਿਖਿਆ ਹੈ ਕਿ ਤੁਸੀਂ ਏਅਰਪੋਰਟ ਤੱਕ ਬੱਸ ਲਿਆ ਸਕਦੇ ਹੋ। ਮੈਨੂੰ ਜਯੋਤੀਰਾਦਿੱਤਿਆ ਨੇ ਕਿਹਾ ਹੈ ਕਿ ਸਾਨੂੰ ਸਰਕਾਰੀ ਬੱਸ ਦੇ ਏਅਰਪੋਰਟ ਆਉਣ ਤੇ ਕੋਈ ਇਤਰਾਜ ਨਹੀਂ ਹੈ ਪਰ ਹੁਣ ਰੌਲਾ ਇਸ ਗੱਲ ਦਾ ਹੈ ਕਿ ਦਿੱਲੀ ਸਰਕਾਰ ਸਾਨੂੰ ਦਾਖਲ ਹੋਣ ਦੀ ਮਨਜੂਰੀ ਨਹੀਂ ਦੇ ਰਹੀ। ਇਸ ਮਨਜੂਰੀ ਦੀ ਲੋੜ ਇਸ ਕਰਕੇ ਬਣਦੀ ਹੈ ਕਿਉਂਕਿ ਸਾਡੀ ਸਰਕਾਰੀ ਬੱਸ ਕੁਝ ਸਾਲ ਪਹਿਲਾਂ ਦਿੱਲੀ ਜਾਂਦੀ ਸੀ ਪਰ ਦਿੱਲੀ ਸਰਕਾਰ ਨੇ ਇਹ ਕਹਿ ਕੇ ਬੰਦ ਕਰ ਦਿੱਤੀ ਕਿ ਤੁਹਾਡੀ ਬੱਸ ਦੇ ਦਿੱਲੀ ਆਉਣ ਨਾਲ ਟਰੈਫਿਕ ਵਧਦਾ ਹੈ ਜਿਸ ਕਰਾਨ ਬੰਦ ਕਰ ਦਿੱਤੀ ਗਈ।ਰਹੀ ਗੱਲ ਅਦਾਲਤ ਦੇ ਹੁਕਮਾਂ ਦੀ ਤਾਂ ਕੋਰਟ ਵੱਲੋਂ ਅਜਿਹੀ ਕੋਈ ਹਦਾਇਤ ਨਹੀਂ ਹੈ ਕਿ ਸਰਕਾਰੀ ਬੱਸ ਸਿਰਫ ਆਈ.ਐਸ.ਬੀ.ਟੀ. ਤੋਂ ਆਈ.ਐਸ.ਬੀ.ਟੀ. ਤੱਕ ਹੀ ਜਾ ਸਕਦੀ ਹੈ। ਮੈਂ ਹੁਣ ਕੇਜਰੀਵਾਲ ਨੂੰ ਮਿਲਿਆ ਸੀ ਉਨ੍ਹਾਂ ਮੈਨੂੰ ਪਰਿਵਾਰ ਸਮੇਤ ਚਾਹ ਤੇ ਬੁਲਾਇਆ ਹੈ, ਸੋ ਮੈਂ ਜਰੂਰ ਜਾਵਾਂਗਾ। ਮੇਰੀ ਕੋਸ਼ਿਸ਼ ਹੈ ਕਿ ਸਿਰਫ 12 ਸੌ ਰੁਪਏ 'ਚ ਲੋਕਾਂ ਨੂੰ ਪੰਜਾਬ ਤੋਂ ਏਅਰਪੋਰਟ ਪਹੁੰਚਾਇਆ ਜਾਵੇ।

**ਅੱਜ ਵੀ ਪੰਜਾਬ 'ਚ ਮੌਜੂਦ ਹਨ ਕਾਲੀਆਂ ਭੇਡਾਂ**

ਨਸ਼ਾ ਅਤੇ ਰੇਤ ਮਾਫੀਆ ਖਤਮ ਨਾ ਕਰ ਸਕਣ ਦੇ ਸਵਾਲ 'ਤੇ ਰਾਜਾ ਵੜਿੰਗ ਨੇ ਕਿਹਾ ਕਿ ਬੇਸ਼ੱਕ ਅਸੀਂ ਮੁਕੰਮਲ ਤੌਰ ਤੇ ਇਸਦਾ ਖਾਤਮਾ ਨਹੀਂ ਕਰ ਸਕੇ ਪਰ ਸਾਡੀ ਸਰਕਾਰ ਦਾ ਯਤਨ ਜਾਰੀ ਹੈ। ਉਹ ਮੰਨਦੇ ਹਨ ਕਿ ਅੱਜ ਵੀ ਪੰਜਾਬ 'ਚ ਕੁਝ ਕਾਲੀਆਂ ਭੇਡਾਂ ਦੋਵੇਂ ਕਿੱਤੇ ਚਲਾ ਰਹੀਆਂ ਹਨ ਪਰ ਸਬੂਤਾਂ ਤੋਂ ਬਿਨਾਂ ਉਹ ਕਿਸੇ ਦਾ ਨਾਮ ਨਹੀਂ ਲੈ ਸਕਦੇ।ਮਜੀਠੀਆ ਮਾਮਲੇ ਤੇ ਰਾਜਾ ਵੜਿੰਗ ਨੇ ਕਿਹਾ ਕਿ ਮਾਮਲਾ ਕੋਰਟ ਵਿੱਚ ਹੈ ਇਸ ਲਈ ਫੈਸਲਾ ਕਾਨੂੰਨ ਕਰੇਗਾ।

### ਰਈਆ ਮੋਹਤਬਰਾਂ ਦਾ ਵਫ਼ਦ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੂੰ ਮਿਲਿਆ

ਰਈਆ , (ਪੱਤਰ ਪ੍ਰੇਰਕ)- ਕਸਬਾ ਰਈਆ ਵਿਖੇ ਨੈਸ਼ਨਲ ਹਾਈਵੇ ਵੱਲੋਂ ਉਸਾਰੇ ਜਾ ਰਹੇ ਅਧੂਰੇ ਨਵ ਨਿਰਮਾਣ ਪੁਲ਼ ਸਬੰਧੀ ਰਈਆ ਮੋਹਤਬਰ ਦਾ ਵਫਦ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੂੰ ਮਿਲਿਆ। ਵਫਦ ਨੇ ਮੰਤਰੀ ਨੂੰ ਅਧੂਰੇ ਪੁਲ ਨਾਲ ਸ਼ਹਿਰ ਵਾਸੀਆਂ ਨੂੰ ਹੋਣ ਵਾਲੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਇਆ। ਪੁਰਾਣਾ ਰਈਆ ਸ਼ਹਿਰ ਜਿਸਨੂੰ ਅੱਡਾ ਨਹਿਰ ਵਾਲਾ ਕਿਹਾ ਜਾਂਦਾ ਹੈ, ਜਿੱਥੇ ਸ਼ਹਿਰ ਦਾ ਸ਼ਮਸ਼ਾਨ ਘਾਟ, ਪੁਰਾਤਨ ਮੰਦਰ ਰਾਮਵਾੜਾ, ਦੋ ਸਰਕਾਰੀ ਸਕੂਲ, ਹਸਪਤਾਲ, ਗੁਰਦੁਆਰਾ ਵਿਸ਼ਵਕਰਮਾ ਜੀ, ਬਾਬਾ ਮੇਹਰ ਸ਼ਾਹ ਦਰਗਾਹ ਬਲਾਕ ਰਈਆ ਦੇ ਅਹਿਮ ਅਸਥਾਨ ਹਨ ਜੋ ਪ੍ਰਭਾਵਿਤ ਹੋਣਗੇ। ਪਿੱਲਰਾਂ ਵਾਲਾ ਪੁਲ ਬਣਨਾ ਜਨ-ਹਿੱਤ ਲਈ ਜ਼ਰੂਰੀ ਹੈ। ਅਰਵਿੰਦ ਸ਼ਰਮਾ ਜਨਰਲ ਸਕੱਤਰ ਭਾਜਪਾ ਦਿਹਾਤੀ, ਅਸ਼ੋਕ ਕੁਮਾਰ ਲਾਲੀ ਨੇ ਅਹਿਮ ਭੂਮਿਕਾ ਨਿਭਾਈ। ਵਫਦ ਵਿੱਚ ਸਮਾਜ ਸੇਵਕ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਮੱਤੇਵਾਲ, ਗੁਰਦੀਪ ਸਿੰਘ ਸਾਬਕਾ ਕੌਂਸਲਰ, ਕ੍ਰਿਪਾਲ ਸਿੰਘ ਸਾਬਕਾ ਕੌਂਸਲਰ, ਸੰਤੋਖ ਸਿੰਘ ਫਰਨੀਚਰ ਵਾਲੇ, ਮਨੀ ਕੰਪਿਊਟਰ, ਮਨਜੋਤ ਮੱਤੇਵਾਲ ਨੇ ਦੱਸਿਆ ਕਿ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਵੱਲੋਂ ਵਿਸ਼ਵਾਸ਼ ਦਵਾਇਆ ਗਿਆ ਹੈ ਕਿ ਸਬੰਧਤ ਮੰਤਰਾਲੇ ਨੈਸ਼ਨਲ ਹਾਈਵੇ ਦੇ ਮੰਤਰੀ ਨਿਤਿਨ ਗਟਕੜੀ ਨੂੰ ਰਈਆ ਸ਼ਹਿਰ ਵਾਸੀਆਂ ਦੀ ਜਾਇਜ਼ ਮੰਗ ਪੂਰੀ ਕਰਨ ਦੀ ਸਿਫਾਰਿਸ਼ ਕਰਾਂਗੇ।

## ਵਿਧਾਇਕ ਭਲਾਈਪੁਰ ਨੇ ਗਲੀਆਂ ਬਣਾਉਣ ਦਾ ਕੀਤਾ ਉਦਘਾਟਨ



ਰਈਆ , (ਪੱਤਰ ਪ੍ਰੇਰਕ)- ਰਈਆ ਦੀ ਵਾਰਡ ਨੰਬਰ 6 ਵਿਚ ਕੌਂਸਲਰ ਡਾ. ਰਜਿੰਦਰ ਸਿੰਘ ਬਿੱਟਾ ਦੀ ਅਗਵਾਈ ਹੇਠ ਇਕ ਸਮਾਗਮ ਕਰਵਾਇਆ ਗਿਆ। ਜਿਸ 'ਚ ਹਲਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ ਤੇ ਸੀਨੀਅਰ ਕਾਂਗਰਸੀ ਆਗੂ ਕੇਕੇ ਸ਼ਰਮਾ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਨਵੀਆਂ ਗਲੀਆਂ ਬਣਾਉਣ ਦਾ ਉਦਘਾਟਨ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਭਲਾਈਪੁਰ ਨੇ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿਧੂ ਵਲੋਂ ਸਖਤ ਹਦਾਇਤਾਂ ਹਨ ਕਿ ਚੋਣ ਜਾਬਤਾ ਲੱਗਣ ਤੋਂ ਪਹਿਲਾਂ ਬਕਾਇਆ ਰਹਿੰਦੇ ਵਿਕਾਸ ਕਾਰਜ ਪੂਰੇ ਕਰ ਲਏ ਜਾਣ। ਜਿਸ ਤਹਿਤ ਥੋੜੇ ਕੰਮ ਬਾਕੀ ਰਹਿ ਗਏ ਹਨ ਜਿਸ ਨੂੰ ਚੋਣ ਜਾਬਤਾ ਲੱਗਣ ਤੋਂ ਪਹਿਲਾ ਪੂਰਾ ਕਰ ਲਿਆ ਜਾਵੇਗਾ। ਵਿਧਾਇਕ ਭਲਾਈਪੁਰ ਨੇ ਕਿਹਾ ਨਗਰ ਪੰਚਾਇਤ ਰਈਆ ਵੱਲੋਂ ਕੇਕੇ ਸ਼ਰਮਾ ਦੀ ਅਗਵਾਈ ਹੇਠ ਕਰਵਾਏ ਗਏ ਵਿਕਾਸ ਕਾਰਜ ਬਹੁਤ ਹੀ ਵਧਿਆ ਢੰਗ ਨਾਲ ਹੋ ਰਹੇ ਹਨ। ਇਸ ਮੌਕੇ ਜਸਬੀਰ ਸਿੰਘ, ਲਾਲੀ ਮਾਨ, ਰਾਮ ਲੁਭਾਇਆ ਠੇਕੇਦਾਰ, ਵਾਈਸ ਚੇਅਰਮੈਨ ਅਮਿਤ ਸ਼ਰਮਾ, ਜੋਗਿੰਦਰਪਾਲ ਡਿਪੂ ਵਾਲੇ, ਗੁਰਕੰਵਲ ਮਾਨ ਪੀਏ ਵਿਧਾਇਕ ਭਲਾਈਪੁਰ, ਗੁਰਮੁਖ ਸਿੰਘ ਸਰਪੰਚ ਸੁਧਾਰ, ਅਰਜਨਬੀਰ ਸਿੰਘ ਸਰਾਂ, ਦੀਦਾਰ ਸਿੰਘ ਮੀਆਂਵਿੰਡ, ਜਸਬੀਰ ਸਿੰਘ ਤੇ ਸ਼ਹਿਰ ਦੇ ਇਲਾਕੇ ਦੇ ਪਤਵੰਤੇ ਹਾਜ਼ਰ ਸਨ।

## ਕੁਲਵੰਤ ਸਿੰਘ ਵੱਲੋਂ ਚੋਣ ਮੁਹਿੰਮ ਦੀ ਸ਼ੁਰੂਆਤ

ਐੱਸਏਐੱਸ ਨਗਰ , (ਪੱਤਰ ਪ੍ਰੇਰਕ)- ਵਿਧਾਨ ਸਭਾ ਹਲਕਾ ਮੋਹਾਲੀ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕੁਲਵੰਤ ਸਿੰਘ ਦਾ ਨਾਮ ਬੀਤੇ ਕੱਲ੍ਹ ਆਮ ਆਦਮੀ ਪਾਰਟੀ ਵੱਲੋਂ ਐਲਾਨ ਕਰ ਦਿੱਤਾ ਗਿਆ ਸੀ ਜਿਸ ਉਪਰੰਤ ਅੱਜ ਸਾਬਕਾ ਮੇਅਰ ਕੁਲਵੰਤ ਸਿੰਘ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਪਹੁੰਚੇ ਅਤੇ ਗੁਰੂਘਰ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਕੁਲਵੰਤ ਸਿੰਘ ਨੇ ਗੁਰਦੁਆਰਾ ਅੰਬ ਸਾਹਿਬ ਵਿਖੇ ਅਤੇ ਹਨੂੰਮਾਨ ਮੰਦਰ 3ਬੀ2 ਵਿਖੇ ਮੱਥਾ ਟੇਕਿਆ। ਇਸ ਦੌਰਾਨ ਮੀਡੀਆ ਦੇ ਨਾਲ ਗੱਲਬਾਤ ਕਰਦੇ ਹੋਏ ਆਮ ਆਦਮੀ ਪਾਰਟੀ ਦੇ ਉਮੀਦਵਾਰ ਕੁਲਵੰਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਹਰ ਕੰਮ ਵਾਹਿਗੁਰੂ ਦਾ ਆਸ਼ੀਰਵਾਦ ਲੈ ਸ਼ੁਰੂ ਕੀਤਾ ਹੈ। ਜਿਸ ਦੇ ਚਲਦੇ ਹੋਏ ਅੱਜ ਵੀ ਉਹ ਗੁਰੂਘਰ ਵਿਖੇ ਵਾਹਿਗੁਰੂ ਦਾ ਅਸ਼ੀਰਵਾਦ ਲੈਣ ਲਈ ਪਹੁੰਚੇ ਨੇ ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦੇ ਲੋਕ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਤੋਂ ਬਾਅਦ ਨਵਾਂ ਫੇਰਬਦਲ ਦੇਖਣਾ ਚਾਹੁੰਦੇ ਹਨ। ਇਹੀ ਕਾਰਨ ਹੈ ਕਿ ਚੰਡੀਗੜ੍ਹ ਨਗਰ ਨਿਗਮ ਦੀਆਂ ਚੋਣਾਂ ਦੇ ਆਮ ਆਦਮੀ ਪਾਰਟੀ ਨੂੰ ਇਨ੍ਹਾਂ ਸਾਰੀਆਂ ਪਾਰਟੀਆਂ ਦੇ ਮੁਕਾਬਲੇ ਸਭ ਤੋਂ ਵੱਧ ਸੀਟਾਂ ਜਿੱਤੀਆਂ ਹਨ। ਉਨ੍ਹਾਂ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ।ਇਸ ਮੌਕੇ ਆਮ ਆਦਮੀ ਪਾਰਟੀ ਦੇ ਨੇਤਾ ਪ੍ਰਭਜੋਤ ਕੌਰ, ਮਾਲਵਿੰਦਰ ਸਿੰਘ ਕੰਗ, ਐਡਵੋਕੇਟ ਅਮਰਦੀਪ ਕੌਰ, ਜਸਪਾਲ ਸਿੰਘ, ਸ੍ਰੀ ਹਨੂਮਾਨ ਮੰਦਰ ਕਮੇਟੀ ਦੇ ਪ੍ਰਧਾਨ-ਪ੍ਰੇਮ ਸ਼ਰਮਾ, ਬਾਬੂ ਰਾਮ ਹਮਦਰਦ- ਚੇਅਰਮੈਨ, ਮਦਨ ਲਾਲ ਬਾਂਸਲ- ਸੀਨੀਅਰ ਮੀਤ ਪ੍ਰਧਾਨ, ਕਮਲ ਕੁਮਾਰ ਸਰਮਾ- ਖਜ਼ਾਨਚੀ, ਬਲਰਾਜ ਸਿੰਘ ਗਿੱਲ, ਸਾਬਕਾ ਕੌਂਸਲਰ ਜਸਵੀਰ ਕੌਰ ਅਤਲੀ, ਅਕਵਿੰਦਰ ਸਿੰਘ ਗੋਸਲ ਹਾਜ਼ਰ ਸਨ।

# ਕੈਪਟਨ ਅਮਰਿੰਦਰ ਨੂੰ ਭਾਜਪਾ-ਪੰਜਾਬ ਲੋਕ ਕਾਂਗਰਸ-ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੀ ਜਿੱਤ ਦਾ ਭਰੋਸਾ

ਚੰਡੀਗੜ੍ਹ , (ਸੁਰਿੰਦਰ ਸਿੰਘ)–ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਰੋਸਾ ਪ੍ਰਗਟਾਇਆ ਹੈ ਕਿ ਪੰਜਾਬ ਲੋਕ ਕਾਂਗਰਸ ਸਣੇ ਤਿੰਨੇ ਪਾਰਟੀਆਂ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਆਉਂਦੀਆਂ ਵਿਧਾਨ ਸਭਾ ਚੋਣਾਂ ਚ ਸ਼ਾਨਦਾਰ ਬਹੁਮਤ ਹਾਸਿਲ ਕਰਕੇ ਪੰਜਾਬ ਚ ਅਗਲੀ ਸਰਕਾਰ ਬਣਾਉਣਗੀਆਂ।ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ, ਭਾਜਪਾ ਪ੍ਰਧਾਨ ਜੇਪੀ ਨੱਡਾ, ਭਾਜਪਾ ਪੰਜਾਬ ਇੰਚਾਰਜ ਗਜੇਂਦਰ ਸਿੰਘ ਸ਼ੇਖਾਵਤ ਅਤੇ ਸ਼੍ਰੋਮਣੀ ਅਕਾਲ ਦਲ ਸੰਯੁਕਤ ਦੇ ਮੁਖੀ ਸੁਖਦੇਵ ਸਿੰਘ ਢੀਂਡਸਾ ਨਾਲ ਦਿੱਲੀ ਚ ਮੀਟਿੰਗ ਤੋਂ ਬਾਅਦ ਕੈਪਟਨ ਅਮਰਿੰਦਰ ਨੇ ਇਕ ਬਿਆਨ ਜਾਰੀ ਕਰਕੇ ਕਿਹਾ ਕਿ ਉਹ ਦੇਸ਼ ਦੀ ਸੁਰੱਖਿਆ ਅਤੇ ਪੰਜਾਬ ਦੀ ਭਲਾਈ ਤੇ ਤਰੱਕੀ ਲਈ ਇਕੱਠੇ ਆ ਕੇ ਖੁਸ਼ ਹਨ।ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਉਹ ਖੁਸ਼ ਹਨ ਕਿ ਤਿੰਨੇ ਪਾਰਟੀਆਂ ਪੰਜਾਬ ਨੂੰ ਇੱਕ ਵਾਰ ਫਿਰ ਤੋਂ ਖੁਸ਼ਹਾਲੀ ਦੇ ਮਾਰਗ ਤੇ ਲਿਆਉਣ ਲਈ ਇਕੱਠੇ ਚੋਣ ਲੜਨ ਤੇ ਰਾਜ਼ੀ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਕੇਂਦਰ ਤੇ ਪੰਜਾਬ ਚ ਭਾਜਪਾ ਦੀਆਂ ਸਰਕਾਰਾਂ ਨਾਲ ਡਬਲ ਇੰਜਣ ਰਾਹੀਂ ਪੰਜਾਬ ਇੱਕ ਵਾਰ ਫਿਰ ਤੋਂ ਤਰੱਕੀ ਅਤੇ ਵਿਕਾਸ ਦੇ ਮਾਰਗ ਤੇ ਪਰਤੇਗਾ। ਉਨ੍ਹਾਂ ਕਿਹਾ ਕਿ ਸੂਬੇ ਦੇ ਸਾਰੇ ਵਰਗਾਂ ਦੀਆਂ ਲੋੜਾਂ ਦੇ ਮੱਦੇਨਜ਼ਰ ਮੈਨੀਫੈਸਟੋ ਤਿਆਰ ਕੀਤਾ ਜਾ ਰਿਹਾ ਹੈ।ਕੈਪਟਨ ਅਮਰਿੰਦਰ ਨੇ ਸਪੱਸ਼ਟ ਕੀਤਾ ਕਿ ਤਿੰਨਾਂ ਪਾਰਟੀਆਂ ਵਿਚਾਲੇ ਸੀਟਾਂ ਸਬੰਧੀ ਤਾਲਮੇਲ ਜਲਦ ਹੀ ਪੂਰਾ ਕਰ ਲਿਆ ਜਾਵੇਗਾ। ਉਨ੍ਹਾਂ ਨੇ ਇਕ ਵਾਰ ਫਿਰ ਤੋਂ ਦੁਹਰਾਇਆ ਕਿ ਉਮੀਦਵਾਰਾਂ ਦੀ ਚੋਣ ਉਨ੍ਹਾਂ ਦੀ ਜਿੱਤਣ ਦੀ ਕਾਬਲੀਅਤ ਦੇ ਆਧਾਰ ਤੇ ਹੋਵੇਗੀ, ਨਾ ਕਿ ਉਹ ਕਿਸ ਪਾਰਟੀ ਤੋਂ ਚੋਣ ਲੜਦੇ ਹਨ। ਉਨ੍ਹਾਂ ਖੁਲਾਸਾ ਕੀਤਾ ਕਿ ਪਾਰਟੀ ਤੋਂ ਨਾਮਜਦਗੀ ਹਾਸਲ ਕਰਨ ਲਈ ਉਨ੍ਹਾਂ ਨੂੰ ਸੂਬੇ ਭਰ ਤੋਂ ਭਾਰੀ ਸਮਰਥਨ ਅਤੇ ਉਤਸ਼ਾਹ ਮਿਲ ਰਿਹਾ ਹੈ। ਉਨ੍ਹਾਂ ਭਰੋਸਾ ਹੈ ਕਿ ਪੰਜਾਬ ਚ ਨਵੀਂ ਸਿਆਸਤ ਦੀ ਸੁਰੂਆਤ ਹੋਵੇਗੀ। ਅਸੀਂ ਸ਼ਾਨਦਾਰ ਚੋਣਾਂ ਦੀ ਜਿੱਤ ਦਾ ਰਿਕਾਰਡ ਕਾਇਮ ਕਰਾਂਗੇ।ਇਸ ਦੌਰਾਨ ਉਨ੍ਹਾਂ ਨੇ ਨੌਜਵਾਨਾਂ ਅਤੇ ਕਿਸਾਨਾਂ ਸਣੇ ਪੰਜਾਬ ਦੇ ਸਾਰੇ ਵਰਗਾਂ ਪ੍ਰਤੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਉਨ੍ਹਾਂ ਦੇ ਹਿੱਤਾਂ ਦੀ ਕਿਸੇ ਵੀ ਕੀਮਤ ਤੇ ਰਾਖੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਖੇਤੀ ਪੰਜਾਬ ਦੀ ਤਰੱਕੀ ਦਾ ਇਕ ਅਭਿੰਨ ਅੰਗ ਹੈ ਅਤੇ ਇਸ ਖੇਤਰ ਤੇ ਜਿਆਦਾ ਜੋਰ ਦਿੱਤਾ ਜਾਵੇਗਾ। ਪੰਜਾਬ ਚ ਰੋਜ਼ਗਾਰ ਪੈਦਾ ਕਰਨ ਲਈ ਨਵੇਂ ਸਰੋਤ ਸਥਾਪਿਤ ਕੀਤੇ ਜਾਣਗੇ, ਤਾਂ ਜੋ ਨੌਜਵਾਨਾਂ ਨੂੰ ਵਿਦੇਸ਼ਾਂ ਦਾ ਰੁਖ ਨਾ ਕਰਨਾ ਪਵੇ।



## 66 ਬੋਤਲਾਂ ਸ਼ਰਾਬ ਬਰਾਮਦ, ਇਕ ਗ੍ਰਿਫ਼ਤਾਰ, ਦੋ ਫ਼ਰਾਰ

ਜ਼ੀਰਕਪੁਰ , (ਪੱਤਰ ਪ੍ਰੇਰਕ)–ਜ਼ੀਰਕਪੁਰ ਪੁਲਿਸ ਨੇ ਸੂਚਨਾ ਦੇ ਆਧਾਰ ’ਤੇ ਨਾਜਾਇਜ਼ ਤੌਰ ’ਤੇ ਸ਼ਰਾਬ ਵੇਚਣ ਵਾਲੇ ਇਕ ਵਿਅਕਤੀ ਨੂੰ ਕਾਬੂ ਕੀਤਾ ਹੈ। ਜਦਕਿ ਉਸ ਦੇ ਦੋ ਹੋਰ ਸਾਥੀ ਮੌਕੇ ਤੋਂ ਫ਼ਰਾਰ ਹੋਣ ’ਚ ਕਾਮਯਾਬ ਹੋ ਗਏ। ਪੁਲਿਸ ਨੇ ਕਾਬੂ ਕੀਤੇ ਵਿਅਕਤੀ ਖ਼ਿਲਾਫ਼ 61–1–14 ਐਕਸਾਈਜ਼ ਐਕਟ ਤਹਿਤ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਫੜੇ ਗਏ ਵਿਅਕਤੀ ਦੀ ਪਛਾਣ ਗਗਨ ਤਨੇਜਾ ਸ਼ਿਵਾਲਿਕ ਵਿਹਾਰ ਜ਼ੀਰਕਪੁਰ ਵਜੋਂ ਹੋਈ ਹੈ। ਇਸ ਦੇ ਨਾਲ ਹੀ ਪੁਲਿਸ ਨੇ ਉਸ ਦੇ ਮੌਕੇ ਤੋਂ ਫ਼ਰਾਰ ਹੋਏ ਦੋ ਸਾਥੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਥਾਣਾ ਜ਼ੀਰਕਪੁਰ ਦੇ ਪੜਤਾਲੀਆ ਅਫ਼ਸਰ ਨੇ ਦੱਸਿਆ ਕਿ ਉਹ ਪੁਲਿਸ ਪਾਰਟੀ ਸਮੇਤ ਲੋਹਗੜ੍ਹ ਪਾਰਕ ਨੇੜੇ ਮੌਜੂਦ ਸਨ।ਇਸ ਦੌਰਾਨ ਉਸ ਨੂੰ ਸੂਚਨਾ ਮਿਲੀ ਕਿ ਇਕ ਵਿਅਕਤੀ ਖ਼ਾਲੀ ਪਲਾਟ ’ਚ ਸ਼ਰਾਬ ਵੇਚ ਰਿਹਾ ਹੈ, ਜੇਕਰ ਹੁਣੇ ਛਾਪੇਮਾਰੀ ਕੀਤੀ ਜਾਵੇ ਤਾਂ ਉਸ ਨੂੰ ਮੌਕੇ ’ਤੇ ਹੀ ਕਾਬੂ ਕੀਤਾ ਜਾ ਸਕਦਾ ਹੈ। ਛਾਪੇਮਾਰੀ ਦੌਰਾਨ ਉਸ ਦੇ ਦੋ ਸਾਥੀ ਮੌਕੇ ਤੋਂ ਫ਼ਰਾਰ ਹੋ ਗਏ। ਪੁਲਿਸ ਨੇ ਗਗਨ ਤਨੇਜਾ ਕੋਲੋਂ 66 ਬੋਤਲਾਂ ਨਾਜਾਇਜ਼ ਸ਼ਰਾਬ ਫ਼ਾਰ ਸੇਲ ਇੰਨ ਚੰਡੀਗੜ੍ਹ ਬਰਾਮਦ ਕੀਤੀਆਂ ਹਨ। ਜਿਸ ਲਈ ਉਕਤ ਵਿਅਕਤੀ ਕੋਲ ਕੋਈ ਲਾਇਸੈਂਸ ਨਹੀਂ ਸੀ।

## ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਦੇਣ ਲਈ ਵਿਧਾਇਕ ਲੱਖਾ ਨੇ ਪਾਇਲ ਤੋਂ ਸ੍ਰੀ ਫਤਿਹਗੜ੍ਹ ਸਾਹਿਬ ਤਕ ਕੀਤੀ ਪੈਦਲ ਯਾਤਰਾ



ਚੰਡੀਗੜ੍ਹ/ਖੰਨਾ , (ਪੱਤਰ ਪ੍ਰੇਰਕ)– ਸਾਹਿਬ–ਏ– ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਪਰਿਵਾਰ ਦੀ ਲਾਸਾਨੀ ਕੁਰਬਾਨੀ ਨੂੰ ਸ਼ਰਧਾਂਜਲੀ ਦੇਣ ਲਈ ਹਲਕਾ ਪਾਇਲ ਦੇ ਵਿਧਾਇਕ ਲਖਵੀਰ ਸਿੰਘ ਲੱਖਾ ਨੇ ਪਾਇਲ ਤੋਂ ਸ੍ਰੀ ਫਤਿਹਗੜ੍ਹ ਸਾਹਿਬ ਲਈ ਪੈਦਲ ਯਾਤਰਾ ਕੀਤੀ। ਇਸ ਯਾਤਰਾ ਨੂੰ ਕੈਬਨਿਟ ਮੰਤਰੀ ਗੁਰਕੀਰਤ ਸਿੰਘ ਵਲੋਂ ਰਾਵਨਾ ਕੀਤਾ ਗਿਆ।

ਗੱਲਬਾਤ ਕਰਦੇ ਹੋਏ ਗੁਰਕੀਰਤ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਪਰਿਵਾਰ ਦੀ ਲਾਸਾਨੀ ਕੁਰਬਾਨੀ ਨੂੰ ਭੁਲਾਇਆ ਨਹੀਂ ਜਾ ਸਕਦਾ। ਇਸਦਾ ਕਰਜ ਸਮੁੱਚੀ ਮਾਨਵਤਾ ਕਦੇ ਵੀ ਉਤਾਰ ਨਹੀਂ ਸਕਦੀ। ਪਾਇਲ ਤੋਂ ਚੱਲ ਕੇ ਰਾਤ ਵੇਲੇ ਖੰਨਾ ਵਿਖੇ ਪੜਾਅ ਕਰਨ ਉਪਰੰਤ ਯਾਤਰਾ ਅੱਜ ਸਵੇਰੇ ਸ੍ਰੀ ਫਤਿਹਗੜ੍ਹ ਸਾਹਿਬ ਲਈ ਰਵਾਨਾ ਹੋਈ।

ਗੱਲਬਾਤ ਕਰਦਿਆਂ ਵਿਧਾਇਕ ਲਖਵੀਰ ਸਿੰਘ ਲੱਖਾ ਨੇ ਕਿਹਾ ਕਿ ਸ਼ਹੀਦੀ ਹਫਤੇ ਦੌਰਾਨ ਅੱਜ ਇਥੇ ਸ੍ਰੀ ਫ਼ਤਿਹਗੜ੍ਹ ਸਾਹਿਬ ਤਕ ਪੈਦਲ ਪੁੱਜ ਕੇ ਸਰਬੱਤ ਦੇ ਲਈ ਅਰਦਾਸ ਕੀਤੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਉਨ੍ਹਾਂ ਵਲੋਂ ਤਿੰਨੋ ਖੇਤੀ ਕਾਨੂੰਨ ਰੱਦ ਹੋਣ ਲਈ ਅਰਦਾਸ ਕੀਤੀ ਗਈ ਸੀ, ਜਿਸ ਲਈ ਉਨ੍ਹਾਂ ਵੱਲੋਂ ਸ਼ੁਕਰਾਨਾ ਵੀ ਕੀਤਾ ਗਿਆ। ਇਸ ਮੌਕੇ ਜਿਲਾ ਕਾਂਗਰਸ ਪ੍ਰਧਾਨ ਰੁਪਿੰਦਰ ਸਿੰਘ ਰਾਜਾ ਗਿੱਲ, ਚੇਅਰਮੈਨ ਕਮਲਜੀਤ ਸਿੰਘ ਸਿਆੜ, ਕਰਨਵੀਰ ਸਿੰਘ ਪਾਇਲ, ਪ੍ਰਧਾਨ ਮਲਕੀਤ ਸਿੰਘ ਗੋਗਾ, ਜਸਪ੍ਰੀਤ ਸਿੰਘ ਕਲਾਲਮਾਜਰਾ, ਗੁਰਦੀਪ ਸਿੰਘ ਜੁਲਮਗੜ੍ਹ, ਕਰਮ ਸਿੰਘ ਪੱਲਾ, ਜਤਿੰਦਰ ਸਿੰਘ, ਗੁਰਨਾਜ ਸਿੰਘ, ਮਨਦੀਪ ਸ਼ਰਮਾ ਆਦਿ ਹਾਜ਼ਰ ਸਨ।

### ‘ਆਪ’ ਆਗੂ ਸ਼ਰਮਾ ਨੇ ਐੱਮਪੀ ਸੁਸ਼ੀਲ ਗੁਪਤਾ ਨਾਲ ਕੀਤੀ ਮੁਲਾਕਾਤ

ਡੇਰਾਬੱਸੀ , (ਪੱਤਰ ਪ੍ਰੇਰਕ)– ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੁਭਾਸ਼ ਸ਼ਰਮਾ ਨੇ ਪਾਰਟੀ ਦੇ ਮੋਹਾਲੀ ਜ਼ਿਲ੍ਹਾ ਪ੍ਰਧਾਨ ਤੇ ‘ਆਪ’ ਦੇ ਐੱਮਪੀ ਸੁਸ਼ੀਲ ਗੁਪਤਾ ਨਾਲ ਮੁਲਾਕਾਤ ਕਰ ਕੇ ਡੇਰਾਬੱਸੀ ਵਿਧਾਨ ਸਭਾ ਖੇਤਰ ਦੀਆਂ ਸਮੱਸਿਆਵਾਂ ’ਤੇ ਚਰਚਾ ਕੀਤੀ ਅਤੇ ਉਨ੍ਹਾਂ ਨੂੰ ਹਲਕੇ ਦਾ ਦੌਰਾਨ ਕਰਨ ਦਾ ਸੱਦਾ ਦਿੱਤਾ।ਡੇਰਾਬੱਸੀ ਵਿਧਾਨ ਸਭਾ ਖੇਤਰ ਦੀ ਸਾਬਕਾ ਹਲਕਾ ਇੰਚਾਰਜ ਸਵੀਟੀ ਸ਼ਰਮਾ ਅਤੇ ਸੁਭਾਸ਼ ਸ਼ਰਮਾ ਨੇ ‘ਆਪ’ ਵਰਕਰਾਂ ਦੇ ਨਾਲ ਡਾ. ਸੁਸ਼ੀਲ ਗੁਪਤਾ ਨਾਲ ਮੁਲਾਕਾਤ ’ਚ ਇਥੇ ਲਗਾਤਾਰ ਬੰਦ ਹੋ ਰਹੇ ਉਦਯੋਗਾਂ ਦਾ ਮੁੱਦਾ ਚੁੱਕਿਆ। ਸ਼ਰਮਾ ਨੇ ਸੁਸ਼ੀਲ ਗੁਪਤਾ ਨੂੰ ਦੱਸਿਆ ਕਿ ਪਿਛਲੇ 10 ਸਾਲਾਂ ਦੌਰਾਨ ਇਥੇ ਉਦਯੋਗ ਧੰਦੇ ਬੰਦ ਹੋਏ ਹਨ ਜਿਸ ਕਾਰਨ ਬੇਰੁਜ਼ਗਾਰੀ ਵਧੀ ਹੈ। ‘ਆਪ’ ਵਰਕਰਾਂ ਨੇ ਸੰਸਦ ਨੂੰ ਦੱਸਿਆ ਕਿ ਪੰਜਾਬ ’ਚ ਚਾਹੇ ਅਕਾਲੀ ਦਲ ਦੀ ਸਰਕਾਰ ਹੋਵੇ ਜਾਂ ਫਿਰ ਕਾਂਗਰਸ ਦੀ ਸਰਕਾਰ ਹੋਵੇ।

## ਮੋਦੀ ਦੇ ਪੰਜਾਬ ਦੌਰੇ ’ਤੇ ਅਸ਼ਵਨੀ ਸ਼ਰਮਾ ਦਾ ਵੱਡਾ ਬਿਆਨ, ਕਿਹਾ ’5 ਜਨਵਰੀ ਨੂੰ ਰਚਿਆ ਜਾਵੇਗਾ ਇਤਿਹਾਸ’

ਜਲੰਧਰ , (ਰਾਕੇਸ਼ ਗੋਇਲ)– 5 ਜਨਵਰੀ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਆ ਰਹੇ ਹਨ। ਪ੍ਰਧਾਨ ਮੰਤਰੀ ਮੋਦੀ ਦੇ ਪੰਜਾਬ ਆਉਣ ’ਤੇ ਹੋਣ ਵਾਲੀ ਰੈਲੀ ਨੂੰ ਲੈ ਕੇ ਸੂਬੇ ਦੀ ਬੀਜੇਪੀ ਲੀਡਰਸ਼ਿਪ ਵੱਲੋਂ ਵਿਸ਼ੇਸ਼ ਮੀਟਿੰਗ ਕੀਤੀ ਗਈ।

Editor: Surinder Singh, Dr. Bhai Paramjit Singh Publisher, Owner and Printers of Fortnightly ‘Garjdi Saver’ Printed from K.J. Printers, Published from Garjdi Saver Office 366/B-2, Anardana Chowk, Patiala, (Punjab) (R.N.I No.042481/86)

ਐਡੀਟਰ ਸੁਰਿੰਦਰ ਸਿੰਘ, ਪ੍ਰਿੰਟਰ ਪਬਲੀਸ਼ਰ ਅਤੇ ਮਾਲਕ ਡਾ. ਭਾਈ ਪਰਮਜੀਤ ਸਿੰਘ ਨੇ ਕੇ.ਜੇ. ਪ੍ਰਿੰਟਰਜ਼ ਤੋਂ ਛਪਵਾਕੇ ਦਫਤਰ ਪੰਦਰਵਾੜਾ ‘ਗਰਜਦੀ ਸਵੇਰ’ 366/ਬੀ-2 ਅਨਾਰਦਾਨਾ ਚੌਂਕ ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਆਰ.ਐਨ.ਆਈ. ਨੰ. 042481/86, ਫੋਨ ਨੰ: 0175-2216759

# ਲੁਧਿਆਣਾ ਬੰਬ ਧਮਾਕੇ ਦੇ ਮੁੱਖ ਮੁਲਜਮ ਦਾ ਸਖਤ ਸੁਰੱਖਿਆ ਪ੍ਰਬੰਧਾਂ ਵਿਚਾਲੇ ਹੋਇਆ ਅੰਤਿਮ ਸੰਸਕਾਰ

ਬੀਜਾ , (ਪੱਤਰ ਪ੍ਰੇਰਕ)– ਲੁਧਿਆਣਾ ਕਚਹਿਰੀ ਕੰਪਲੈਕਸ ਅੰਦਰ ਬੰਬ ਧਮਾਕਾ ਕਰਨ ਵਾਲੇ ਮੁਲਜ਼ਮ ਗਗਨਦੀਪ ਸਿੰਘ (30) ਵਾਸੀ ਪ੍ਰੋਫੈਸਰ ਕਾਲੋਨੀ ਲਲਹੇੜੀ ਰੋਡ ਖੰਨਾ ਦਾ ਅੰਤਿਮ ਸੰਸਕਾਰ ਐਤਵਾਰ ਦੀ ਸ਼ਾਮ ਨੂੰ ਪੁਲਸ ਵੱਲੋਂ ਆਪਣੀ ਨਿਗਰਾਨੀ ਹੇਠ ਕਰਾਇਆ ਗਿਆ। ਗਗਨਦੀਪ ਸਿੰਘ ਦੇ ਸਾਰੇ ਦਸਤਾਵੇਜ ਐੱਨ. ਆਈ. ਏ. ਵਾਲੇ ਆਪਣੇ ਨਾਲ ਲੈ ਗਏ ਹਨ, ਜਿਸ ਕਰ ਕੇ ਪਰਿਵਾਰ ਕੋਲ ਕੋਈ ਦਸਤਾਵੇਜ ਨਹੀਂ ਸੀ ਤਾਂ ਉਨ੍ਹਾਂ ਨੂੰ ਲੱਕੜੀ ਨਹੀਂ ਮਿਲੀ। ਪੁਲਸ ਨੇ ਮੌਕੇ ’ਤੇ ਲੱਕੜੀ ਦਾ ਪ੍ਰਬੰਧ ਕੀਤਾ। ਅੰਤਿਮ ਸਸਕਾਰ ਵੇਲੇ ਗਗਨਦੀਪ ਸਿੰਘ ਦੇ ਪਿਤਾ, ਪਤਨੀ, ਭਰਾ, ਭੈਣ ਸਮੇਤ 4–5 ਹੋਰ ਰਿਸ਼ਤੇਦਾਰ ਹੀ ਅੰਤਿਮ ਸੰਸਕਾਰ ਮੌਕੇ ਆਏ ਸੀ। ਅਰਥੀ ਨੂੰ ਮੋਢਾ ਦੇਣ ਲਈ ਭਰਾ ਸਮੇਤ ਤਿੰਨ ਰਿਸ਼ਤੇਦਾਰ ਹੀ ਸਨ ਤਾਂ ਇਸ ਦੌਰਾਨ ਲੁਧਿਆਣਾ ਤੋਂ ਐਂਬੂਲੈਂਸ ’ਚ ਲਾਸ਼ ਲੈ ਕੇ ਆਉਣ ਵਾਲੇ ਵਿਅਕਤੀ ਨੇ ਅਰਥੀ ਚੁਕਾਈ।




ਗਗਨਦੀਪ ਦੀ ਐਕਟਿਵਾ ਸਰਕਾਰੀ ਹਸਪਤਾਲ ’ਚੋਂ ਮਿਲਣ ਦੀ ਚਰਚਾ

ਗਗਨਦੀਪ ਸਿੰਘ ਚਿੱਟੇ ਰੰਗ ਦੀ ਜਿਸ ਐਕਟਿਵਾ ਉਪਰ ਸਵਾਰ ਹੋ ਕੇ ਘਰੋਂ ਨਿਕਲਿਆ ਸੀ, ਉਹ ਐਕਟਿਵਾ ਲੁਧਿਆਣਾ ਸੀ. ਆਈ. ਏ. ਸਟਾਫ ਵੱਲੋਂ ਸਰਕਾਰੀ ਹਸਪਤਾਲ ਖੰਨਾ ’ਚੋਂ ਬਰਾਮਦ ਕਰਨ ਦੀ ਚਰਚਾ ਹੈ।

ਮਹਿਲਾ ਸਾਥੀ ਕਾਂਸਟੇਬਲ ਕੋਲੋਂ ਜਾਰੀ ਹੈ ਪੁੱਛਗਿੱਛ, ਹੋ ਰਹੇ ਅਹਿਮ ਖੁਲਾਸੇ

ਗਗਨਦੀਪ ਦੀ ਮਹਿਲਾ ਸਾਥੀ ਜੋ ਕਿ ਪੰਜਾਬ ਪੁਲਸ ਦੀ ਕਾਂਸਟੇਬਲ ਹੈ, ਕੋਲੋਂ ਪਹਿਲਾਂ ਸਦਰ ਥਾਣਾ ਖੰਨਾ ਵਿਖੇ ਲੰਬੀ ਪੁੱਛ–ਗਿੱਛ ਪੰਜਾਬ ਪੁਲਸ ਵਲੋਂ ਕੀਤੀ ਗਈ ਸੀ। ਐਤਵਾਰ ਦੀ ਸਵੇਰ ਨੂੰ ਇਸ ਕਾਂਸਟੇਬਲ ਨੂੰ ਪੁਲਸ ਅਧਿਕਾਰੀ ਲੁਧਿਆਣਾ ਵਿਖੇ ਐੱਨ. ਆਈ. ਏ. ਦੀ ਟੀਮ ਕੋਲ ਲੈ ਕੇ ਗਏ, ਜਿੱਥੇ ਹੁਣ ਐੱਨ. ਆਈ. ਏ. ਇਸ ਕਾਂਸਟੇਬਲ ਕੋਲੋਂ ਪੁੱਛਗਿੱਛ ਕਰ ਰਹੀ ਹੈ।

ਚਾਰ ਮਹੀਨੇ ਕਿੱਥੇ–ਕਿੱਥੇ ਰਿਹਾ ਗਗਨਦੀਪ, ਪਤਨੀ ਤੋਂ ਹੋਈ ਪੁੱਛਗਿੱਛ

ਸਤੰਬਰ ਦੌਰਾਨ ਜਮਾਨਤ ’ਤੇ ਰਿਹਾਅ ਹੋਣ ਮਗਰੋਂ ਬਾਹਰ ਆਇਆ ਗਗਨਦੀਪ ਸਿੰਘ ਆਖਰ ਚਾਰ ਮਹੀਨੇ ਦੌਰਾਨ ਕਿੱਥੇ–ਕਿੱਥੇ ਰਿਹਾ। ਇਹ ਪੁਛਗਿੱਛ ਐੱਨ. ਆਈ. ਏ. ਦੀ ਟੀਮ ਵੱਲੋਂ ਗਗਨਦੀਪ ਦੀ ਪਤਨੀ ਕੋਲੋਂ ਕੀਤੀ ਗਈ।

# ਲੁਧਿਆਣਾ ਬੰਬ ਧਮਾਕਾ : ਲਾਲਚ ਨੇ ਹੈੱਡ ਕਾਂਸਟੇਬਲ ਨੂੰ ਬਣਾਇਆ ਨਸ਼ਾ ਸਮੱਗਲਰ, ਜੇਲ ਪੁੱਜਣ ’ਤੇ ਅੱਤਵਾਦੀ

ਲੁਧਿਆਣਾ , (ਪੱਤਰ ਪ੍ਰੇਰਕ)– ਸਰਕਾਰੀ ਬੱਸ ਡਰਾਈਵਰ ਦੀ ਨੌਕਰੀ ਤੋਂ ਰਿਟਾਇਰਡ ਪਿਤਾ ਨੇ ਸੋਚਿਆ ਕਿ ਹੁਣ ਉਸ ਦਾ ਬੇਟਾ ਗਗਨਦੀਪ ਸਿੰਘ ਪੰਜਾਬ ਪੁਲਸ ਵਿਚ ਹੈੱਡ ਕਾਂਸਟੇਬਲ ਲੱਗ ਗਿਆ ਅਤੇ ਉਸ ਦੀ ਬਾਕੀ ਦੀ ਜ਼ਿੰਦਗੀ ਆਸਾਨੀ ਨਾਲ ਕੱਟ ਜਾਵੇਗੀ ਪਰ ਪਿਤਾ ਨੂੰ ਕੀ ਪਤਾ ਸੀ ਕਿ ਪੰਜਾਬ ਪੁਲਸ ਵਿਚ ਜਾਣ ਤੋਂ ਬਾਅਦ ਬੇਟਾ ਗਗਨਦੀਪ ਦਾ ਲਾਲਚ ਵੱਧ ਜਾਵੇਗਾ। 2011 ’ਚ ਪੰਜਾਬ ਪੁਲਸ ਵਿਚ ਕਾਂਸਟੇਬਲ ਭਰਤੀ ਹੋਇਆ ਗਗਨਦੀਪ ਸਿੰਘ ਪਹਿਲਾਂ ਤਾਂ ਈਮਾਨਦਾਰੀ ਨਾਲ ਨੌਕਰੀ ਕਰਦਾ ਰਿਹਾ ਪਰ ਜਿਵੇਂ–ਜਿਵੇਂ ਅੱਗੇ ਵਧਿਆ, ਉਸ ਦਾ ਲਾਲਚ ਵੀ ਵੱਧਦਾ ਗਿਆ। ਐੱਸ. ਪੀ. ਦਾ ਰੀਡਰ ਲੱਗਾ ਰਹਿਣ ’ਤੇ ਉਸ ਨੇ ਕਈ ਲੋਕਾਂ ਤੋਂ ਮੋਟੀ ਰਕਮ ਵੀ ਠੱਗੀ ਸੀ। ਇਸ ਤੋਂ ਬਾਅਦ ਉਸ ਦੀ ਬਤੌਰ ਥਾਣਾ ਸਦਰ ਵਿਚ ਮੁਨਸ਼ੀ ਤਾਇਨਾਤੀ ਹੋਈ ਸੀ। ਉਸ ਦੌਰਾਨ ਉਸ ਦੇ ਕੁਝ ਨਸ਼ਾ ਸਮੱਗਲਰਾਂ ਨਾਲ ਸਬੰਧ ਬਣ ਗਏ ਸਨ ਅਤੇ ਉਹ ਉਨ੍ਹਾਂ ਨਾਲ ਮਿਲ ਕੇ ਨਸ਼ਾ ਸਮੱਗਲਿੰਗ ਦਾ ਧੰਦਾ ਕਰਨ ਲੱਗ ਗਿਆ ਸੀ। ਕੁਝ ਹੀ ਸਮੇਂ ’ਚ ਮੋਟੇ ਪੈਸਿਆਂ ਨੇ ਉਸ ਦਾ ਲਾਲਚ ਇੰਨਾ ਵਧਾ ਦਿੱਤਾ ਸੀ ਕਿ ਖੁੱਲ੍ਹ ਕੇ ਨਸ਼ਾ ਸਮੱਗਲਿੰਗ ਕਰਨ ਲੱਗ ਗਿਆ ਸੀ। ਇਸ ਲਈ ਇਸ ਦੀ ਖੁਫੀਆ ਸੂਚਨਾ ਐੱਸ. ਟੀ. ਐੱਫ. ਕੋਲ ਪੁੱਜ ਗਈ ਸੀ ਅਤੇ ਐੱਸ. ਟੀ. ਐੱਫ. ਨੇ ਗਗਨਦੀਪ ਸਿੰਘ ਨੂੰ ਉਸ ਦੇ 2 ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਸੀ।

ਜੇਲ ਦੇ 2 ਸਾਲ ਦੇ ਸਫਰ ’ਚ ਬਣੇ ਖਾਲਿਸਤਾਨੀਆਂ ਨਾਲ ਸਬੰਧ

ਨਸ਼ਾ ਸਮੱਗਲਿੰਗ ਵਿਚ ਜੇਲ ਪੁੱਜੇ ਗਗਨਦੀਪ ਸਿੰਘ ਨੂੰ ਜਿਸ ਬੈਰਕ ’ਚ ਰੱਖਿਆ ਗਿਆ ਸੀ, ਉਥੇ ਉਸ ਦੇ ਸਬੰਧ ਖਾਲਿਸਤਾਨੀਆਂ ਨਾਲ ਬਣ ਗਏ, ਜਿਨ੍ਹਾਂ ਦੇ ਸਬੰਧ ਪਾਕਿਸਤਾਨ ਤੱਕ ਸਨ। ਜੇਲ ਦੇ 2 ਸਾਲ ਦੇ ਸਫਰ ’ਚ ਜਦੋਂ ਉਹ ਜ਼ਮਾਨਤ ’ਤੇ ਬਾਹਰ ਆਇਆ ਤਾਂ ਉਸ ਦਾ ਦਿਮਾਗ ਅੱਤਵਾਦੀ ਬਣ ਚੁੱਕਾ ਸੀ। ਇਸ ਲਈ ਜੇਲ ’ਚ ਤਿਆਰ ਹੋਏ ਬੰਬ ਧਮਾਕੇ ਦੇ ਪਲਾਨ ਨੂੰ ਅਮਲੀਜਾਮਾ ਪਹਿਨਾਉਣ ਲਈ ਜ਼ਮਾਨਤ ’ਤੇ ਬਾਹਰ ਆ ਕੇ ਉਸ ਨੇ ਕੰਮ ਸ਼ੁਰੂ ਕਰ ਦਿੱਤਾ ਸੀ। ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਬੰਬ ਧਮਾਕੇ ਲਈ ਉਸ ਨੂੰ ਮੋਟੀ ਰਕਮ ਮਿਲੀ ਸੀ ਅਤੇ ਹੋਰ ਵੀ ਮਿਲਣੀ ਸੀ। ਇੰਨਾ ਹੀ ਨਹੀਂ, ਮੁਲਜ਼ਮ ਗਗਨਦੀਪ ਜੇਲ ਦੇ ਅੰਦਰ ਰਹਿੰਦੇ ਹੋਏ ਵੀ ਕਈ ਨਸ਼ੇ ਦੀ ਖੇਪ ਇਧਰ–ਉਧਰ ਕਰ ਚੁੱਕਾ ਸੀ।



ਹਥਿਆਰਾਂ ਦਾ ਸ਼ੌਕੀਨ, ਪਰਿਵਾਰ ਨਾਲ ਲੜ ਕੇ ਬਣਵਾਇਆ ਸੀ ਬਾਂਹ ’ਤੇ ਟੈਟੂ

ਇਹ ਵੀ ਪਤਾ ਲੱਗਾ ਹੈ ਕਿ ਗਗਨਦੀਪ ਸਿੰਘ ਨੂੰ ਹਥਿਆਰਾਂ ਦਾ ਕਾਫੀ ਸ਼ੌਕ ਸੀ। ਉਸ ਨੇ ਹਥਿਆਰਾਂ ਦੇ ਨਾਲ ਕਾਫੀ ਫੋਟੋਆਂ ਖਿਚਵਾਈਆਂ ਹਨ। ਇਸ ਦੇ ਨਾਲ ਹੀ ਉਸ ਨੇ ਬਾਂਹ ’ਤੇ ਜਦੋਂ ਟੈਟੂ ਬਣਵਾਉਣਾ ਸੀ ਤਾਂ ਉਸ ਦੇ ਪਰਿਵਾਰ ਨੇ ਉਸ ਨੂੰ ਮਨ੍ਹਾ ਕੀਤਾ ਸੀ ਪਰ ਉਸ ਨੇ ਪਰਿਵਾਰ ਦੇ ਨਾਲ ਝਗੜਾ ਕਰ ਕੇ ਟੈਟੂ ਬਣਵਾਇਆ ਸੀ। ਅੱਜ ਉਸੇ ਟੈਟੂ ਦੇ ਸਹਾਰੇ ਉਸ ਦੀ ਪਛਾਣ ਹੋਈ ਸੀ।

ਪਹਿਲੀ ਮੰਜ਼ਿਲ ’ਤੇ ਬਣੀ ਕੋਰਟ ’ਤੇ ਸੁਣਵਾਈ, ਦੂਜੀ ’ਤੇ ਹੋਇਆ ਧਮਾਕਾ

ਮ੍ਰਿਤਕ ਗਗਨਦੀਪ ਸਿੰਘ ਦੀ ਪਹਿਲੀ ਮੰਜ਼ਿਲ ’ਤੇ ਬਣੀ ਅਦਾਲਤ ’ਚ ਸੁਣਵਾਈ ਸੀ ਪਰ ਉਸ ਨੇ ਦੂਜੀ ਮੰਜ਼ਿਲ ’ਤੇ ਬੰਬ ਧਮਾਕਾ ਕੀਤਾ ਸੀ। ਇਸ ਲਈ ਦੂਜੀ ਮੰਜ਼ਿਲ ’ਤੇ ਧਮਾਕਾ ਕਈ ਸਵਾਲ ਖੜ੍ਹੇ ਕਰ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਗਗਨਦੀਪ ਸਿੰਘ ਨੇ ਬੰਬ ਕਿਤੇ ਹੋਰ ਪਲਾਂਟ ਕਰਨਾ ਸੀ ਪਰ ਜਦੋਂ ਉਹ ਦੂਜੀ ਮੰਜ਼ਿਲ ’ਤੇ ਬਣੇ ਬਾਥਰੂਮ ਵਿਚ ਉਸ ਬੰਬ ਨੂੰ ਅਸੈਂਬਲ ਕਰ ਰਿਹਾ ਸੀ ਤਾਂ ਅਚਾਨਕ ਧਮਾਕਾ ਹੋ ਗਿਆ। ਹਾਲਾਂਕਿ ਸੂਤਰਾਂ ਦਾ ਕਹਿਣਾ ਹੈ ਕਿ ਇਸ ਧਮਾਕੇ ’ਚ ਸਿਰਫ ਗਗਨਦੀਪ ਸਿੰਘ ਸ਼ਾਮਲ ਨਹੀਂ ਹੈ, ਉਸ ਦੇ ਨਾਲ ਕਈ ਹੋਰ ਵਿਅਕਤੀ ਵੀ ਸ਼ਾਮਲ ਹੋ ਸਕਦੇ ਹਨ। ਪੁਲਸ ਸੀ. ਸੀ. ਟੀ. ਵੀ. ਕੈਮਰੇ ਚੈੱਕ ਕਰ ਰਹੀ ਹੈ। ਕੁਝ ਫੁਟੇਜ ’ਚ ਪੁਲਸ ਨੂੰ ਸ਼ੱਕੀ ਲੋਕ ਵੀ ਨਜ਼ਰ ਆਏ ਹਨ, ਜਿਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ।

ਆਰ. ਡੀ. ਐੱਕਸ. ਦੀ ਹੋਈ ਵਰਤੋਂ, ਪਾਈਪਲਾਈਨ ਫਟਣ ਨਾਲ ਵਹਿ ਗਈ ਧਮਾਕਾਖੇਜ ਸਮੱਗਰੀ

ਮੁੱਢਲੀ ਜਾਂਚ ਵਿਚ ਇਹ ਵੀ ਪਤਾ ਲੱਗਾ ਹੈ ਕਿ ਧਮਾਕੇ ’ਚ ਆਰ. ਡੀ. ਐੱਕਸ. ਵਰਤੀ ਗਈ ਹੈ। ਜਦੋਂ ਧਮਾਕਾ ਹੋਇਆ ਤਾਂ ਬਾਥਰੂਮ ’ਚ ਲੱਗਾ ਪਾਣੀ ਦਾ ਪਾਈਪ ਟੁੱਟ ਗਿਆ ਸੀ ਅਤੇ ਪਾਣੀ ਵਹਿਣ ਲੱਗਾ ਸੀ, ਜਿਸ ਕਾਰਨ ਕਾਫੀ ਮਾਤਰਾ ਵਿਚ ਧਮਾਕਾਖੇਜ ਸਮੱਗਰੀ ਪਾਣੀ ਵਿਚ ਵਹਿ ਗਈ ਸੀ। ਇਸ ਤੋਂ ਇਲਾਵਾ ਟਿਫਿਨ ਬੰਬ ਹੋਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਰਿਹਾ। ਹਾਲਾਂਕਿ ਇਸ ਦੀ ਅਜੇ ਪੁਸ਼ਟੀ ਨਹੀਂ ਹੋਈ ਹੈ।

ਗਗਨ ਨੂੰ ਬੰਬ ਡਿਲੀਵਰ ਕਰਨ ਵਾਲਿਆਂ ਦੀ ਭਾਲ ’ਚ ਏਜੰਸੀਆਂ

ਜਾਂਚ ਵਿਚ ਸਭ ਤੋਂ ਵੱਡੀ ਚੁਣੌਤੀ ਹੈ ਕਿ ਆਖਿਰ ਕਿਸ ਨੇ ਗਗਨ ਨੂੰ ਬੰਬ ਡਿਲੀਵਰ ਕੀਤਾ ਸੀ। ਏਜੰਸੀਆਂ ਦੀ ਜਾਂਚ ਇਸ ਵੱਲ ਚੱਲ ਰਹੀ ਹੈ ਕਿ ਗਗਨ ਬੰਬ ਕਿੱਥੋਂ ਲੈ ਕੇ ਆਇਆ ਸੀ, ਉਸ ਨੂੰ ਇਹ ਬੰਬ ਕਿਸ ਨੇ ਦਿੱਤਾ ਸੀ ਅਤੇ ਗਗਨ ਉਸ ਨੂੰ ਪੁਲਸ ਦੀਆਂ ਨਜ਼ਰਾਂ ਤੋਂ ਬਚਾ ਕੇ ਕਿਵੇਂ ਕਚਹਿਰੀ ਕੰਪਲੈਕਸ ਤੱਕ ਪੁੱਜ ਗਿਆ ਸੀ। ਉਸ ਦੇ ਨਾਲ ਇਸ ਵਿਚ ਕੌਣ–ਕੌਣ ਸ਼ਾਮਲ ਹੈ ਅਤੇ ਉਸ ਦਾ ਅਸਲ ਮਕਸਦ ਕੀ ਸੀ। ਇਹ ਸਾਰੇ ਸਵਾਲਾਂ ਦਾ ਅਜੇ ਜਵਾਬ ਨਹੀਂ ਮਿਲ ਸਕਿਆ ਹੈ।

# ਰਿਟਰਨਿੰਗ ਅਫਸਰ ਵਲੋਂ ਆਗਾਮੀ ਚੋਣਾਂ ਤਹਿਤ ਇਲੈੱਕਸਨ ਐਕਸਪੈਂਡੀਚਰ ਟੀਮਾਂ ਨੂੰ ਦਿੱਤੀ ਸਿਖਲਾਈ

ਬਸੀ ਪਠਾਨਾਂ, (ਪੱਤਰ ਪ੍ਰੇਰਕ)– ਮਾਨਯੋਗ ਚੋਣ ਕਮਿਸਨ ਪੰਜਾਬ ਤੇ ਜਲ੍ਹਿਾ ਚੋਣ ਅਫਸਰ ਕਮ ਡਿਪਟੀ ਕਮਿਸਨਰ ਪੂਨਮਦੀਪ ਕੌਰ ਵਲੋਂ 2022 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜਰ ਦਿੱਤੇ ਨਿਰਦੇਸਾਂ ਅਨੁਸਾਰ ਰਿਟਰਨਿੰਗ ਅਫਸਰ 054 ਬਸੀ ਪਠਾਨਾਂ ਕਮ ਐਸ.ਡੀ.ਐਮ ਯਸਪਾਲ ਸਰਮਾ ਦੀ ਅਗਵਾਈ ਹੇਠ ਅੱਜ ਆਈ.ਟੀ.ਆਈ ਬਸੀ ਪਠਾਨਾਂ ਕਾਨਫਰੰਸ ਹਾਲ ’ਚ ਵਿਸੇਸ ਸਿਖਲਾਈ ਕੈਂਪ ਲਗਾਇਆ ਗਿਆ . ਜਿਸ ਦੌਰਾਨ ਇਲੈੱਕਸਨ ਐਕਸਪੈਂਡੀਚਰ ਟੀਮਾਂ ਨੂੰ ਭਾਰਤੀ ਚੋਣ ਕਮਿਸਨ ਦੀਆਂ ਹਦਾਇਤਾਂ ਅਨੁਸਾਰ ਤੀਜੇ ਰਾਊਡ ਦੀ ਸਿਖਲਾਈ ਦਿੱਤੀ ਗਈ . ਰਿਟਰਨਿੰਗ ਅਫਸਰ–ਕਮ–ਐਸ.ਡੀ.ਐਮ ਬਸੀ ਪਠਾਨਾਂ ਯਸਪਾਲ ਸਰਮਾ ਵਲੋਂ ਸਮੂਹ ਟੀਮਾਂ ਨੂੰ ਸੀ–ਵਿਜਲ ਐਪ ਤੇ ਮਾਡਲ ਕੋਡ ਆਫ ਕੰਡੱਕਟ ਸਬੰਧੀ ਵਿਸਥਾਰ ’ਚ ਸਮਝਾਇਆ ਗਿਆ, ਇਸ ਮੌਕੇ ਚੋਣ ਕਮਿਸਨ ਵਲੋਂ ਤਾਇਨਾਤ ਸਹਾਇਕ ਖਰਚਾ ਅਬਜਰਵਰ ਕੰਚਨ ਵਿਨਾਇਕ ਵਲੋਂ ਸਮੂਹ ਟੀਮਾਂ ਨੂੰ ਚੋਣਾਂ ਤਹਿਤ ਕੀਤੇ ਜਾਣ ਵਾਲੇ ਖਰਚਿਆਂ ਦੇ ਲੇਖਾ–ਜੋਖਾ, ਸਰਵੀਲੈਂਸ ਟੀਮਾਂ ਨੂੰ ਉਨ੍ਹਾਂ ਦੇ ਕੰਮ ਕਾਜ ਬਾਰੇ ਜਾਣਕਾਰੀ ਦਿੱਤੀ ਗਈ . ਇੰਦਰਜੀਤ ਸਿੰਘ ਅਤੇ ਸਚਿਨ ਧੀਮਾਨ ਮਾਸਟਰ ਟ੍ਰੇਨਰ ਵਲੋਂ ਸਮੂਹ ਟੀਮਾਂ ਨੂੰ ਸੀ–ਵਿਜਲ ਐਪ ਦੀ ਤਕਨੀਕੀ ਜਾਣਕਾਰੀ ਦਿੱਤੀ ਗਈ . ਇਸ ਮੌਕੇ ਅਵਤਾਰ ਸਿੰਘ ਜੰਗੂ ਸਹਾਇਕ ਰਿਟਰਨਿੰਗ ਅਫਸਰ ਬਸੀ ਪਠਾਣਾਂ, ਪਰਮਜੀਤ ਸਿੰਘ, ਗੁਰਸੇਵਕ ਸਿੰਘ, ਪੰਕਜ ਪਾਠਕ ਨਾਲ ਚੋਣ ਅਮਲੇ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਵੀ ਹਾਜਰ ਸਨ .

# ਪੰਜਾਬ ’ਚ ‘ਚੋਣਾਂ’ ਨੂੰ ਲੈ ਕੇ ਜਨਵਰੀ ਦੇ ਪਹਿਲੇ ਹਫਤੇ ਹੋਵੇਗਾ ਫੈਸਲਾ, ਸਖਤ ਕਦਮ ਚੁੱਕ ਸਕਦੈ ਚੋਣ ਕਮਿਸ਼ਨ

ਚੰਡੀਗੜ੍ਹ , (ਸੁਰਿੰਦਰ ਸਿੰਘ)–ਪੰਜਾਬ ਅਤੇ ਉੱਤਰ ਪ੍ਰਦੇਸ਼ ਸਮੇਤ 5 ਸੂਬਿਆਂ ’ਚ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਜਨਵਰੀ ਦੇ ਪਹਿਲੇ ਹਫਤੇ ਫੈਸਲਾ ਲਿਆ ਜਾ ਸਕਦਾ ਹੈ। ਚੋਣ ਕਮਿਸ਼ਨਰ ਨੇ ਉਨ੍ਹਾਂ ਸੂਬਿਆਂ ਦੀ ਪੂਰੀ ਰਿਪੋਰਟ ਮੰਗੀ ਹੈ, ਜਿੱਥੇ ਸਾਲ 2022 ’ਚ ਚੋਣਾਂ ਹੋਣੀਆਂ ਹਨ। ਇਨ੍ਹਾਂ ਸੂਬਿਆਂ ’ਚ ਓਮੀਕ੍ਰੋਨ ਦੇ ਮਾਮਲਿਆਂ ਅਤੇ ਵੈਕਸੀਨੇਸ਼ਨ ਦੀ ਡਿਟੇਲਸ ਦੇਣੀ ਹੈ। ਨਾਲ ਹੀ ਇਹ ਦੱਸਣਾ ਹੈ ਕਿ ਇਨ੍ਹਾਂ ਸੂਬਿਆਂ ’ਚ ਕੇਂਦਰ ਸੂਬਿਆਂ ਦੇ ਨਾਲ ਮਿਲ ਕੇ ਕੀ ਕੰਮ ਕਰ ਰਿਹਾ ਹੈ। ਇਸ ਰਿਪੋਰਟ ਦੇ ਆਧਾਰ ’ਤੇ ਜਨਵਰੀ ਦੇ ਪਹਿਲੇ ਹਫਤੇ ’ਚ ਬੈਠਕ ਹੋਵੇਗੀ।ਇਸ ਤੋਂ ਬਾਅਦ ਹੀ ਚੋਣਾਂ ਨੂੰ ਲੈ ਕੇ ਨੋਟੀਫਿਕੇਸ਼ਨ ਜਨਵਰੀ ’ਚ ਜਾਰੀ ਹੋ ਸਕਦਾ ਹੈ। ਹਾਲਾਂਕਿ, ਮਾਹਿਰਾਂ ਦਾ ਦਾਅਵਾ ਹੈ ਕਿ ਕੁੱਝ ਹੀ ਦਿਨਾਂ ’ਚ ਓਮੀਕ੍ਰੋਨ ਦੇ ਰੂਪ ’ਚ ਕੋਰੋਨਾ ਦੀ ਤੀਜੀ ਲਹਿਰ ਵੀ ਆ ਸਕਦੀ ਹੈ। ਲਿਹਾਜਾ ਚੋਣ ਕਮਿਸ਼ਨ ਕੁੱਝ ਸਖਤ ਕਦਮ ਚੁੱਕ ਸਕਦਾ ਹੈ। ਚੋਣਾਂ ਤੋਂ ਪਹਿਲਾਂ ਸੂਬਿਆਂ ਦੀ ਸਥਿਤੀ ਨੂੰ ਸਮਝ ਕੇ ਇਸ ਦਾ ਫੈਸਲਾ ਕੀਤਾ ਜਾਵੇਗਾ। ਸੂਤਰਾਂ ਮੁਤਾਬਕ ਓਮੀਕ੍ਰੋਨ ਨੂੰ ਲੈ ਕੇ ਕੇਂਦਰੀ ਸਿਹਤ ਸਕੱਤਰ ਦੀ ਰਿਪੋਰਟ ਤੋਂ ਬਾਅਦ ਸੰਭਵ ਹੈ ਕਿ ਚੋਣ ਕਮਿਸ਼ਨ ਕੋਵਿਡ ਪ੍ਰੋਟੋਕਾਲ ਦੀ ਸਖਤੀ ਨਾਲ ਪਾਲਣਾ ਕਰਨ ਦਾ ਹੁਕਮ ਦੇਵੇ।ਵੱਡੀਆਂ ਰੈਲੀਆਂ ’ਤੇ ਰੋਕ ਲਾ ਦਿੱਤੀ ਜਾਵੇ। ਵਰਚੁਅਲ ਅਤੇ ਡੋਰ–ਟੂ–ਡੋਰ ਕੈਂਪੇਨ ਦੀ ਇਜਾਜਤ ਮਿਲੇ। ਚੋਣ ਪ੍ਰਚਾਰ ਦੇ ਤਰੀਕਿਆਂ ’ਚ ਬਦਲਾਅ ਦੇ ਨਾਲ ਮਾਸਕ ਅਤੇ ਦੋ ਗਜ ਦੀ ਦੂਰੀ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾ ਸਕਦਾ ਹੈ।




ਸੋਮਵਾਰ ਨੂੰ ਚੋਣ ਕਮਿਸ਼ਨ ਦੀ ਹੋਈ ਮੀਟਿੰਗ ਤੋਂ ਸੰਕੇਤ ਇਹੀ ਮਿਲ ਰਹੇ ਹਨ ਕਿ ਓਮੀਕ੍ਰੋਨ ਕਾਰਨ ਇਹ ਚੋਣਾਂ ਟਾਲੀਆਂ ਨਹੀਂ ਜਾਣਗੀਆਂ, ਇਹ ਤੈਅ ਸਮੇਂ ’ਤੇ ਹੀ ਹੋਣਗੀਆਂ। ਹਾਲਾਂਕਿ, ਹੁਣ ਜਨਵਰੀ ਦੇ ਪਹਿਲੇ ਹਫ਼ਤੇ ’ਚ ਦੁਬਾਰਾ ਮੀਟਿੰਗ ਹੋਵੇਗੀ, ਇਸ ਤੋਂ ਬਾਅਦ ਆਖਰੀ ਫੈਸਲਾ ਹੋ ਸਕਦਾ ਹੈ।

## ‘ਆਮ ਆਦਮੀ ਪਾਰਟੀ’ ਨੇ ਭਾਜਪਾ ’ਤੇ ਲਾਇਆ ਵੱਡਾ ਇਲਜਾਮ, ਦਿੱਤੀ ਇਹ ਚਿਤਾਵਨੀ

ਚੰਡੀਗੜ੍ਹ , (ਸੁਰਿੰਦਰ ਸਿੰਘ)–ਆਮ ਆਦਮੀ ਪਾਰਟੀ ਪੰਜਾਬ ਦੇ ਸਹਿ ਇੰਚਾਰਜ ਰਾਘਵ ਚੱਢਾ ਨੇ ਭਾਰਤੀ ਜਨਤਾ ਪਾਰਟੀ ’ਤੇ ਵੱਡੇ ਦੋਸ਼ ਲਾਉਂਦੇ ਹੋਏ ਕਿਹਾ ਹੈ ਕਿ ਜਦੋਂ ਤੋਂ ਚੰਡੀਗੜ੍ਹ ’ਚ ਆਮ ਆਦਮੀ ਪਾਰਟੀ ਦੇ 14 ਕੌਂਸਲਰ ਜਿੱਤੇ ਹਨ, ਉਦੋਂ ਤੋਂ ਭਾਜਪਾ ਨੇ ਖਰੀਦ–ਫਰੋਖਤ ਸ਼ੁਰੂ ਕਰ ਦਿੱਤੀ ਹੈ। ਰਾਘਵ ਚੱਢਾ ਨੇ ਕਿਹਾ ਕਿ ਭਾਜਪਾ ਦੇ ਵੱਡੇ–ਵੱਡੇ ਕੇਂਦਰੀ ਮੰਤਰੀ ਉਨ੍ਹਾਂ ਦੀ ਪਾਰਟੀ ਦੇ ਲੋਕਾਂ ਨੂੰ ਫੋਨ ਕਰਕੇ ਇਹ ਕਹਿ ਰਹੇ ਹਨ ਕਿ ਉਹ ਉਨ੍ਹਾਂ ਨੂੰ ਗ੍ਰਹਿ ਮੰਤਰੀ ਨਾਲ ਮਿਲਾ ਸਕਦੇ ਹਨ ਜਾਂ ਜੇ. ਪੀ. ਨੱਢਾ ਨਾਲ ਮੁਲਾਕਾਤ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਉਕਤ ਭਾਜਪਾ ਆਗੂ ਉਨ੍ਹਾਂ ਦੀ ਪਾਰਟੀ ਦੇ ਲੋਕਾਂ ਨੂੰ ਪੈਸੇ ਅਤੇ ਅਹੁਦੇ ਦਾ ਲਾਲਚ ਦੇ ਕੇ ਭਰਮਾਉਣ ਦੀ ਕੋਸ਼ਿਸ਼ ਕਰ ਰਹੇ ਹਨ ਉਨ੍ਹਾਂ ਨੇ ਪੰਜਾਬ ਭਾਜਪਾ ਦੇ ਇੰਚਾਰਜ ਗਜੇਂਦਰ ਸ਼ੇਖਾਵਤ ’ਤੇ ਵੱਡਾ ਇਲਜਾਮ ਲਾਉਂਦੇ ਹੋਏ ਕਿਹਾ ਕਿ ਉਹ ਖੁਦ ਇਸ ਸਾਰੇ ਮਾਮਲੇ ’ਚ ਸ਼ਾਮਲ ਹਨ ਅਤੇ ਸਾਡੇ ਲੋਕਾਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਨੇ ਭਾਜਪਾ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਭਾਜਪਾ ਨੂੰ ਅਜਿਹੀ ਗੰਦੀ ਸਿਆਸਤ ਬੰਦ ਕਰ ਦੇਣੀ ਚਾਹੀਦੀ ਹੈ। ਇਸ ਨੂੰ ਪੰਜਾਬ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਰਾਘਵ ਚੱਢਾ ਨੇ ਕਿਹਾ ਕਿ ਅਸੀਂ ਪਾਰਟੀ ਦੇ ਲੋਕਾਂ ਦੀਆਂ ਆਡੀਓ ਕਾਲਾਂ ਰਿਕਾਰਡ ਕਰਾਂਗੇ ਅਤੇ ਸੀਕਰੇਟ ਕੈਮਰਿਆਂ ਰਾਹੀਂ ਸਭ ਕੁੱਝ ਰਿਕਾਰਡ ਕਰਕੇ ਜਨਤਕ ਕੀਤਾ ਜਾਵੇਗਾ। ਰਾਘਵ ਚੱਢਾ ਨੇ ਕਿਹਾ ਕਿ ਚੰਡੀਗੜ੍ਹ ’ਚ ਬੀਤੇ ਦਿਨ ਜਿੱਤ ਹਾਸਲ ਕਰਨ ਵਾਲੇ 3 ਕੌਂਸਲਰਾਂ ਦੇ ਘਰ ਭਾਜਪਾ ਆਗੂ ਰਾਤ ਦੇ ਹਨ੍ਹੇਰੇ ਦੌਰਾਨ ਪਹੁੰਚੇ ਹਨ ਅਤੇ ਉਨ੍ਹਾਂ ’ਚੋਂ 2 ਲੋਕਾਂ ਨੂੰ 50–50 ਲੱਖ ਅਤੇ ਇਕ ਨੂੰ 75 ਲੱਖ ਰੁਪਏ ਦਾ ਆਫਰ ਦੇਣ ਦੀ ਕੋਸ਼ਿਸ਼ ਕੀਤੀ।ਉਨ੍ਹਾਂ ਕਿਹਾ ਕਿ ਭਾਜਪਾ ਦੀਆਂ ਅਜਿਹੀਆਂ ਹਰਕਤਾਂ ਸਾਹਮਣੇ ਆਉਣ ਤੋਂ ਬਾਅਦ ਹੁਣ ਪਾਰਟੀ ਚੌਕੰਨੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸ ਮਾਮਲੇ ’ਚ ਕੋਈ ਕਾਨੂੰਨੀ ਧਾਰਾ ਲੱਗਦੀ ਹੋਈ ਤਾਂ ਉਹ ਚੋਣ ਕਮਿਸ਼ਨ ਤੋਂ ਲੈ ਕੇ ਅਦਾਲਤ ਤੱਕ ਵੀ ਜਾਣਗੇ। ਉਨ੍ਹਾਂ ਕਿਹਾ ਕਿ ਅਸੀਂ ਜਨਤਾ ਦੀ ਅਦਾਲਤ ’ਚ ਭਾਜਪਾ ਦਾ ਅਸਲ ਚਿਹਰਾ ਸਾਹਮਣੇ ਲਿਆਉਣਾ ਚਾਹੁੰਦੇ ਹਾਂ। ਉਨ੍ਹਾਂ ਕਿਹਾ ਕਿ ਭਾਜਪਾ ਕੋਲ ਬੇਸ਼ੁਮਾਰ ਪੈਸਾ ਹੈ ਅਤੇ ਆਪਣੀ ਦੌਲਤ ਦੀ ਬਦੌਲਤ ਹੀ ਭਾਜਪਾ ਹੁਣ ਸਾਡੇ ਲੋਕਾਂ ਨੂੰ ਖਰੀਦਣ ਦੀ ਕੋਸ਼ਿਸ਼ ਕਰ ਰਹੀ ਹੈ।ਇਸ ਮੌਕੇ ਕਾਂਗਰਸ ਵਿਧਾਇਕ ਫਤਿਹਜੰਗ ਬਾਜਵਾ ਦੇ ਭਾਜਪਾ ’ਚ ਸ਼ਾਮਲ ਹੋਣ ’ਤੇ ਤਿੱਖਾ ਹਮਲਾ ਕਰਦਿਆਂ ਰਾਘਵ ਚੱਢਾ ਨੇ ਕਿਹਾ ਕਿ ਚੋਣਾਂ ਨੇੜੇ ਆਉਂਦੇ–ਆਉਂਦੇ ਕਾਂਗਰਸ ’ਚ ਸਿਰਫ 2–3 ਵਿਧਾਇਕ ਹੀ ਰਹਿ ਜਾਣਗੇ ਅਤੇ ਵੱਡੇ–ਵੱਡੇ ਮੰਤਰੀ ਅਤੇ ਵਿਧਾਇਕ ਸਭ ਪਾਰਟੀ ਛੱਡ ਦੇਣਗੇ। ਰਾਘਵ ਚੱਢਾ ਨੇ ਕਿਹਾ ਕਿ ਪੰਜਾਬ ’ਚ ਕਾਂਗਰਸ ਖਤਮ ਹੋਣ ਦੀ ਕਗਾਰ ’ਤੇ ਹੈ ਅਤੇ ਉਹ ਪੰਜਾਬ ਦੀ ਜਨਤਾ ਨੂੰ ਕਹਿਣਾ ਚਾਹੁੰਦੇ ਹਨ ਕਿ ਕਾਂਗਰਸ ਨੂੰ ਵੋਟ ਦੇ ਕੇ ਆਪਣੀ ਵੋਟ ਬਰਬਾਦ ਨਾ ਕਰਨ।



# ਅਸਤੀਫਾ ਦੇਣ ਦੀ ਬਜਾਏ ਕਾਂਗਰਸ ਵਲੋਂ ਕਾਰਵਾਈ ਕਰਨ ਦੀ ਉਡੀਕ ਵਿਚ ਪਰਨੀਤ ਕੌਰ



ਲੁਧਿਆਣਾ , (ਪੱਤਰ ਪ੍ਰੇਰਕ)– ਮੁੱਖ ਮੰਤਰੀ ਅਹੁਦੇ ਤੋਂ ਹਟਾਉਣ ਦੇ ਵਿਰੋਧ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਤੋਂ ਬਗਾਵਤ ਕਰਕੇ ਨਵੀਂ ਪਾਰਟੀ ਦਾ ਗਠਨ ਕਰ ਲਿਆ ਹੈ ਪਰ ਇਸ ਦੇ ਕਾਫੀ ਦੇਰ ਬਾਅਦ ਵੀ ਉਨ੍ਹਾਂ ਦੀ ਪਤਨੀ ਪਰਨੀਤ ਕੌਰ ਨੇ ਕਾਂਗਰਸ ਤੋਂ ਅਸਤੀਫਾ ਦੇਣ ਜਾਂ ਕੈਪਟਨ ਦੀ ਪਾਰਟੀ ਜੁਆਇਨ ਕਰਨ ਨੂੰ ਲੈ ਕੇ ਕੋਈ ਫੈਸਲਾ ਨਹੀਂ ਲਆ ਹੈ। ਹਾਲਾਂਕਿ ਇਕ ਵਾਰ ਪਰਨੀਤ ਕੌਰ ਵਲੋਂ ਪਟਿਆਲਾ ਦੇ ਕਾਂਗਰਸ ਕੌਸਲਰਾਂ ਨਾਲ ਕੈਪਟਨ ਨਾਲ ਮੁਲਾਕਾਤ ਕਰਨ ਦੀ ਵੀਡੀਓ ਜਰੂਰ ਸਾਹਮਣੇ ਆਈ ਸੀ ਪਰ ਉਨ੍ਹਾਂ ਨੇ ਕੈਪਟਨ ਦੀ ਪਾਰਟੀ ਦੀਆਂ ਗਤੀਵਿਧੀਆਂ ਵਿਚ ਖੁੱਲ੍ਹੇਆਮ ਹਿੱਸਾ ਨਹੀਂ ਲਿਆ ਹੈ।ਇਸੇ ਤਰ੍ਹਾਂ ਪਰਨੀਤ ਕੌਰ ਨੇ ਪਟਿਆਲਾ ਵਿਚ ਹੋ ਰਹੀ ਕਾਂਗਰਸ ਦੀ ਮੀਟਿੰਗ ਤੋਂ ਵੀ ਦੂਰੀ ਬਣਾਈ ਹੋਈ ਹੈ। ਜਿਸ ਨੂੰ ਲੈ ਕੇ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਚੌਧਰੀ ਵਲੋਂ ਪਰਨੀਤ ਕੌਰ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਵਿਚ ਨੋਟਿਸ ਵੀ ਜਾਰੀ ਕੀਤਾ ਸੀ ਪਰ ਕਾਫੀ ਦੇਰ ਬਾਅਦ ਤਕ ਉਸ ਸੰਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਮੁੱਦੇ ’ਤੇ ਮੀਡੀਆ ਵਲੋਂ ਪੁੱਛੇ ਗਏ ਸਵਾਲਾਂ ਦਾ ਕੈਪਟਨ ਤੋਂ ਇਲਾਵਾ ਉਨ੍ਹਾਂ ਦੇ ਬਟੇ ਰਣਇੰਦਰ ਸਿੰਘ ਤੇ ਬੇਟੀ ਜੈਇੰਦਰ ਕੌਰ ਵਲੋਂ ਕੋਈ ਸਪੱਸ਼ਟ ਜਾਵਬ ਨਹੀਂ ਦਿੱਤਾ ਜਾ ਰਿਹਾ। ਸਿਆਸੀ ਜਾਣਕਾਰਾਂ ਮੁਤਾਬਕ ਕਾਂਗਰਸ ਤੇ ਪਰਨੀਤ ਕੌਰ ਦੋਵੇਂ ਹੀ ਇਕ ਦੂਜੇ ਦੇ ਫੈਸਲੇ ਦਾ ਇੰਤਜਾਰ ਕਰ ਰਹੇ ਹਨ ਕਿਉਂਕਿ ਕਾਂਗਰਸ ਵਲੋਂ ਪਰਨੀਤ ਕੌਰ ਖਲਿਾਫ ਕਾਰਵਾਈ ਕਰਨ ਤੋਂ ਸਾਂਸਦਾਂ ਦੀ ਗਿਣਤੀ ਘੱਟ ਜਾਵੇਗੀ ਅਤੇ ਪਰਨੀਤ ਕੌਰ ਵਲੋਂ ਅਸਤੀਫਾ ਦੇਣ ਨਾਲ ਉਨ੍ਹਾਂ ਦੀ ਮੈਂਬਰਸ਼ਿਪ ਨੂੰ ਖਤਰਾ ਪੈਦਾ ਹੋ ਸਕਦਾ ਹੈ। ਇਸ ਦੇ ਮੱਦੇਨਜਰ ਪਰਨੀਤ ਕੌਰ ਖੁਦ ਅਸਤੀਫਾ ਦੇਣ ਦੀ ਬਜਾਏ ਕਾਂਗਰਸ ਵਲੋਂ ਕਾਰਵਾਈ ਕਰਨ ਦਾ ਇੰਤਜਾਰ ਵਿਚ ਹਨ, ਜਿਸ ਤੋਂ ਬਾਅਦ ਉਨ੍ਹਾਂ ਨੂੰ ਕੈਪਟਨ ਦੇ ਭਾਜਪਾ ਨਾਲ ਹੋਏ ਗਠਜੋੜ ਦੇ ਤਹਿਤ ਕੇਂਦਰ ਸਰਕਾਰ ਵਿਚ ਮੰਤਰੀ ਬਣਾਏ ਜਾਣ ਦੀ ਚਰਚਾ ਵੀ ਸੁਨਣ ਨੂੰ ਮਿਲ ਰਹੀ ਹੈ।

## ਹੈਰੀ ਹੰਡੇਸਰਾ ਨੂੰ ਯੂਥ ਕਾਂਗਰਸ ਦਾ ਪ੍ਰਧਾਨ ਬਣਾਇਆ

ਲਾਲੜੂ , (ਪੱਤਰ ਪ੍ਰੇਰਕ)–ਹੰਡੇਸਰਾ ਸਰਕਲ ’ਚ ਸਰਗਰਮ ਨੌਜਵਾਨ ਕਾਂਗਰਸੀ ਆਗੂ ਮਨਦੀਪ ਸਿੰਘ ਉਰਫ਼ ਹੈਰੀ ਹੰਡੇਸਰਾ ਨੂੰ ਅੱਜ ਹੰਡੇਸਰਾ ’ਚ ਇੱਕ ਪ੍ਰੋਗਰਾਮ ਦੌਰਾਨ ਯੂਥ ਕਾਂਗਰਸ ਹੰਡੇਸਰਾ ਦਾ ਪ੍ਰਧਾਨ ਬਣਾਇਆ ਗਿਆ ਹੈ। ਹੈਰੀ ਨੂੰ ਪ੍ਰਧਾਨਗੀ ਸਬੰਧੀ ਪੱਤਰ ਅੱਜ ਸੀਨੀਅਰ ਕਾਂਗਰਸੀ ਆਗੂ ਤੇ ਨਗਰ ਕੌਂਸਲ ਜ਼ੀਰਕਪੁਰ ਦੇ ਪ੍ਰਧਾਨ ਉਦੇਵੀਰ ਢਿੱਲੋਂ ਨੇ ਸੌਂਪਿਆ। ਇਸ ਮੌਕੇ ਢਿੱਲੋਂ ਨੇ ਕਿਹਾ ਕਿ ਹੈਰੀ ਨੂੰ ਇਹ ਅਹੁਦਾ ਉਸ ਵੱਲੋਂ ਕਾਂਗਰਸ ’ਚ ਤਹਿ ਦਿਲੋਂ ਕੰਮ ਕਰਨ ਲਈ ਦਿੱਤਾ ਗਿਆ ਹੈ। ਇਸ ਮੌਕੇ ਉਦੇਵੀਰ ਨੇ ਦੱਸਿਆ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਇਲਾਕੇ ਲਈ 25 ਕਰੋੜ ਰੁਪਏ ਜਾਰੀ ਕੀਤੇ ਗਏ ਹਨ, ਜੋ ਪੰਚਾਇਤਾਂ–ਕੌਂਸਲਾਂ ਨੂੰ ਵੰਡੇ ਜਾ ਰਹੇ ਹਨ।

ਦੂਜੇ ਪਾਸੇ ਹੈਰੀ ਹੰਡੇਸਰਾ ਨੇ ਆਪਣੀ ਇਸ ਨਿਯੁਕਤੀ ਲਈ ਢਿੱਲੋਂ ਪਰਿਵਾਰ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਉਹ ਦੀਪਇੰਦਰ ਢਿੱਲੋਂ ਤੇ ਉਦੇਵੀਰ ਸਿੰਘ ਢਿੱਲੋਂ ਵੱਲੋਂ ਦਿੱਤੀ ਇਸ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਉਹ ਹਲਕੇ ’ਚ ਕਾਂਗਰਸ ਤੇ ਢਿੱਲੋਂ ਪਰਿਵਾਰ ਦੀ ਮਜ਼ਬੂਤੀ ਲਈ ਤਹਿ ਦਿਲੋਂ ਕੰਮ ਕਰਨਗੇ। ਇਸ ਮੌਕੇ ਜ਼ਿਲ੍ਹਾ ਪ੍ਰੀਸਦ ਮੈਂਬਰ ਕਰਨੈਲ ਸਿੰਘ ਹਮਾਂਯੂਪੁਰ, ਕੁਲਦੀਪ ਸਿੰਘ, ਨੈਬ ਸਿੰਘ, ਜਿੰਦਰ ਤੁਰਕਾ ਤੇ ਪ੍ਰਤਾਪ ਰਾਣਾ ਸਮੇਤ ਸਰਕਲ ਦੇ ਵੱਡੀ ਗਿਣਤੀ ਕਾਂਗਰਸੀ ਸਰਪੰਚ ਹਾਜ਼ਰ ਸਨ।

## ਚੰਡੀਗੜ੍ਹ ਨਿਗਮ ਚੋਣਾਂ ਦੇ ਨਤੀਜਿਆਂ ਨੂੰ ਲੈ ਕੇ ‘ਆਪ’ ਦੇ ਵਰਕਰਾਂ ’ਚ ਖੁਸ਼ੀ ਦੀ ਲਹਿਰ

ਮੰਡੀ ਗੋਬਿੰਦਗੜ੍ਹ, (ਪੱਤਰ ਪ੍ਰੇਰਕ)–ਆਮ ਆਦਮੀ ਪਾਰਟੀ ਦੇ ਸੂਬਾ ਜੁਆਇੰਟ ਸਕੱਤਰ (ਟਰੇਡ ਵਿੰਗ) ਓਂਕਾਰ ਸਿੰਘ ਚੌਹਾਨ ਨੇ ਕਿਹਾ ਕਿ ਚੰਡੀਗੜ੍ਹ ਨਗਰ ਨਿਗਮ ਦੀਆਂ ਚੋਣਾਂ ’ਚ ਹੋਈ ਵੱਡੀ ਜਿੱਤ ਤੋਂ ਇਹ ਸਾਫ ਹੋ ਗਿਆ ਹੈ ਕਿ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ’ਚ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਹੀ ਸਰਕਾਰ ਬਣਾਉਣਗੇ, ਕਿਉਂਕਿ ਸੂਬੇ ਦੇ ਲੋਕ ਰਵਾਇਤੀ ਪਾਰਟੀਆਂ ਤੋਂ ਤੰਗ ਆ ਚੁੱਕੇ ਹਨ . ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਚੌਹਾਨ ਨੇ ਅੱਜ ਸਥਾਨਕ ਮੋਤੀਆ ਖਾਨ ਸਥਿਤ ਪਾਰਟੀ ਵਰਕਰਾਂ ਨਾਲ ਰੱਖੀ ਇਕ ਮੀਟਿੰਗ ਦੇ ਦੌਰਾਨ ਚੰਡੀਗੜ੍ਹ ਨਗਰ ਨਿਗਮ ਦੀਆਂ ਚੋਣਾਂ ’ਚ ਆਮ ਆਦਮੀ ਪਾਰਟੀ ਦੀ ਹੋਈ ਵੱਡੀ ਜਿੱਤ ਦੀ ਖੁਸੀ ਦਾ ਪ੍ਰਗਟਾਵਾ ਕਰਦਿਆਂ ਕੀਤਾ . ਇਸ ਮੌਕੇ ’ਤੇ ਕਨੂ ਸਰਮਾ, ਰਜਿੰਦਰ ਧੀਮਾਨ, ਸੁਖਵਿੰਦਰ ਸਿੰਘ ਬੇਦੀ, ਯਸਪਾਲ ਸਰਮਾ ਤੇ ਸੇਵਾ ਸਿੰਘ ਵੀ ਮੌਜੂਦ ਸਨ .

## ਸਿੱਖਿਆ, ਭਲਾਈ ਸਕੀਮਾਂ ਨਾਲ ਸਬੰਧਤ ਵਿਭਾਗਾਂ ਨੂੰ ਨਵੇਂ ਵੋਟਰਾਂ ਦੀ ਪਛਾਣ ਕਰਕੇ ਰਜਿਸਟਰ ਕਰਵਾਉਣ ਦੀ ਅਪੀਲ




ਚੰਡੀਗੜ੍ਹ , (ਸੁਰਿੰਦਰ ਸਿੰਘ)–ਪੰਜਾਬ ਦੇ ਮੁੱਖ ਚੋਣ ਅਧਿਕਾਰੀ (ਸੀਈਓ) ਡਾ. ਐੱਸ. ਕਰੁਣਾ ਰਾਜੂ ਨੇ ਅੱਜ ਵਿਦਿਆਰਥੀਆਂ ਅਤੇ ਭਲਾਈ ਸਕੀਮਾਂ ਦੇ ਲਾਭਪਾਤਰੀਆਂ ਨਾਲ ਸਬੰਧਤ ਵੱਖ–ਵੱਖ ਵਿਭਾਗਾਂ ਨੂੰ ਅਪੀਲ ਕੀਤੀ ਕਿ ਉਹ 18 ਸਾਲ ਉਮਰ ਦੇ ਨਵੇਂ ਵੋਟਰਾਂ ਦੀ ਪਛਾਣ ਕਰਕੇ ਉਨ੍ਹਾਂ ਦੀ ਰਜਿਸਟ੍ਰੇਸ਼ਨ ਕਰਨ ਵਿਚ ਉਨ੍ਹਾਂ ਦੀ ਮਦਦ ਕਰਨ ਤਾਂ ਜੋ ਯੋਗ ਵੋਟਰਾਂ ਦੀ 100 ਫ਼ੀਸਦ ਰਜਿਸਟ੍ਰੇਸ਼ਨ ਨੂੰ ਯਕੀਨੀ ਬਣਾਇਆ ਜਾ ਸਕੇ। ਸੀ. ਈ. ਓ. ਡਾ. ਰਾਜੂ ਅੱਜ ਆਪਣੇ ਦਫਤਰ ਵਿਖੇ ਵਧੀਕ ਸੀ. ਈ. ਓ. ਅਮਿਤ ਕੁਮਾਰ ਨਾਲ ਤਕਨੀਕੀ ਸਿੱਖਿਆ, ਰੁਜਗਾਰ ਉਤਪਤੀ, ਖੇਡਾਂ, ਮੈਡੀਕਲ ਸਿੱਖਿਆ, ਸਿਹਤ ਤੇ ਪਰਿਵਾਰ ਭਲਾਈ, ਸਕੂਲ ਸਿੱਖਿਆ, ਉਚੇਰੀ ਸਿੱਖਿਆ, ਕਿਰਤ ਵਿਭਾਗ ਅਤੇ ਸਮਾਜਿਕ ਨਿਆਂ ਸਕਤੀਕਰਨ ਆਦਿ ਸਮੇਤ ਵੱਖ–ਵੱਖ ਵਿਭਾਗਾਂ ਦੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਜਕਿਰਯੋਗ ਹੈ ਕਿ ਸੀ. ਈ. ਓ. ਨੇ 21 ਦਸੰਬਰ ਨੂੰ ਨਵੇਂ ਵੋਟਰਾਂ ਦੀ ਪਛਾਣ ਲਈ ਤਿੰਨ ਮੈਂਬਰੀ ਕਮੇਟੀ ਦਾ ਗਠਨ ਵੀ ਕੀਤਾ ਸੀ ਸੀ. ਈ. ਓ. ਡਾ. ਰਾਜੂ ਨੇ ਕਿਹਾ ਕਿ ਇਨ੍ਹਾਂ ਵਿਭਾਗਾਂ ਕੋਲ ਨੌਜਵਾਨ ਵੋਟਰਾਂ ਦਾ ਸਾਰਾ ਡਾਟਾ ਮੌਜੂਦ ਹੈ ਅਤੇ ਇਹ ਵਿਭਾਗ ਸੀ. ਈ. ਓ. ਦਫਤਰ ਨਾਲ ਮਿਲ ਕੇ ਵੱਧ ਤੋਂ ਵੱਧ ਯੋਗ ਵੋਟਰਾਂ ਦੀ ਰਜਿਸਟ੍ਰੇਸ਼ਨ ਕਰਨ ਵਿਚ ਮਦਦ ਕਰ ਸਕਦੇ ਹਨ। ਉਨ੍ਹਾਂ ਨੇ ਇਨ੍ਹਾਂ ਵਿਭਾਗਾਂ ਦੇ ਨੁਮਾਇੰਦਿਆਂ ਨੂੰ ਵੱਧ ਤੋਂ ਵੱਧ ਨਵੇਂ ਵੋਟਰਾਂ ਦੀ ਰਜਿਸਟ੍ਰੇਸ਼ਨ ਲਈ ਉਪਰਾਲੇ ਕਰਨ ਦੀ ਹਦਾਇਤ ਕੀਤੀ। ਸੀ. ਈ. ਓ. ਦਫਤਰ ਵੱਲੋਂ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੰਦਿਆਂ, ਡਾ. ਰਾਜੂ ਨੇ ਕਿਹਾ ਕਿ ਉਹ ਹਰੇਕ ਸਬੰਧਤ ਯੂਨਿਟ ਲਈ ਬਲਾਕ ਪੱਧਰੀ ਅਫਸਰ (ਬੀ.ਐਲ.ਓਜ) ਤਾਇਨਾਤ ਕਰਨਗੇ ਤਾਂ ਜੋ ਨਵੇਂ ਵੋਟਰਾਂ ਨੂੰ ਆਪਣੀ ਵੋਟ ਰਜਿਸਟਰ ਕਰਨ ਸਮੇਂ ਕਿਸੇ ਕਿਸਮ ਦੀ ਪਰੇਸਾਨੀ ਦਾ ਸਾਹਮਣਾ ਨਾ ਕਰਨਾ ਪਵੇ ਉਨ੍ਹਾਂ ਨੇ ਇਨ੍ਹਾਂ ਵਿਭਾਗਾਂ ਨੂੰ 1 ਜਨਵਰੀ 2002 ਤੋਂ 31 ਦਸੰਬਰ 2003 ਦਰਮਿਆਨ ਪੈਦਾ ਹੋਣ ਵਾਲਿਆਂ ਦਾ ਡਾਟਾ ਮੁਹੱਈਆ ਕਰਵਾਉਣ ਦੇ ਨਿਰਦੇਸ ਵੀ ਦਿੱਤੇ ਤਾਂ ਜੋ ਉਨ੍ਹਾਂ ਦਾ ਪਤਾ ਲਗਾਇਆ ਜਾ ਸਕੇ ਅਤੇ ਫੋਟੋ ਵੋਟਰ ਕਾਰਡ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਕ ਵਾਰ ਸਾਰਾ ਡਾਟਾ ਇਕੱਠਾ ਹੋਣ ਉਪਰੰਤ, ਇਸ ਦੀ ਚੰਗੀ ਤਰ੍ਹਾਂ ਜਾਂਚ ਕੀਤੀ ਜਾਵੇਗੀ। ਦੱਸਣਯੋਗ ਹੈ ਕਿ ਯੋਗ ਵਿਅਕਤੀ ਐਂਡਰਾਇਡ ਅਤੇ ਆਈ. ਓ. ਐਸ ’ਤੇ ਉਪਲਬਧ ਵੋਟਰ ਹੈਲਪਲਾਈਨ ਐਪਲੀਕੇਸਨ ਦੀ ਵਰਤੋਂ ਕਰਕੇ ਆਪਣਾ ਵੋਟਰ ਕਾਰਡ ਬਣਾ ਸਕਦੇ ਹਨ।